

ਉਜਾਰੋ ਦੀਪਾ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਕੀ ਕਿੱਥੇ

ਸਮਰਪਣ

ਸਮੇਂ ਦੇ ਮਹਾਨ ਕੀਰਤਨੀਏ ਅਤੇ ਵਿਦਵਾਨ ਵਿਆਖਿਆਕਾਰ
ਸਵਰਗੀ ਭਾਈ ਅਰਜਨ ਸਿੰਘ ਜੀ (ਦਾਸ ਦੇ ਨਾਨਾ ਜੀ)
ਜਿਨ੍ਹਾਂ ਨੇ ਗੋਦੀ ਬਿਠਾ ਬਚਪਨ ਤੋਂ ਹੀ ਕੀਰਤਨ ਅਤੇ
ਗੁਰੂ ਸ਼ਬਦ ਦੀ ਵਿਆਖਿਆ ਦੀ ਮੁੱਢਲੀ ਸਿੱਖਿਆ
ਦਿੱਤੀ, ਜਿਸ ਸਦਕਾ ਸਟੇਜ 'ਤੇ ਦਾਸ ਨੇ ਪਹਿਲਾ
ਕੀਰਤਨ ਬੇਦੀ ਸਾਹਿਬ (ਊਨਾ ਸਾਹਿਬ) ਵਲੋਂ
ਹੋ ਰਹੇ ਸਮਾਗਮ ਵਿਖੇ 9 ਸਾਲ ਦੀ ਉਮਰੇ
1949 ਵਿੱਚ ਗੁਰੂ ਸੰਗਤਾਂ ਦੀ ਵੱਡੀ
ਇਕੱਤ੍ਰਤਾ ਵਿੱਚ ਕੀਤਾ।

ਉਜਾਰੋ ਦੀਪਾ

- ਪ੍ਰੋ. ਦਰਸ਼ਨ ਸਿੰਘ ਖ਼ਾਲਸਾ

SIKH FOUNDATION
Presentation

Ujaro Deepa

by

Prof. Darshan Singh Khalsa

ਪਹਿਲੀ ਵਾਰ : ਮਾਰਚ 2001

ਲੇਖਕ :
ਪ੍ਰੋ. ਦਰਸ਼ਨ ਸਿੰਘ ਖ਼ਾਲਸਾ
ਕੀਰਤਨ ਵਿੱਲਾ, ਪਖੋਵਾਲ ਰੋਡ, ਲੁਧਿਆਣਾ, ਪੰਜਾਬ
ਫੋਨ: 91-161-806636, 806544, 806844
E-mail: d_singhsahib@yahoo.com

ਸਹਾਇਕ : ਬਲਜੀਤ ਸਿੰਘ, ਇੰਦਰਜੀਤ ਸਿੰਘ

ਫੋਟੋਗ੍ਰਾਫ : ਗੁਰਮੀਤ ਸਿੰਘ, ਗਗਨਦੀਪ ਸਿੰਘ, ਤੇਜਪਾਲ ਸਿੰਘ, ਹਰਜੋਤ ਸ਼ਾਹ ਸਿੰਘ

ਮੁੱਖ ਵਿਕ੍ਰੇਤਾ :
ਸਿੱਖ ਥਾਟ : RZ-106, ਇੰਦਰਾ ਪਾਰਕ, ਈਸਟ ਉੱਤਮ ਨਗਰ, ਨਵੀਂ ਦਿੱਲੀ-110059
ਫੋਨ : 5641344

ਪ੍ਰਕਾਸ਼ਕ, ਛਾਪਕ ਅਤੇ ਡਿਜ਼ਾਇਨ :
ਸਿੱਖ ਫਾਊਂਡੇਸ਼ਨ : A-35, ਲਾਜਪਤ ਨਗਰ-1, ਨਵੀਂ ਦਿੱਲੀ-110024
ਫੋਨ : 91-011-6842816, 5707096 E-mail: sf1999@rediffmail.com

ਪੁਸਤਕ ਲਈ ਸੰਪਰਕ ਕਰੋ :

India	-	Delhi - S. Devinder Singh - Tel: 91-011-564 1344
Canada	-	S. Devinder Pal Singh - Tel: 001-905-799 6412
U.K.	-	S. Harjinder Singh - Tel: 0044-189 525 8300
U.S.A.	-	S. Bir Ishwar Singh Grewal - Tel: 001-909-735 2945
		S. Gajinder Shah Singh - Tel: 001- 818- 991 0968

ਭੂਮਿਕਾ

"ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥"

ਬੜੇ ਸਾਲਾਂ ਤੋਂ ਗੁਰਬਾਣੀ ਕੀਰਤਨ ਦੇ ਪਿਆਰ ਵਾਲੀਆਂ ਸਿੱਖ ਸੰਗਤਾਂ ਦਾਸ ਨੂੰ ਪ੍ਰੇਰਨਾ ਦੇ ਰਹੀਆਂ ਸਨ ਕਿ ਗੁਰਬਾਣੀ ਦੀ ਰੌਸ਼ਨੀ ਵਿੱਚ ਗੁਰੂ ਦੇ ਬਖਸ਼ੇ ਜੋ ਵੀਚਾਰ ਸੰਗਤਾਂ ਨਾਲ ਸਾਂਝੇ ਕਰਦਾ ਹਾਂ, ਉਹ ਕਲਮਬੰਦ ਕਰਕੇ ਕਿਤਾਬ ਦਾ ਰੂਪ ਦੇਵਾਂ ਤਾਂਕਿ ਸਾਂਭੇ ਰਹਿ ਸਕਣ। ਕਰੀਬ ਵੀਹ ਸਾਲ ਪਹਿਲਾਂ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਪੁਸਤਕ ਵਾਲਿਆਂ ਨੇ ਬਹੁਤ ਜ਼ੋਰ ਪਾਇਆ ਤੇ ਇਥੋਂ ਤਕ ਆਖਿਆ ਕਿ ਜੇ ਲਿਖਣ ਵਿੱਚ ਕੋਈ ਦਿੱਕਤ ਆਉਂਦੀ ਹੋਵੇ ਤਾਂ ਅਸੀਂ ਇਕ ਸਿੰਘ ਹਮੇਸ਼ਾ ਵਾਸਤੇ ਤੁਹਾਡੇ ਕੋਲ ਛੱਡ ਦਿੰਦੇ ਹਾਂ ਜੋ ਲਿੱਖਦਾ ਰਹੇਗਾ। ਪਰ ਬਸ, ਦੇਸਾਂ-ਪਰਦੇਸਾਂ ਦੇ ਰੋਜ਼ ਦੇ ਸਫਰ ਕਾਰਣ ਇਸ ਪੱਖੋਂ ਆਲਸ ਚਲਦਾ ਰਿਹਾ। ਪਿਛਲੇ ਕੁਝ ਸਾਲਾਂ ਤੋਂ ਕਈ ਗੁਰੂ ਸਵਾਰੇ ਸਿੱਖ ਵਿਦਵਾਨ ਵੀਰਾਂ ਵੱਲੋਂ ਵੀ ਇਸੇ ਕਾਰਜ ਲਈ ਪਿਆਰ ਭਰੀ ਪ੍ਰੇਰਨਾ ਅਤੇ ਦੇਰ ਹੋਣ ਦਾ ਮਿੱਠਾ ਨਿਹੋਰਾ ਵੀ ਮਿਲਦਾ ਰਿਹਾ।

ਪਿਛਲੇ ਸਾਲ ਗੋਡੇ ਦਾ ਆਪ੍ਰੇਸ਼ਨ ਹੋਇਆ ਤਾਂ ਡਾਕਟਰ ਵਲੋਂ ਤਿੰਨ-ਚਾਰ ਮਹੀਨੇ ਸਫਰ ਕਰਨ ਅਤੇ ਚੌਕੜੀ ਮਾਰਕੇ ਬੈਠਣ 'ਤੇ ਰੋਕ ਲਾ ਦਿੱਤੀ ਗਈ, ਸੋ ਘਰ ਬੈਠਣ ਦੇ ਸਮੇਂ ਦਾ ਲਾਭ ਲੈਂਦਿਆਂ ਅਤੇ ਵੀਰਾਂ ਵਲੋਂ ਮਿਲੇ ਉੱਦਮ ਉਤਸ਼ਾਹ ਸਦਕਾ ਕੁਝ ਲਿੱਖਣ ਲਈ ਕਲਮ ਚੁੱਕੀ। ਕਲਮ ਦਾ ਵਿਸ਼ਾ ਸਤਿਗੁਰੂ ਵਲੋਂ ਬਖਸ਼ਿਆ ਧਰਮ ਸਿਧਾਂਤ ਸੀ। ਮਨ ਸੋਚੀਂ ਪੈ

ਗਿਆ ਕਿ ਧਰਮ ਕੋਈ ਕੇਵਲ ਪੜ੍ਹਣ-ਪੜ੍ਹਾਉਣ ਦਾ ਵਿਸ਼ਾ ਨਹੀਂ ਹੈ, ਇਹ ਤਾਂ ਜੀਵ ਦੇ ਧੁਰ ਅੰਦਰ ਇਕ ਰਸ ਚਲਣ ਵਾਲੀ ਇਕ ਜੀਵਨ ਰੌਂ ਹੈ ਜਿਹੜੀ ਮਰਯਾਦਾ ਦੇ ਕਿਨਾਰਿਆਂ ਦੀ ਸੀਮਾ ਵਿੱਚ ਰਹਿ ਕੇ ਬੇ-ਰੋਕ ਟੋਕ ਆਪਣੇ ਪਿਆਰੇ ਪ੍ਰਭੂ ਦੇ ਮਿਲਾਪ ਦੀ ਮੰਜ਼ਿਲ ਵੱਲ ਵੱਧਦੀ ਹੈ ਅਤੇ ਜਦੋਂ ਮੰਜ਼ਿਲ 'ਤੇ ਪਹੁੰਚ ਕੇ ਨਜ਼ਰੀ ਪੈਂਦਾ ਹੈ ਕਿ "**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ**" ਖਾਲਕ ਖਲਕ ਵਿਚ ਹੀ ਵੱਸਦਾ ਹੈ ਅਤੇ ਆਵਾਜ਼ ਦਿੰਦਾ ਹੈ "**ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ**"। ਫਿਰ ਇਉਂ ਸਰਬੱਤ ਦੇ ਭਲੇ ਦੀ ਅਵਸਥਾ ਰੂਪਮਾਨ ਹੁੰਦੀ ਹੈ ਅਤੇ ਇਹੋ ਹੀ ਧਰਮ ਤੇ ਧਰਮੀ ਦਾ ਰੂਪ ਸਰੂਪ ਹੈ। ਗੁਰੂ ਨੇ ਦੇਖਿਆ :

"**ਖਤਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥**
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥"

ਅਕਸਰ ਹਰ ਪਾਸੇ ਸੱਚ ਧਰਮ ਦੀ ਜੀਵਨ-ਰੌਂ ਰੁੱਕ ਰਹੀ ਹੈ। ਬਹੁਤੇ ਧਰਮੀ ਅਖਵਾਉਣ ਵਾਲੇ ਲੋਕ ਭੀ ਧਰਮ ਦੇ ਨਾਮ ਹੇਠ ਫੋਕਟ ਕਰਮ ਜਾਂ ਭਰਮ ਹੀ ਪਾਲ ਰਹੇ ਹਨ। ਬਲਕਿ ਧਰਮ ਨਾਮ ਹੇਠ ਅਧਰਮ, ਕੁਕਰਮ (ਪਾਪ) ਹੋ ਰਹੇ ਹਨ। ਕੇਵਲ ਬ੍ਰਾਹਮਣ ਹੀ ਦਾਨ ਦਾ ਅਧਿਕਾਰੀ ਹੈ ਆਖ ਕੇ ਕਿਰਤੀ ਮਨੁੱਖ ਦੀ ਲਹੂ ਪਸੀਨੇ ਦੀ ਕਮਾਈ ਲੁੱਟੀ ਜਾ ਰਹੀ ਹੈ, ਬ੍ਰਹਮ ਭੋਗ ਦੀ ਪਵਿੱਤਰਤਾ ਅਤੇ ਅਧਿਕਾਰ ਦੱਸ ਕੇ ਬਹੂ-ਬੇਟੀਆਂ ਦੀ ਆਬਰੂ ਲੁੱਟੀ ਜਾ ਰਹੀ ਹੈ -

"**ਜੇ ਜਾਣਸਿ ਬ੍ਰਹਮੰ ਕਰਮੰ ॥**
ਸਭਿ ਫੋਕਟ ਨਿਸਚਉ ਕਰਮੰ ॥"

ਸਤਿਗੁਰੂ ਰੱਬੀ ਬਾਣੀ ਰਾਹੀਂ ਸੰਸਾਰ ਦੇ ਜੀਵਨ ਰੌਂ ਵਿਚ ਬਸ ਸੱਚ ਧਰਮ ਹੀ ਚਲਾਉਣ ਆਏ ਸਨ।

"**ਜਹਾ ਤਹਾ ਤੈ ਧਰਮੁ ਚਲਾਇ।**
ਕਬੁਧਿ ਕਰਨ ਤੇ ਲੋਕ ਹਟਾਇ।"

ਧਰਮ ਕਰਮ ਪੂਰੇ ਸਤਿਗੁਰ ਹੀ ਪਾਈ ਹੈ।

ਪਰ ਅੱਜ ਅਸੀਂ ਦੇਖ ਰਹੇ ਹਾਂ ਜਿੱਥੇ ਸੰਸਾਰ ਰੂਪੀ ਹਰਿ ਕੇ ਬਾਗਰੇ ਵਿੱਚ ਗੁਣ ਸਰੂਪ ਗੁਰੂ ਸ਼ਬਦ ਦੇ ਫੁੱਲਾਂ ਦੀ ਫੁਲਵਾੜੀ ਖਿੜ ਰਹੀ ਹੈ, ਓਥੇ ਸਾਡੀ ਆਪੋ-ਆਪਣੀ ਮਨ ਮੱਤ ਵਿਚੋਂ ਆਪੇ ਪੈਦਾ ਹੋਏ ਈਰਖਾ ਦੁਵੈਅਤ ਲੋਭ ਮੋਹ ਹੰਕਾਰ ਝੂਠ ਬਖੀਲੀ ਰੂਪੀ ਲੇਹ ਅਤੇ ਭਖੜੇ ਦੇ ਕੰਡੇ ਭੀ ਖਿਲਰ ਗਏ ਹਨ ਜਿਨ੍ਹਾਂ ਨੇ ਜੀਵਨ ਪੰਧ ਮੁਹਾਲ ਕਰ ਦਿੱਤਾ ਹੈ ਅਤੇ ਮੁੜ ਜੀਵਨ ਵਿੱਚ ਧਰਮ ਦੀ ਰੌਂ (ਗਤੀ) ਰੁੱਕ ਰਹੀ ਹੈ।

"**ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥**
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥"

ਇਸ ਲਈ ਇਸ ਪਹਿਲੀ ਪੁਸਤਕ ਵਿੱਚ ਗੁਰਮਤਿ ਗੁਰਬਾਣੀ ਦਾ 'ਉਜਾਰੋ ਦੀਪਾ' ਹੱਥ ਵਿੱਚ ਲੈਕੇ ਅੱਜ ਦੇ ਮਨੁੱਖ ਨੂੰ ਜਿੱਥੇ ਗੁਰਮਤਿ ਸਿਧਾਂਤ ਦੇ ਫੁੱਲਾਂ ਦੀ ਖ਼ੂਬਸੂਰਤੀ ਦਿਖਾਉਣਾ ਚਾਹੁੰਦਾ ਹਾਂ, ਉੱਥੇ ਉਸਦੇ ਅਪਣੇ ਹਥੀਂ ਵਿਹੜੇ ਵਿੱਚ ਖਿਲਾਰੇ ਕੰਡਿਆਂ ਦੀ ਪਛਾਣ ਕਰਾਉਣ

ਦੀ ਵੀ ਕੋਸ਼ਿਸ਼ ਕੀਤੀ ਹੈ। ਜੇ ਰਾਹਿ ਰਾਸ ਦੇ ਪਾਂਧੀਆਂ ਨੂੰ ਪ੍ਰਵਾਨ ਚੜ੍ਹ ਜਾਵੇ ਤਾਂ ਇਹ ਘਾਲਣਾ ਸਫਲ ਸਮਝਾਂਗਾ।

ਆਖਰ 'ਚ ਹੋਈਆਂ ਅਨੇਕਾਂ ਭੁੱਲਾਂ ਲਈ ਖਿਮਾ ਮੰਗਦਾ ਹਾਂ।

ਗੁਰੂ ਸੰਗਤਾਂ ਦਾ ਦਾਸ,

ਦਰਸ਼ਨ ਸਿੰਘ 'ਖ਼ਾਲਸਾ'
ਸਾਬਕਾ ਜੱਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ

20-2-2001

ਮੁੱਖ ਬੰਦ

ਨਿਮਾਣਿਆਂ ਨੂੰ ਮਾਣ ਦੇਣ ਦੀ ਮੁੱਢ ਕਦੀਮ ਤੋਂ ਚਲੀ ਆਉਂਦੀ ਗੁਰਮੁਖ ਪੰਥ ਦੀ ਰੀਤ ਅਨੁਸਾਰ ਸਿੰਘ ਸਾਹਿਬ ਨੇ ਮੈਨੂੰ ਇਸ ਅਸਾਧਾਰਣ ਕਿਤਾਬ ਦਾ 'ਮੁੱਖ ਬੰਦ' ਲਿੱਖਣ ਦਾ ਹੁਕਮ ਕੀਤਾ। ਜੇ ਮੈਂ ਸਮਝਾਂ ਕਿ ਖ਼ਾਲਸੇ ਦੇ ਜਗਤ ਪ੍ਰਸਿੱਧ ਕੀਰਤਨੀਏ, ਪ੍ਰਮੁੱਖ ਵਿਆਖਿਆਕਾਰ ਅਤੇ ਨਿਧੱੜਕ ਜਰਨੈਲ ਨੇ ਮੇਰੀ ਕਿਸੇ ਵਿਦਵਤਾ ਨੂੰ ਮੁੱਖ ਰੱਖ ਕੇ ਮੈਨੂੰ ਅਜਿਹਾ ਕਰਨ ਲਈ ਕਿਹਾ ਤਾਂ ਇਹ ਨਿਹਾਇਤ ਮੇਰੀ ਨਾਦਾਨੀ ਹੋਵੇਗੀ। ਹੁਕਮ ਮੰਨਦੇ ਵਕਤ ਮੇਰੇ ਮਨ ਉੱਤੇ ਵੀ, ਹੋਰ ਸਭ ਪੱਖਾਂ ਨਾਲੋਂ, ਸਿੰਘ ਸਾਹਿਬ ਨੂੰ ਲੇਖਕ ਦੇ ਨਵੇਂ ਨਕੋਰ ਜਾਮੇ ਵਿਚ ਘੋਖਣ ਸਮਝਣ ਦੀ ਰੀਝ ਹੀ ਸਭ ਤੋਂ ਵੱਧ ਭਾਰੂ ਸੀ।

ਜ਼ਾਹਰ ਹੈ ਕਿ ਮੈਨੂੰ ਨਿਰਾਸ਼ ਨਹੀਂ ਹੋਣਾ ਪਿਆ।

ਨਵੇਂ ਲੇਖਕ ਹੁੰਦਿਆਂ ਵੀ ਸਿੰਘ ਸਾਹਿਬ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਬੱਚੇ-ਬੱਚੇ ਨੂੰ ਯਾਦ ਹੈ ਕਿ ਅੰਤਾਂ ਦੇ ਬਿਖੜੇ ਸਮੇਂ ਇਹ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੇ ਤੌਰ ਉੱਤੇ, ਇੱਕ ਨਿੱਗਰ ਕੌਮੀ ਥੰਮ੍ਹ ਬਣ ਕੇ ਉਭਰੇ ਸਨ। ਮਨੋਹਰ ਕੀਰਤਨ, ਦਿਲ ਟੁੰਬਵੇ ਜਜ਼ਬਾਤਾਂ ਅਤੇ ਅਕੱਟ ਦਲੀਲਾਂ ਨਾਲ ਇਹਨਾਂ ਹਰ ਥਾਂ ਫੇਰਾ ਪਾ ਕੇ ਸੰਗਤਾਂ ਦੇ ਉਚਾਟ ਮਨਾਂ ਨੂੰ ਧਰਵਾਸ ਬਨਾਇਆ ਸੀ। ਇਹ ਉਹ ਸਮਾਂ ਸੀ, ਜਦੋਂ ਕਿ ਮੌਜੂਦਾ ਦੇਸ਼ ਦੇ ਘੱਲੂਘਾਰੇ ਤੋਂ ਬਾਅਦ ਆਧੁਨਿਕ ਸਟੇਟ ਦੀ ਮੁਗ਼ਲਾਈ ਬਰਬਰੀਅਤ ਨੇ ਸਾਰੇ ਪੰਜਾਬ ਨੂੰ ਆਤੰਕਿਤ ਕੀਤਾ

ਹੋਇਆ ਸੀ। ਗੁਰਬਾਣੀ ਦੀ ਇੱਕ ਅਦਭੁਤ ਆਦਿ ਸ਼ਕਤੀ ਨੂੰ ਇਹਨਾਂ ਨੇ ਨਵੇਂ ਪਰਿਪੇਖ ਵਿਚ ਖ਼ੂਬ ਪ੍ਰਗਟ ਕੀਤਾ ਸੀ।

ਇਹ ਉਹ ਸਮਾਂ ਸੀ ਜਦੋਂ ਕਿ ਅਖੌਤੀ ਪੰਥਕ ਆਗੂ, ਹਰ ਦਿਲ ਅਜ਼ੀਜ਼ ਸੰਤ ਬਾਬਾ ਜਰਨੈਲ ਸਿੰਘ ਜੀ ਸ਼ਹੀਦ ਨੂੰ ਬੱਲਦੀ ਦੇ ਬੂਥੇ ਦੇ ਕੇ ਆਪ ਸਰਕਾਰੀ ਰੈਸਟ ਹਾਊਸਾਂ ਵਿੱਚ ਸਰਕਾਰੀ ਖਰਚੇ ਉੱਤੇ ਆਰਾਮ ਫਰਮਾ ਰਹੇ ਸਨ ਅਤੇ ਕੌਮ ਦੀ ਹੋਣੀ ਦੇ ਸੌਦੇ ਕਰ ਰਹੇ ਸਨ। ਕੌਮ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ ਰਿਹਾ। ਪੰਜਾਬ ਨੂੰ ਮੁਰਦਾ ਜਾਣ ਕੇ ਤਾਮਸਿਕ, ਸਾਂਤਵਿਕ ਗਿੱਦੜਾਂ ਦੇ ਝੁੰਡ ਦੂਰ-ਦੂਰ ਹਿੰਦੋਸਤਾਨ ਤੋਂ ਵਹੀਰਾਂ ਘੱਤ ਕੇ ਪਹੁੰਚ ਰਹੇ ਸਨ ਤਾਂ ਕਿ ਉਹ ਸਭ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਕਰ ਸਕਣ। ਟੁੱਟੇ-ਭੱਜੇ ਨੇਤਾਵਾਂ ਤੋਂ ਲੈ ਕੇ ਰੰਗ ਬਿਰੰਗੇ ਅਭਿਨੇਤਾ ਅਤੇ ਜਟਾਜੂਟ ਸਫੇਦਪੋਸ਼ ਸਾਧੂ ਪੰਥਾਂ, ਨਾਂਗਿਆਂ, ਜੈਨੀਆਂ ਸਭ ਦੀ ਮੰਜ਼ਿਲ ਅੰਮ੍ਰਿਤਸਰ ਸੀ। ਕੋਈ ਪਦਯਾਤਰਾ ਕਰ ਕੇ ਪਹੁੰਚ ਰਿਹਾ ਸੀ ਤੇ ਕੋਈ ਆਕਾਸ਼ ਮਾਰਗ ਤੋਂ ਉਤਰ ਰਿਹਾ ਸੀ।

ਸਭ ਦਾ ਖਿਆਲ ਇਹ ਸੀ ਕਿ ਪੰਜਾਬ ਦੇ ਬਾਕੀ ਜਿਉਂਦਿਆਂ ਨੂੰ ਤਰਕ ਨਾਲ ਸਮਝਾਈਏ ਕਿ ਉਹ ਹਿੰਦੋਸਤਾਨ ਦੀ ਮਹਾਂਸ਼ਕਤੀ ਅੱਗੇ ਗੋਡੇ ਟੇਕ ਦੇਣ ਅਤੇ ਜਾਨ ਦੀ ਖੈਰ ਮੰਗਣ। ਉਸ ਵੇਲੇ ਸਿੰਘ ਸਾਹਿਬ, ਗੁਰੂ ਨਾਨਕ ਪਾਤਸ਼ਾਹ ਹਜ਼ੂਰ ਦੇ ਸਿੰਘ ਬਣ ਕੇ ਬੁਕੇ ਅਤੇ ਸ੍ਰੀ ਅਕਾਲ ਤਖ਼ਤ ਦੇ ਨਵੇਂ ਮੁਨਾਰੇ ਤੋਂ ਇਹਨਾਂ ਉਹ ਸਿੰਘਨਾਦ ਕੀਤਾ ਜਿਸ ਨੂੰ ਸੁਣ ਕੇ 'ਸੁਨ ਮੁਨ ਨਗਰੀ ਭਈ' ਅਤੇ ਧਾੜਾਂ ਨੂੰ ਭੇਜਣ ਵਾਲੇ 'ਪੀਰ ਭਏ ਹੈਰਾਨਾ'। ਅੰਮ੍ਰਿਤ ਦੀ ਸੰਜੀਵਨੀ ਸ਼ਕਤੀ ਨੂੰ ਇਹਨਾਂ ਸੰਸਾਰ ਉੱਤੇ, ਭਾਈ ਮਨੀ ਸਿੰਘ ਦੇ ਨਕਸ਼ੇ ਕਦਮ ਉੱਤੇ ਚਲਦਿਆਂ ਪ੍ਰਗਟ ਕੀਤਾ। ਹਰ ਵਿਡੰਭਾਵਾਦੀ ਚਾਣੱਕਯਾ ਦਾ ਉਤਰਾਧਿਕਾਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੇ ਕੰਢੇ ਤੋਂ ਉਸੇ ਤਰ੍ਹਾਂ ਮੂੰਹ ਦੀ ਖਾ ਕੇ ਗਿਆ ਜਿਵੇਂ ਕਿ ਅਹਿਮਦ ਸ਼ਾਹ ਅਬਦਾਲੀ ਪਰਤਿਆ ਸੀ। ਹੱਕ ਸੱਚ ਦੀ ਆਵਾਜ਼ ਸੀ, ਅੰਦਾਜ਼ੇ ਖੁਸ਼ਤਰ ਵਾਲਾ ਸਿੱਖੀ ਦੀ ਦਾਤ ਸੀ, ਬੁਲੰਦ ਹੌਂਸਲੇ ਬਜ਼ੁਰਗਾਂ ਦੀ ਦੇਣ ਸਨ, ਅੰਦਾਜ਼ੇ-ਬਿਆਂ ਅਤੇ ਤਰਕ ਸ਼ਕਤੀ ਸਿੰਘ ਸਾਹਿਬ ਦੀ ਆਪਣੀ ਸੀ। 'ਹੋ ਗਿਆ ਰਾਜਦਾਂ ਜੋ ਥਾ ਰਕੀਬ ਅਪਨਾ'।

ਇਹਨਾਂ ਦੇ ਜੱਥੇਦਾਰ ਹੁੰਦਿਆਂ ਉਹ ਘਟਨਾ ਵਾਪਰੀ ਜਿਸ ਉਤੇ ਧਰਮ ਨੂੰ ਮੰਨਣ ਵਾਲੇ ਸਦਾ ਮਾਣ ਕਰਦੇ ਰਹਿਣਗੇ। ਅਨੇਕਾਂ ਡਰਾਵਿਆਂ, ਲੋਕਾਂ, ਮੁਸ਼ਕਲਾਂ, ਸਰਮਾਂ ਕੋਪਾਂ ਦੇ ਬਾਵਜੂਦ ਅਕਾਲ ਤਖ਼ਤ ਦੇ ਜੱਥੇਦਾਰ, ਦੋ ਅਬਲਾਵਾਂ ਬੀਬੀ ਗੁਰਦੇਵ ਕੌਰ ਅਤੇ ਗੁਰਮੀਤ ਕੌਰ ਦੀ ਸਾਰ ਲੈਣ ਲਈ ਉਹਨਾ ਦੇ ਘਰ ਗਏ ਜਿਨ੍ਹਾਂ ਉੱਤੇ ਪੁਲਿਸ ਹਿਰਾਸਤ ਵਿਚ ਬੇ-ਪਨਾਹ ਤਸ਼ੱਦਦ ਹੋਇਆ ਸੀ। ਸਾਹਿਬਾਂ ਦਾ ਅਸੀਮ ਰਹਿਮ ਇਕ ਵਾਰ ਫਿਰ ਸਭ ਹੱਦ ਬੰਦੀਆਂ ਤੋੜ ਕੇ ਅਸਲ ਕਉਲ ਮੁਤਾਬਕ ਹਰ ਦੁਖੀਏ ਦੇ ਘਰ ਤਕ ਪਹੁੰਚਿਆ। ਇਹ ਸਿੱਖੀ ਦੀ ਹਰ ਮਜ਼ਲੂਮ ਨਾਲ ਹਮਦਰਦੀ ਦਾ ਪ੍ਰਗਟਾਵਾ ਸੀ, ਜਿਸਨੇ ਸਭ ਜ਼ੁਲਮਾਂ ਵਿਰੁੱਧ ਡਟ ਕੇ ਸੰਪੂਰਨਤਾ ਪ੍ਰਾਪਤ ਕਰਨੀ ਸੀ। ਇਸ ਜਜ਼ਬੇ ਦੇ ਅਧਵਾਟੇ ਰਹਿਣ ਵਿੱਚ ਰਮਜ਼ ਨੂੰ ਨਾ ਸਮਝ ਸਕਣ ਦੀ ਸਮਰੱਥਾ ਨੂੰ ਛੱਡ ਕੇ ਵੀ ਹੋਰ ਕਈ ਡੂੰਘੇ ਸਿਆਸੀ ਰਾਜ਼ ਸਮਾਏ ਹੋਏ ਹਨ। ਸ਼ਾਇਦ ਕਦੇ ਪੰਥ ਇਹਨਾਂ

ਨੂੰ ਵਿਚਾਰੇਗਾ ਅਤੇ ਪੰਥ ਦੇ ਵਾਲੀ ਦੀ ਕਰੁਣਾ ਫੇਰ ਬਿਅੰਤ ਖੇਡ ਦਾ ਸ਼ਿੰਗਾਰ ਬਣੇਗੀ।

ਅਨੇਕਾਂ ਉਤਾਰ ਚੜ੍ਹਾਅ ਆਏ। ਕਈ ਹਨੇਰੀਆਂ ਝੱਖੜ ਝੁੱਲੇ ਪਰ ਸਿੰਘ ਸਾਹਿਬ ਨੇ ਨਾ ਲੋਕਾਂ ਨਾਲ ਆਪਣੀ ਲੱਟ ਲੱਟ ਬਲਦੀ ਹਮਦਰਦੀ ਨੂੰ ਮੱਠਾ ਪੈਣ ਦਿੱਤਾ ਅਤੇ ਨਾ ਹੀ ਇਕ ਪਲ ਲਈ ਵੀ ਸਿਧਾਂਤ ਦਾ, ਸੱਚ ਦਾ ਪੱਲਾ ਛੱਡਿਆ। ਪੰਜਾਬ ਦੇ ਸਿਆਸੀ ਜੀਵਨ ਵਿੱਚ ਆਈ ਖੜੋਤ ਨੂੰ ਤੋੜਨ ਲਈ ਸ੍ਰੀ ਚੰਦਰ ਸ਼ੇਖਰ ਦੇ ਪ੍ਰਧਾਨ ਮੰਤਰੀ ਕਾਲ ਵਿੱਚ ਸਿੰਘ ਸਾਹਿਬ ਨੇ ਇੱਕ ਹੰਭਲਾ ਮਾਰਿਆ ਜਿਸਨੇ ਪੰਜਾਬ ਮਸਲੇ ਨੂੰ ਫਿਰ ਕੇਂਦਰ ਬਿੰਦੂ ਬਣਾ ਦਿੱਤਾ। ਕੁਝ ਕੁ ਨਾਮੀ ਹਸਤੀਆਂ ਅਤੇ ਚੰਦ ਗੁਮਨਾਮ ਜੱਥੇਬੰਦੀਆਂ ਨੂੰ ਨਾਲ ਲੈ ਕੇ ਜਤਨ ਕੀਤਾ ਗਿਆ ਕਿ ਪੰਜਾਬ ਨੂੰ ਕੁਝ ਧਰਵਾਸ ਮਿਲੇ ਅਤੇ ਇਥੇ ਚੋਣਾਂ ਹੋ ਜਾਣ। ਦਰਬਾਰ ਸਾਹਿਬ ਦੇ ਉਦਾਲਿਉਂ ਪੁਲਿਸ ਦਾ ਇੱਕ ਦਹਾਕੇ ਤੋਂ ਚਲਿਆ ਆਉਂਦਾ ਘੇਰਾ ਢਿੱਲਾ ਪਿਆ, ਕੁਝ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਦਸਤਾਵੇਜ਼ ਵਾਪਸ ਹੋਏ ਅਤੇ ਖ਼ਾਸ ਪ੍ਰਾਪਤੀ ਇਹ ਸੀ ਕਿ ਪੰਜਾਬ ਵਿੱਚ ਚੋਣਾਂ ਦਾ ਐਲਾਨ ਹੋਇਆ। ਆਖਰੀ ਸਮੇਂ, ਕਾਂਗਰਸ ਦੀ ਜਿੱਤ ਨੇ ਕਿਵੇਂ ਇਹਨਾਂ ਚੋਣਾਂ ਨੂੰ ਕੁਝ ਅਕਾਲੀ ਨੇਤਾਵਾਂ ਦੀ ਮਿਲੀ-ਭਗਤ ਨਾਲ ਪਿੱਛੇ ਪਾਇਆ, ਇਹ ਇਕ ਵੱਖਰੀ ਕਹਾਣੀ ਹੈ। ਜੇ ਕਦੇ ਇਹ ਚੋਣਾਂ ਸਿਰੇ ਚੜ੍ਹ ਜਾਂਦੀਆਂ ਤਾਂ ਪੰਜਾਬ ਸਿਆਸੀ ਮਾਹੌਲ ਦੀ ਤਲਖੀ ਤੋਂ ਸਾਫ ਬਚ ਜਾਣਾ ਸੀ। ਉਪਰੋਕਤ ਮੁਹਿੰਮ ਵਿੱਚ ਮੈਂ ਸਿੰਘ ਸਾਹਿਬ ਦਾ ਸਹਿਯੋਗੀ ਸਾਂ ਅਤੇ ਇਹ ਸਨ ਸਾਡੇ ਸਭ ਦੇ ਪ੍ਰੇਰਣਾ-ਸ੍ਰੋਤ।

ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਤੋਂ ਸੇਵਾ ਮੁਕਤ ਹੋਣ ਉਪਰੰਤ ਵੀ ਪਹਿਲਾਂ ਵਾਂਗ ਹੀ ਸਿੰਘ ਸਾਹਿਬ ਪੰਥਕ ਸੇਵਾ ਵਿੱਚ ਤੱਤਪਰ ਰਹੇ। ਕੁਝ ਸਾਧੂਆਂ ਅਤੇ ਕੁਝ ਨਾਮਵਰ ਸਿਆਸੀ ਸ਼ਖਸੀਅਤਾਂ ਨਾਲ ਮਿਲ ਕੇ ਇਹਨਾਂ ਪਿਛਲੀਆਂ ਗੁਰਦਵਾਰਾ ਚੋਣਾਂ ਲਈ ਇਕ ਵੱਡਾ ਪ੍ਰਭਾਵਸ਼ਾਲੀ ਗਠਜੋੜ ਬਣਾਇਆ। ਆਂਕੜੇ ਦੱਸਦੇ ਹਨ ਕਿ ਇਹ ਗਠਜੋੜ ਬੜਾ ਸਾਰਥਕ ਸੀ ਤੇ ਜੇ ਸਿਮਰਨਜੀਤ ਸਿੰਘ ਮਾਨ ਦੇ ਦਲ ਨੇ ਚੋਣ ਸਮਝੌਤਾ ਤੋੜ ਕੇ ਗਠਜੋੜ ਵਿਰੁੱਧ ਆਪਣੇ ਉਮੀਦਵਾਰ ਨਾ ਖੜੇ ਕੀਤੇ ਹੁੰਦੇ ਤਾਂ ਇਸ ਸਾਂਝੇ ਮੁਹਾਜ ਦਾ ਸ਼੍ਰੋਮਣੀ ਕਮੇਟੀ ਤੋਂ ਵੀ ਪਰ੍ਹੇ ਜਾ ਕੇ ਪੰਜਾਬ ਦੀ ਸਿਆਸਤ ਵਿੱਚ ਇਹ ਇਕ ਵਡਾ ਮੋੜ ਹੋਣਾ ਸੀ। ਇਸ ਵਿਚ ਖ਼ੁਦਗਰਜ਼ ਸਿਆਸਤ ਨੂੰ ਸਦਾ ਲਈ ਪਰ੍ਹੇ ਵਗਾਹ ਮਾਰਨ ਦੀ ਸਮਰੱਥਾ ਸੀ। ਸਿੰਘ ਸਾਹਿਬ ਦੀ ਦੂਰ ਅੰਦੇਸ਼ੀ ਨੂੰ ਦਾਦ ਦੇਣ ਲਈ ਲਿਖਣਾ ਪੈਂਦਾ ਹੈ ਕਿ ਕੁਝ ਜੱਥੇਬੰਦੀਆਂ ਦੇ ਅਸਲ ਸੁਭਾਅ ਤੋਂ ਜਾਣੂ ਤੱਤ ਵੇਤਾ ਨੇ ਪਹਿਲੋਂ ਹੀ ਇਸ ਜੱਥੇਬੰਦੀ ਨੂੰ ਸਾਂਝੇ ਮੁਹਾਜ ਵਿਚ ਸ਼ਾਮਲ ਨ ਕਰਨ ਲਈ ਕਾਫੀ ਪੁੱਖਤਾ ਵਿਚਾਰ ਪ੍ਰਗਟ ਕੀਤੇ ਸਨ। ਇਹਨਾਂ ਨੂੰ ਨਾ ਸੁਣਨ ਕਾਰਣ ਇਕ ਵਾਰ ਫੇਰ ਕਮੰਦ ਉਸ ਵੇਲੇ ਟੁੱਟ ਗਈ ਜਦੋਂ ਕਿ ਲਬੋ ਬਾਮ ਦੋ ਹੱਥ ਹੀ ਰਹਿ ਗਿਆ ਸੀ।

ਹਥਲੀ ਪੁਸਤਕ ਦੇ ਲੇਖਕ ਦੀ ਜੀਵਨੀ ਇਥੇ ਮੁੱਖ ਵਿਸ਼ਾ ਨਹੀਂ। ਸ਼ਾਇਦ ਕਦੇ ਕੋਈ ਇਹ ਵੀ ਦੱਸੇਗਾ ਕਿ ਅਜਿਹੇ ਭਲੇ ਆਗੂਆਂ ਦੇ ਹੁੰਦਿਆਂ ਪੰਜਾਬ ਮੁੜ ਮੁੜ ਕੇ ਖ਼ੁਦਗਰਜ਼ਾਂ ਦੀ ਝੋਲੀ ਵਿੱਚ ਕਿਉਂ ਡਿੱਗਦਾ ਰਿਹਾ। ਕਿਉਂ ਬੇਲੜਾ ਅਤੇ ਸਿਆਸੀ ਅੰਞਾਣਪੁਣੇ ਉੱਤੇ ਆਧਾਰਿਤ ਸੰਤਾਪ ਜਾਣ ਬੁੱਝ ਕੇ ਪੰਜਾਬ ਨੇ ਹੰਢਾਇਆ ਜੋ ਅੱਜ ਇਸ ਨੂੰ ਤਬਾਹੀ ਦੇ ਕੰਢੇ ਲੈ ਆਇਆ

ਹੈ।

ਪਾਠਕ ਸਮਝੇਗਾ ਕਿ ਲੇਖਕ ਬਾਰੇ ਤਾਂ ਐਨਾ ਕੁਝ ਲਿੱਖ ਦਿੱਤਾ ਲੇਕਿਨ ਲਿਖਤ ਬਾਰੇ ਅਜੇ ਤਕ ਕੁਝ ਵੀ ਨਹੀਂ ਆਇਆ। ਪ੍ਰੰਤੂ ਸਭ ਨੂੰ ਪਤਾ ਹੈ ਕਿ ਜੋ ਕੁਝ ਲੇਖਕ ਵਿੱਚ ਹੁੰਦਾ ਹੈ ਉਹੋ ਕੁਝ ਹੀ ਲਿਖਤ ਵਿੱਚ ਹੁੰਦਾ ਹੈ। ਜਿਸ ਲੇਖਕ ਅਤੇ ਉਸਦੀ ਲਿਖਤ ਵਿੱਚ ਸੁਭਾਅ ਦੀ ਇਕਸਾਰਤਾ ਨਾ ਹੋਵੇ ਤੇ ਕੀ ਉਸਦਾ ਲਿੱਖਣਾ ਅਤੇ ਕੀ ਉਸਦਾ ਪੜ੍ਹਨਾ ? ਨੰਦਲਾਲ ਨੂਰਪੁਰੀ ਦੇ ਮਨ ਵਿੱਚ ਰੰਗਲੇ ਪੰਜਾਬ ਦੇ ਨਿਰਬੱਲ ਅਤੇ ਅੰਤਾਂ ਦੇ ਸਾਊ ਚਾਅ ਨੱਚਦੇ ਸਨ, ਇਸ ਲਈ ਉਸਦੇ ਗੀਤਾਂ ਵਿੱਚ ਲੋਕਾਂ ਦੇ ਪਵਿੱਤਰ ਜਜ਼ਬੇ ਮੂਰਤੀਮਾਨ ਹੁੰਦੇ ਸਨ। ਸ: ਕਪੂਰ ਸਿੰਘ ਦਾ ਸਿੱਖੀ ਲਈ ਅਥਾਹ ਦਰਦ ਉਸਦੇ ਲਿੱਖੇ ਅੱਖਰ ਅੱਖਰ ਵਿਚੋਂ ਟਪਕਦਾ ਹੈ।

ਸਿੰਘ ਸਾਹਿਬ ਨੇ ਇਸ ਪਲੇਠੀ ਪੁਸਤਕ ਵਿੱਚ ਆਪਣੇ ਧਾਰਮਿਕ ਜਜ਼ਬਿਆਂ ਅਤੇ ਸਿੱਖੀ ਦੇ ਰੌਸ਼ਨ ਭਵਿੱਖ ਦੀ ਕਾਮਨਾ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿੱਚ ਪ੍ਰਗਟ ਕੀਤਾ ਹੈ। ਇਹਨਾਂ ਦੀ ਬੋਲੀ ਤਾਂ ਉਹੋ ਹੀ ਹੈ ਜੋ ਉਹ ਆਪਣੇ ਵਿਆਖਿਆਨਾਂ ਵਿੱਚ ਵਰਤਦੇ ਹਨ ਪਰ ਵਿਧੀ ਕਾਫੀ ਹਦ ਤਕ ਨਵੀਂ ਹੈ ਅਤੇ ਇਤਿਹਾਸ ਦੇ ਮੁੱਖ ਮਰਮ ਦੀ ਡੂੰਘੀ ਸਮਝ ਦੇ ਆਧਾਰ ਉੱਤੇ ਤਿਆਰ ਕੀਤੀ ਗਈ ਹੈ।

ਮਨੁੱਖ ਨੂੰ ਗੁਰਮੁਖ ਬਣਾ ਕੇ, ਉਸਨੂੰ ਪ੍ਰਮਾਤਮਾ ਦੇ ਸ਼ੁਭ ਗੁਣਾਂ ਨਾਲ ਸ਼ਿੰਗਾਰ ਕੇ ਸੰਸਾਰ ਦੇ ਅਖਾੜੇ ਵਿੱਚ ਉਤਾਰਨਾ ਸਿੱਖੀ ਦੇ ਸਿਆਸੀ ਅਤੇ ਸਮਾਜਿਕ ਜੀਵਨ ਦਾ ਸਾਰ ਹੈ। ਇਸ ਦਾ ਮੰਤਵ ਹੈ ਕਿ ਸਿੱਖ, ਖਾਸ ਤੌਰ ਉਤੇ ਆਪਣੇ ਪਰਿਵਾਰਿਕ ਅਤੇ ਸਮਾਜਿਕ ਦਾਇਰੇ ਵਿੱਚ ਉਹ ਕਰਮ ਕਰੇ ਜੋ **"ਸਾਂਝਾ ਸਾਹਿਬ ਬਾਪ ਹਮਾਰਾ"** ਦਇਆ ਨਿਧਾਨ, ਸਰਬ ਪ੍ਰਤਿਪਾਲਕ, ਸੱਚਾ ਪਾਤਸ਼ਾਹ ਕਾਇਨਾਤ ਦੇ ਸੰਦਰਭ ਵਿੱਚ ਕਰਦਾ ਹੈ। ਇਹ ਮੀਰੀ ਪੀਰੀ ਦਾ ਸੰਕਲਪ ਹੈ; ਇਸੇ ਨੂੰ ਸਿੱਖ ਧਰਮ ਮੁਕਤੀ ਸਵੀਕਾਰਦਾ ਹੈ। ਇਉਂ ਕ੍ਰਿਪਾਲੂ ਗੁਰੂ ਹਜ਼ੂਰ ਨੇ ਸਰਬ ਕਲਿਆਣਕਾਰੀ ਪ੍ਰਮਾਤਮਾਂ ਦੀ ਸ਼ਕਤੀ ਨੂੰ ਸਿੱਧਾ ਇਤਿਹਾਸ ਦੇ ਰੱਥ ਦਾ ਸੰਚਾਲਕ ਬਣਾਇਆ। ਇਹ ਨੇਕ ਕਰਮ ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ।

ਸਿੰਘ ਸਾਹਿਬ ਇਸ ਪੁਸਤਕ ਦੇ ਲੇਖਾਂ ਵਿੱਚ ਗੁਰਬਾਣੀ 'ਚ ਨਿਰੂਪਣ ਕੀਤੇ ਸਿਧਾਂਤਾਂ ਨੂੰ ਪ੍ਰਮਾਣ ਦੇ ਕੇ ਪੜਚੋਲਦੇ ਹਨ। ਫੇਰ ਉਹਨਾਂ ਨੂੰ ਸਿੱਖ ਇਤਿਹਾਸ ਦੇ ਪਰਿਪੇਖ ਵਿੱਚ ਸਮਝਣ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਅੰਤ ਅਜੋਕੇ ਸੰਦਰਭ ਨਾਲ ਜੋੜ ਕੇ ਪ੍ਰੇਰਨਾ ਦਾ ਸ੍ਰੋਤ, ਰੌਸ਼ਨੀ ਦਾ ਚਾਨਣ ਮੁਨਾਰਾ ਸਿਰਜਦੇ ਹਨ। ਜਿਥੇ ਇਹ ਵਿਧੀ ਸਰਲ ਅਤੇ ਵਿਗਿਆਨਿਕ ਹੈ ਉਥੇ ਇਹ ਅੱਜ ਦੇ ਤਤਕੱਰਸ਼ ਮਨ ਉੱਤੇ ਡੂੰਘਾ ਪ੍ਰਭਾਵ ਪਾਉਣ ਦੀ ਸਮਰੱਥਾ ਰਖਦੀ ਹੈ।

ਬਹੁਤਾ ਕੁਝ ਨਾ ਲਿਖਦਾ ਹੋਇਆ ਮੈਂ ਇਹ ਅਰਦਾਸ ਕਰਦਾ ਹਾਂ ਕਿ ਇਹ ਪੁਸਤਕ ਆਪਣੇ ਮੰਤਵ ਵਿੱਚ ਸਫਲ ਹੋਵੇ, ਘਰ ਘਰ ਪਹੁੰਚੇ ਅਤੇ ਹਰ ਹਨੇਰੇ ਨੂੰ ਚਿਰਾਗ ਬਣ ਰੌਸ਼ਨ ਕਰੇ। ਐਸਾ ਕੋਈ ਹਨੇਰਾ ਨਹੀਂ ਹੁੰਦਾ ਜੋ ਤਰਕ, ਸੱਚ, ਨਿਆਂ ਦੀ ਰੌਸ਼ਨੀ ਦੇ ਸਾਹਮਣੇ ਇੱਕ ਪਲ ਵੀ ਟਿੱਕ ਸਕੇ। ਇਹੋ ਗੁਰਬਾਣੀ ਦਾ ਪ੍ਰਮਾਣ ਵੀ ਹੈ ਅਤੇ ਕਉਲ ਵੀ :

"ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ"

ਅਤੇ ਇਸਦਾ ਅੰਤਮ ਨਿਸ਼ਾਨਾ ਹੈ,

"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ।।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ।।"

ਸ਼ਾਲਾ ! ਇਹ ਪੁਸਤਕ ਘਰ ਘਰ ਰੌਸ਼ਨੀ ਛੱਡੇ ਅਤੇ ਮੁਕਤੀ ਦਾ ਰਾਹ ਪਧਰਾ ਕਰੇ।

ਗੁਰਤੇਜ ਸਿੰਘ
ਪ੍ਰੋਫੈਸਰ ਆਫ ਸਿੱਖਇਜ਼ਮ
742 ਸੈਕਟਰ 8,
ਚੰਡੀਗੜ੍ਹ

ਫਰਵਰੀ 19, 2001

ਬਉਰਾਨਾ ਜਾਂ ਬਾਂਵਰਾ

ਕਿਸ ਨੂੰ ਆਖਦੇ ਹਨ?

ਬਾਂਵਰੇ ਦੀ ਨਿਸ਼ਾਨੀ ਕੀ ਹੈ?

ਕੀ ਅਸੀਂ ਜੋ ਕੁਝ ਵੀ ਕਰ ਰਹੇ ਹਾਂ,

ਉਹ ਬਾਂਵਰੇ ਮਨੁੱਖ ਦੀ ਤਰ੍ਹਾਂ

ਬਿਨਾ ਜਾਣੇ-ਪਛਾਣੇ ਤਾਂ

ਨਹੀਂ ਕਰ ਰਹੇ?

ਬਿਨੁ ਸਬਦੈ ਸਭੁ ਜਗੁ ਬਉਰਾਨਾ

ਬਉਰਾਨਾ, ਬਾਵਰਾ (ਪਾਗਲ) ਕਿਸਨੂੰ ਆਖਦੇ ਹਨ ?

ਬਾਂਵਰਾ ਕਿਸੇ ਵੀ ਕਾਜ ਦੀ ਪਛਾਣ ਨਹੀਂ ਰੱਖਦਾ, ਬਾਂਵਰਾਪਨ ਇੱਕ ਐਸਾ ਰੋਗ ਹੈ ਜਿਸਨੂੰ ਜਾਂਚ (Diagnose) ਕਰਨ ਲਈ ਕਿਸੇ ਡਾਕਟਰ ਕੋਲ ਜਾਣ ਤੋਂ ਪਹਿਲਾਂ ਹੀ ਲੋਕ ਅੰਦਾਜ਼ਾ ਲਾ ਲੈਂਦੇ ਹਨ। ਕਿਸੇ ਨੂੰ Blood-Pressure ਹੈ, ਕਿਸੇ ਨੂੰ ਬੁਖਾਰ ਹੈ, ਕਿਸੇ ਨੂੰ Diabetes (ਸ਼ਕਰ ਰੋਗ) ਹੈ, ਜਿਹੜਾ ਵੀ ਰੋਗ ਹੈ ਡਾਕਟਰ diagnose ਕਰੇਗਾ, ਉਹ ਕੋਈ ਮੀਟਰ ਲਗਾਏਗਾ, ਆਪਣੇ ਤਜ਼ਰਬੇ ਦੇ ਬਿਨਾ 'ਤੇ ਫੈਸਲਾ ਦੇਵੇਗਾ ਕਿ ਇਹਨੂੰ ਇਹ ਰੋਗ ਇਸ ਸਤ੍ਹਾ ਤਕ ਪਹੁੰਚ ਗਿਆ ਹੈ। ਪਰ ਬਾਂਵਰਾ ਇੱਕ ਐਸਾ ਰੋਗ ਹੈ ਜਿਸ ਲਈ ਡਾਕਟਰ ਕੋਲ ਜਾਣ ਦੀ, ਸਰਟੀਫੀਕੇਟ ਲੈਣ ਦੀ ਲੋੜ ਹੀ ਨਹੀਂ ਪੈਂਦੀ, ਅਸੀਂ ਆਪ ਹੀ ਫੈਸਲਾ ਕਰ ਲੈਂਦੇ ਹਾਂ ਇਹ ਬਾਂਵਰਾ ਹੈ। ਕਿਉਂ ?

ਬਾਂਵਰਾ ਚੌਰਸਤੇ ਵਿੱਚ ਖਲੋਤਾ ਹੋਵੇ, ਟ੍ਰੈਫਿਕ ਰੁੱਕ ਜਾਏ, ਲੋਕ ਹਾਰਨ ਵਜਾਉਂਦੇ ਰਹਿਣ, ਉਹ ਸੁਣੀ ਅਣਸੁਣੀ ਕਰੀ ਜਾਏ, ਚੌਰਸਤੇ ਵਿੱਚੋਂ ਹਟੇ ਹੀ ਨਾ, ਬਿਟ-ਬਿਟ ਉਨ੍ਹਾਂ ਵੱਲ ਵੇਖੀ ਜਾਏ, ਬਸ ਤੁਸੀਂ ਆਪੇ ਅੰਦਾਜ਼ਾ ਲਗਾ ਲੈਂਦੇ ਹੋ ਇਹ ਬਾਂਵਰਾ ਹੈ। ਜੇ ਉਹ ਆਖੇ ਤੁਸੀਂ ਕਿਹਦੇ ਕੋਲੋਂ ਪੁੱਛਿਆ ਹੈ, ਕਿਸੇ ਡਾਕਟਰ ਨੇ ਫੈਸਲਾ ਦਿੱਤਾ ਹੈ - ਬਿਲਕੁਲ ਨਹੀਂ। ਤੇਰੀਆਂ ਹਰਕਤਾਂ ਤੋਂ, ਤੇਰੀਆਂ ਆਦਤਾਂ ਤੋਂ, ਜੋ ਕੁਝ ਤੂੰ ਕਰ ਰਿਹਾ ਹੈਂ ਉਥੋਂ ਅੰਦਾਜ਼ਾ ਲੱਗ ਗਿਆ ਹੈ



ਕਿ ਤੂੰ ਬਾਂਵਰਾ ਹੈਂ। ਤੂੰ ਪਛਾਣਦਾ ਵੀ ਕਿਸੇ ਨੂੰ ਨਹੀਂ, ਤੈਨੂੰ ਪਤਾ ਜੋ ਨਹੀਂ ਮੈਂ ਕਿੱਥੇ ਖਲੋਤਾ ਹਾਂ, ਤੈਨੂੰ ਪਤਾ ਜੋ ਨਹੀਂ ਮੈਂ ਕਿਧਰ ਜਾ ਰਿਹਾ ਹਾਂ।

ਬਾਂਵਰਾ ਖਾਂਦਾ ਹੈ ਪਰ ਉਸਨੂੰ ਪਤਾ ਨਹੀਂ ਹੁੰਦਾ ਮੈਂ ਕੀ ਖਾ ਰਿਹਾ ਹਾਂ, ਬਾਂਵਰਾ ਪਹਿਣਦਾ ਹੈ ਪਰ ਉਹਨੂੰ ਪਤਾ ਨਹੀਂ ਹੁੰਦਾ ਮੈਂ ਕੀ ਪਹਿਨ ਰਿਹਾ ਹਾਂ ਤੇ ਕਈ ਵਾਰ ਪੁੱਠੇ ਕਪੜੇ ਪਾਈ ਫਿਰਦਾ ਹੈ। ਬਾਂਵਰਾ ਤੁਰਦਾ ਹੈ, ਸਾਰਾ ਦਿਨ ਤੁਰਿਆ ਜਾਂਦਾ ਹੈ ਪਰ ਉਹਨੂੰ ਪਤਾ ਹੀ ਨਹੀਂ ਮੈਂ ਕਿੱਧਰ ਜਾ ਰਿਹਾ ਹਾਂ। ਤੇ ਗੁਰੂ ਕਹਿੰਦੇ ਨੇ ਬਸ, ਇਹੋ ਹਾਲਤ ਸ਼ਬਦ ਵਿਹੂਣੇ ਮਨੁੱਖ ਦੀ ਹੈ :

"ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ।।"

(ਗੁ.ਗ੍ਰੰ.ਸਾ.ਪੰਨਾ : 644)

ਇਹਨੂੰ ਪਤਾ ਹੀ ਨਹੀਂ ਮੈ ਕੀ ਕਰ ਰਿਹਾ ਹਾਂ ਪਰ ਕਰੀ ਜਾਂਦਾ ਹੈ। ਮਨੁੱਖ ਆਖਰ ਕੀ ਕਰਨ ਲਈ ਆਇਆ ਹੈ ਤੇ ਕੀ ਕੁਝ ਕਰੀ ਜਾਂਦਾ ਹੈ ?

ਪੈਰਾਂ ਨੇ ਚਲਣਾ ਹੀ ਹੈ। ਸਿਰਫ ਐਨਾ ਹੀ ਫਰਕ ਹੈ ਇਹਨਾਂ ਨੂੰ ਪਤਾ ਨਹੀਂ ਗੁਰਦੁਆਰੇ ਜਾਣਾ ਹੈ ਜਾਂ ਪੈਰਾਂ ਨਾਲ ਚਲ ਕੇ ਕਿਸੇ ਠੇਕੇ ਜਾਣਾ ਹੈ, ਕਲੱਬ ਜਾਣਾ ਹੈ - ਪਤਾ ਨਹੀਂ ਹੈ। ਜ਼ੁਬਾਨ ਨੇ ਤਾਂ ਬੋਲਣਾ ਹੀ ਹੈ, ਬੋਲਣ ਲਈ ਬਣੀ ਹੈ, ਬੋਲ ਰਿਹਾ ਹੈ ਪਰ ਇਹਨੂੰ ਪਤਾ ਨਹੀਂ ਕਿ ਇਹਦੇ ਨਾਲ ਸੱਚ ਬੋਲਣਾ ਹੈ ਜਾਂ ਝੂਠ ਬੋਲਣਾ ਹੈ। ਕੰਨਾਂ ਨਾਲ ਸੁਣ ਰਿਹਾ ਹੈ, ਸੁਣਨ ਲਈ ਬਣੇ ਨੇ ਆਖਿਰ, ਸੁਣਨਾਂ ਹੀ ਹੈ ਪਰ ਗੁਰੂ ਆਖ ਰਿਹਾ ਹੈ :

"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਇ ਸੁਣਹੁ ਸਤਿ ਬਾਣੀ।।"

(ਗੁ.ਗ੍ਰੰ.ਸਾ.ਪੰਨਾ : 922)

ਉਹ ਇਹਨੂੰ ਪਤਾ ਹੀ ਨਹੀਂ - ਸੱਚੀ ਬਾਣੀ ਦੀ ਥਾਂ 'ਤੇ ਕੱਚੀ ਬਾਣੀ ਸੁਣੀ ਜਾਂਦਾ ਹੈ :

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।।"

(ਗੁ.ਗ੍ਰੰ.ਸਾ.ਪੰਨਾ : 920)

ਸੁਣੀ ਵੀ ਜਾਂਦਾ ਹੈ, ਪੜ੍ਹੀ ਵੀ ਜਾਂਦਾ ਹੈ।

ਬਾਂਵਰੇ ਦੀ ਨਿਸ਼ਾਨੀ ਹੈ ਜਦੋਂ ਉਸਨੂੰ ਇਹ ਪਤਾ ਨਾ ਹੋਵੇ ਕਿ ਜੋ ਕੁਝ ਮੈਂ ਕਰ ਰਿਹਾ ਹਾਂ, ਇਹ ਕੀ ਹੈ ? ਹੁਣ ਤੇ ਮਨੁੱਖ ਐਨਾ ਬਾਂਵਰਾ ਹੋ ਗਿਆ ਹੈ, ਸ਼ਬਦ ਵਿਹੂਣਾ ਕਿ ਇਹਨੂੰ ਇਹ ਵੀ ਨਹੀਂ ਪਤਾ ਕਿ ਗੁਰੂ ਸਮਝ ਕੇ ਮੈਂ ਜਿਹਦੇ ਅੱਗੇ ਨਮਸਕਾਰ ਕਰ ਰਿਹਾ ਹਾਂ, ਉਹ ਕੀ ਹੈ ? ਹੁਣ ਤੇ ਮਨੁੱਖ ਦੀ ਸਮੱਸਿਆ ਇਹ ਬਣ ਗਈ ਹੈ ਕਿ ਮੈਂ ਧਰਮੀ ਹਾਂ ਇਸ ਲਈ ਧਰਮ ਕਰਨਾ ਚਾਹੁੰਦਾ ਹਾਂ ਪਰ ਜੋ ਕੁਝ ਕਰ ਰਿਹਾ ਹੈ, ਕੀ ਉਹ ਧਰਮ ਹੈ ? ਮਨੁੱਖ ਦੇ ਹਿਰਦੇ ਵਿੱਚ ਚਾਹਤ ਧਰਮ ਦੀ ਹੈ ਪਰ ਇਹ ਨਹੀਂ ਪਤਾ ਧਰਮ ਕੀ ਹੈ ? ਕਈ ਵਾਰ ਐਸੇ ਪੜਾਅ ਤੇ ਪਹੁੰਚ ਜਾਂਦਾ ਹੈ ਕਿ ਗੁਰੂ ਨੂੰ ਆਖਣਾ ਪੈਂਦਾ ਹੈ :

"ਜੇ ਜਾਣਸਿ ਬ੍ਰਹਮੰ ਕਰਮੰ।।

ਸਭਿ ਫੋਕਟ ਨਿਸਚਉ ਕਰਮੰ॥"

(ਗੁ.ਗ੍ਰੰ.ਸਾ.ਪੰਨਾ : 470)

ਮਨੁੱਖ ਤਾਂ ਪਛਾਣ ਖਤਮ ਕਰ ਬੈਠਾ ਹੈ ਤੇ ਪਛਾਣ ਜਦੋਂ ਖਤਮ ਹੋ ਜਾਏ, ਉਹਨੂੰ ਬਾਂਵਰਾ ਆਖਦੇ ਹਨ, ਮਨੁੱਖ ਦੇ ਹਿਰਦੇ ਵਿੱਚ ਤਾਂ ਗੁਰੂ ਦੀ ਵੀ ਪਛਾਣ ਨਹੀਂ ਰਹੀ।

ਇਹ ਗੁਰੂ ਜੋਤ ਦੀ ਥਾਂ ਦੇਹ ਗੁਰੂ ਹੀ ਮੰਨੀ ਜਾਂਦਾ ਹੈ। ਰੱਬ ਦੇਹ ਜਾਂ ਸ਼ਰੀਰ ਨਹੀਂ ਹੈ। ਹਾਂ, ਰੱਬ ਦੇਹ ਵਿੱਚ ਰਹਿੰਦਾ ਹੈ। ਗੁਰੂ ਦੇਹ ਨਹੀਂ ਹੈ। ਹਾਂ, ਗੁਰੂ ਦੇਹ ਵਿੱਚ ਰਹਿੰਦਾ ਹੈ। ਸਿੱਖ ਸ਼ਰੀਰ ਨਹੀਂ ਹੈ। ਹਾਂ, ਸਿੱਖ ਸ਼ਰੀਰ ਵਿੱਚ ਰਹਿੰਦਾ ਹੈ।

ਜਿਸ ਵਿੱਚ ਕੋਈ ਰਹਿੰਦਾ ਹੈ, ਉਸਨੂੰ ਘਰ ਆਖਦੇ ਹਨ। ਹਰ ਕਿਸੇ ਨੂੰ ਰਹਿਣ ਲਈ ਘਰ ਚਾਹੀਦਾ ਹੈ ਅਤੇ ਆਪਣੀ ਪਸੰਦ ਦਾ ਘਰ ਚਾਹੀਦਾ ਹੈ। ਤੁਸੀਂ ਵੇਖਦੇ ਹੋ ਘਰ ਹਮੇਸ਼ਾ ਰਹਿਣ ਵਾਲਾ ਆਪਣੀ ਪਸੰਦ ਅਨੁਸਾਰ ਸਜਾ ਲੈਂਦਾ ਹੈ। ਇਸ ਲਈ ਘਰ ਦੀ ਡੈਕੋਰੇਸ਼ਨ ਉਸ ਵਿੱਚ ਵੱਸਣ ਵਾਲੇ ਦੀ ਪਸੰਦ ਦੀ ਪ੍ਰਤੀਕ ਹੁੰਦੀ ਹੈ।

ਜਿਹੜਾ ਘਰ ਦੇ ਮਾਲਕ ਨਾਲ ਪਿਆਰ ਕਰਦਾ ਹੈ, ਉਹ ਕਦੇ ਮਾਲਕ ਦੇ ਘਰ ਦਾ ਐਡਰੈਸ, ਉਸ ਦੀਆਂ ਨਿਸ਼ਾਨੀਆਂ ਭੁੱਲ ਨਹੀਂ ਸਕਦਾ। ਉਸਨੂੰ ਦੋਸਤ ਦਾ ਘਰ ਬਹੁਤ ਚੰਗਾ ਲੱਗਦਾ ਹੈ -

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥"

(ਗੁ.ਗ੍ਰੰ.ਸਾ.ਪੰਨਾ : 450)

ਇਸੇ ਤਰ੍ਹਾਂ ਦੇਹ ਸ਼ਰੀਰ, ਕਾਇਆ ਵੀ ਇਕ ਘਰ ਹੈ। ਇਸ ਵਿੱਚ ਜੋਤ ਦੀ ਅੰਸ ਜੀਉ ਰਹਿੰਦਾ ਹੈ। ਜਦੋਂ ਜੀਉ ਸ਼ਬਦ ਸੁਰਤ ਦੇ ਮੇਲ ਰਾਹੀਂ ਮਨ ਬਚ ਕਰਮ ਕਰਕੇ ਗੁਰੂ ਸ਼ਬਦ ਵਿੱਚ ਅਭੇਦ (ਲੀਨ) ਹੋ ਜਾਂਦਾ ਹੈ ਤਾਂ

"ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥"

ਇਉਂ ਗੁਰੂ ਦਾ ਨਿਵਾਸ ਅੰਦਰ ਹੀ ਹੈ। ਨਾਲ ਹੀ ਇਹ ਸ਼ਰੀਰ ਰੂਪੀ ਘਰ ਗੁਰੂ ਦੀ ਪਸੰਦ ਅਨੁਸਾਰ ਸੱਜ ਜਾਂਦਾ ਹੈ ਅਤੇ

"ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ॥"

(ਗੁ.ਗ੍ਰੰ.ਸਾ.ਪੰਨਾ : 650)

ਪਰ ਇੱਕ ਖ਼ਿਆਲ ਕਰਿਓ ! ਘਰ ਘਰ ਹੈ, ਦੋਸਤ ਨਹੀਂ; ਦੋਸਤ ਦਾ ਘਰ ਹੈ, ਇਸ ਵਿੱਚ ਪਿਆਰਾ ਰਹਿੰਦਾ ਹੈ ਇਸ ਲਈ ਪਿਆਰਾ ਹੈ। ਜੇ ਇਸ ਵਿਚੋਂ ਪਿਆਰਾ ਉੱਠ ਜਾਏ, ਕੋਈ ਦੁਸ਼ਮਨ ਆ ਜਾਏ ਤਾਂ ਮਗਰੋਂ ਇਸ ਘਰ ਨਾਲ ਕੀ ਰਿਸ਼ਤਾ ਹੈ। ਮਿੱਤਰ ਕਰਕੇ ਘਰ ਹੈ, ਘਰ ਕਰਕੇ ਮਿੱਤਰ ਨਹੀਂ। ਮੇਰਾ ਮਿੱਤਰ ਕਿਸੇ ਘਰ ਵਿੱਚ ਆ ਵਸੇ, ਮੈਂ ਉਸ ਅਗੇ ਸਿਰ ਝੁਕਾਵਾਂਗਾ, ਉਸ ਦਾ ਸਤਿਕਾਰ ਕਰਾਂਗਾ, ਉਸੇ ਦੀਆਂ ਪਰਿਕਰਮਾ ਕਰਾਂਗਾ ਕਿਉਂਕਿ ਮੇਰਾ ਮਿੱਤਰ ਉਸ ਘਰ ਵਿੱਚ ਹੈ। ਮੇਰੇ ਮਿੱਤਰ ਨੇ ਕਈ ਵਾਰ ਘਰ ਬਦਲੇ, ਮਿੱਤਰ ਜਿਸ ਘਰ ਵਿੱਚ ਗਿਆ ਮੈਂ ਸੀਸ ਝੁਕਾ



ਦਿੱਤਾ। ਘਰ ਬਦਲਿਆ, ਮਿੱਤਰ ਥੋੜ੍ਹੇ ਬਦਲਿਆ ਹੈ। ਮਿੱਤਰ ਬਦਲਨਾ ਬੇਵਫਾਈ ਹੈ, ਘਰ ਬਦਲਨਾ ਬੇਵਫਾਈ ਨਹੀਂ ਹੈ।

"ਸਤਿਗੁਰ ਮਿਤ੍ਰ ਮੇਰਾ ਬਾਲ ਸਖਾਈ" ਨੇ ਦੱਸ ਘਰ ਬਦਲੇ, ਮੈਂ ਵੀ ਹਰ ਨਵੇਂ ਘਰ ਸਾਹਮਣੇ ਸਨਮੁਖ ਹੋ ਗਿਆ ਆਖਰ। 'ਗ੍ਰੰਥ' ਘਰ ਵਿੱਚ ਹਮੇਸ਼ਾ ਵੱਸਣ ਦਾ ਗੁਰੂ ਨੇ ਫੈਸਲਾ ਕਰ ਲਿਆ, ਮੈਂ ਵੀ ਇਸ ਘਰ ਦਾ ਪੱਕਾ ਐਡਰੈਸ ਹਿਰਦੇ ਦੀ ਡਾਇਰੀ 'ਤੇ ਲਿਖ ਲਿਆ। ਬਸ ਹੁਣ ਮੇਰੇ ਗੁਰੂ ਨੇ ਹੋਰ ਘਰ ਨਹੀਂ ਬਦਲਣਾ ਤੇ ਮੈਂ ਵੀ ਇਸੇ ਘਰ ਦੇ ਸਨਮੁਖ ਖੜਾ ਹਾਂ। ਮੇਰਾ ਮਿੱਤਰ ਜਦੋਂ ਵੀ ਘਰ ਦੇ ਝਰੋਖੇ ਵਿਚੋਂ ਝਾਤ ਪਾਵੇ ਤਾਂ ਮੈਂ ਸਨਮੁਖ ਖੜਾ ਹੋਵਾਂ ਕਿਉਂਕਿ ਮੇਰੀ ਸਾਂਝ ਮਿੱਤਰ ਨਾਲ ਹੈ, ਮਿੱਤਰ ਕਰਕੇ ਹੀ ਉਸਦਾ ਦੇਹ ਰੂਪੀ ਘਰ ਪਿਆਰਾ ਲਗ ਰਿਹਾ ਹੈ। ਉਸਦੀ ਦੇਹ ਰੂਪੀ ਘਰ ਦੀ ਸਾਂਭ-ਸੰਭਾਲ ਸੇਵਾ-ਸਤਿਕਾਰ ਕਰਨਾ ਮੇਰਾ ਫਰਜ਼ ਹੈ। ਜਿਵੇਂ ਵਸਨੀਕ ਘਰ ਬਦਲਦਾ ਹੈ, ਇਸੇ ਤਰ੍ਹਾਂ ਗੁਰੂ ਕਾਇਆ ਦੇਹ ਬਦਲਦਾ ਹੈ ਪਰ ਗੁਰੂ ਨਹੀਂ ਬਦਲਦਾ।

ਦੇਹ ਕੋਈ ਵੀ ਹੋਵੇ, ਗੁਰੂ ਨਹੀਂ ਹੁੰਦੀ। ਭਾਵੇਂ ਪੰਜ ਭੂਤਕ ਹੋਵੇ, ਭਾਵੇਂ ਗ੍ਰੰਥ ਦੇ ਰੂਪ ਵਿੱਚ ਹੋਵੇ ਉਸਦੀ ਕ੍ਰਿਆ ਇਕੋ ਜਿਹੀ ਹੁੰਦੀ ਹੈ। ਕੁਝ ਲੋੜਾਂ ਇਸ ਦੇਹ ਦੀਆਂ ਵੀ ਹਨ, ਕੁਝ ਲੋੜਾਂ ਉਸ ਦੇਹ ਦੀਆਂ ਵੀ ਹਨ। ਸਮੇਂ ਨਾਲ ਇਹਾਂ ਦੇਹ ਵੀ ਬਿਰਧ ਹੁੰਦੀ ਹੈ ਤੇ ਸਮੇਂ ਨਾਲ ਸ਼ਬਦ ਗੁਰੂ ਦੀ ਗ੍ਰੰਥ ਰੂਪੀ ਦੇਹ ਵੀ ਬਿਰਧ ਹੁੰਦੀ ਹੈ।

ਤੁਸੀਂ ਆਖਦੇ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਿਰਧ ਹੋ ਗਿਆ ਹੈ, ਹੋਰ ਲੈ ਆਈਏ। ਪਰ ਇਹ ਖਿਆਲ ਕਰਿਓ : ਗ੍ਰੰਥ ਹੋਰ ਆਉਂਦਾ ਹੈ, ਜਪੁਜੀ ਸਾਹਿਬ ਹੋਰ ਨਹੀਂ ਆਉਂਦਾ। ਕੇਵਲ ਗ੍ਰੰਥ ਬਦਲਦਾ ਹੈ, ਸੁਖਮਨੀ ਸਾਹਿਬ ਨਹੀਂ ਬਦਲਦਾ, ਸ਼ਬਦ ਨਹੀਂ ਬਦਲਦਾ। ਕਿਉਂਕਿ ਗੁਰੂ ਨੇ ਤਾਂ ਉਹੋ ਹੀ ਰਹਿਣਾ ਹੈ, ਗੁਰੂ ਤਾਂ ਇਕੋ ਹੈ। ਕਾਇਆ ਦੀ ਕ੍ਰਿਆ ਇਕੋ ਜਿਹੀ ਹੈ ਤੇ ਕਾਇਆ ਜੋ ਵੀ ਹੋਵੇਗੀ ਉਹ ਬਦਲੇਗੀ ਭਾਵੇਂ ਗ੍ਰੰਥ ਹੀ ਹੋਵੇ। ਇਸੇ ਲਈ ਸਪਸ਼ਟ ਲਫਜ਼ ਸਲੋਕ ਵਿੱਚ ਵਰਤੇ ਗਏ - **"ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ"**, ਕਹਿਣ ਲੱਗੇ ਕਿ ਜੇ ਰੱਬ ਨੂੰ ਮਿਲਣਾ ਹੋਵੇ ਤਾਂ ਦੇਹ ਨਹੀਂ, ਬਲਕਿ ਅਗਲੀ ਲਾਈਨ ਪੜ੍ਹੋ- **"ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦੁ ਮਹਿ ਲੇਹੁ"**, ਗੱਲ ਤਾਂ 'ਸ਼ਬਦ' ਦੀ ਹੈ।

ਬਸ ਇਸੇ ਤਰ੍ਹਾਂ ਜਦੋਂ ਗੁਰੂ ਪੰਚ ਭੂਤਕ ਦੇਹ ਕਾਇਆ ਰੂਪੀ ਘਰ ਵਿੱਚ ਰਹਿੰਦਾ ਸੀ ਤਾਂ ਉਸ ਦੇਹ ਦੀਆਂ ਆਪਣੀਆਂ ਲੋੜਾਂ ਅਨੁਸਾਰ ਅੰਨ, ਜਲ, ਬਸਤਰ, ਜੋੜੇ, ਘੋੜੇ ਆਦਿ ਭੇਟ ਕੀਤੇ ਜਾਂਦੇ ਸਨ। ਸਮੇਂ ਅਨੁਸਾਰ ਭੋਜਨ ਦੇ ਥਾਲ ਸਜਾਏ ਜਾਂਦੇ ਸਨ, ਪ੍ਰਸ਼ਾਦਾ ਛਕਾ ਕੇ ਹੱਥ ਧੁਆਏ ਜਾਂਦੇ ਸਨ, ਇਸ਼ਨਾਨ ਕਰਾਏ ਜਾਂਦੇ ਸਨ। ਸ਼ਬਦ ਗੁਰੂ ਨੇ ਦੇਹ ਬਦਲ ਲਈ ਹੈ ਤੇ ਹੁਣ ਗੁਰੂ, ਗ੍ਰੰਥ ਰੂਪੀ ਘਰ ਵਿੱਚ ਆ ਵੱਸੇ ਹਨ

"ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹੁ।"

ਇਸ ਲਈ ਹੁਣ ਇਸ ਬਦਲਦੀ ਦੇਹ ਦੀਆਂ ਆਪਣੀਆਂ ਲੋੜਾਂ ਵੀ ਬਦਲ ਗਈਆਂ ਹਨ। ਹੁਣ ਇਸ ਦੇਹ ਨੂੰ ਪ੍ਰਸ਼ਾਦੇ ਨਹੀਂ ਛਕਾਏ ਜਾ ਸਕਦੇ, ਹੱਥ ਨਹੀਂ ਧੁਆਏ ਜਾ

ਸਕਦੇ, ਇਸ਼ਨਾਨ ਨਹੀਂ ਕਰਾਏ ਜਾ ਸਕਦੇ। ਇਕ ਹੋਰ ਖ਼ਿਆਲ ਕਰਿਓ, ਇਹ ਸਾਰੀਆਂ ਲੋੜਾਂ ਗੁਰੂ ਦੀ ਪੰਜ ਭੂਤਕ ਦੇਹ ਦੀਆਂ ਸਨ, ਗੁਰੂ ਦੀਆਂ ਨਹੀਂ। ਗੁਰੂ ਤਾਂ ਆਪਣੀ ਲੋੜਾਂ ਦਾ ਜ਼ਿਕਰ ਖ਼ੁਦ ਕਰ ਰਿਹਾ ਹੈ -

**"ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥
ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ॥"**

(ਗੁ.ਗ੍ਰੰ.ਸਾ.ਪੰਨਾ 593)

ਕਹਿਣ ਲਗੇ - ਮੈਨੂੰ ਹੋਰ ਖਾਣ ਤੇ ਪਹਿਨਣ ਦੀ ਲੋੜ ਹੀ ਕੋਈ ਨਹੀਂ।

ਕੀ ਗੁਰੂ ਨਾਨਕ ਨੇ ਆਪਣੇ ਜੀਵਨ ਵਿੱਚ ਕਪੜਾ ਨਹੀਂ ਪਹਿਨਿਆ, ਭੋਜਨ ਨਹੀਂ ਛੱਕਿਆ ? ਕੀ ਗੁਰੂ ਅੰਗਦ ਸਾਹਿਬ ਨੇ, ਗੁਰੂ ਅਮਰਦਾਸ ਸਾਹਿਬ ਨੇ, ਆਪਣੇ ਜੀਵਨ ਵਿੱਚ ਬਸਤਰ ਨਹੀਂ ਪਹਿਨੇ ? ਬਲਕਿ ਜਿਨ੍ਹਾਂ ਨਹੀਂ ਪਹਿਨੇ ਉਹਨਾਂ ਨੂੰ ਮੁਖ਼ਾਤਿਬ ਕਰਕੇ ਗੁਰੂ ਨਾਨਕ ਜੀ ਨੇ ਆਖ ਦਿੱਤਾ :

**"ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥"**

(ਗੁ.ਗ੍ਰੰ.ਸਾ.ਪੰਨਾ : 467)

ਜਿਨ੍ਹਾਂ ਨੇ ਬਸਤਰ ਨਹੀਂ ਪਹਿਨੇ ਉਨ੍ਹਾਂ ਨੂੰ ਵਿਅੰਗ ਕੀਤਾ **"ਕਾਹੇ ਪਟੋਲਾ ਪਾੜਤੀ ਕੰਬਲੜੀ ਪਹਿਰਿਓ"** ਗੁਰੂ ਕਹਿੰਦੇ ਨੇ - ਸੋਹਣੇ ਸੋਹਣੇ ਬਸਤਰ ਪਾ ਅਤੇ ਆਪ ਪਹਿਨੇ ਵੀ।

ਕੀ ਗੁਰੂ ਭੋਜਨ ਨਹੀਂ ਸਨ ਛੱਕਦੇ ? ਇਤਿਹਾਸਿਕ ਪੰਨਿਆਂ 'ਤੇ ਵੇਖ ਲਓ, ਸਿੱਖ ਤਰ੍ਹਾਂ-ਤਰ੍ਹਾਂ ਦੇ ਭੋਜਨ ਬਣਾ ਕੇ ਲਿਆ ਸੇਵਾ ਵਿੱਚ ਹਾਜ਼ਰ ਕਰਦੇ ਸਨ, ਛੱਕਣ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਵਸਤੂਆਂ, ਕੋਈ ਸ਼ਹਿਦ ਲਈ ਆਂਦਾ ਹੈ ਆਪਣੀ ਹੱਥੀਂ ਕੱਢ ਕੇ, ਕੋਈ ਆਪਣੇ ਸੇਵਾ ਨਾਲ ਬੂਟੇ ਵਿੱਚੋਂ ਪਾਲ ਕੇ ਪਕਾਇਆ ਹੋਇਆ ਅੰਬ ਤੋੜ ਕੇ ਲਈ ਆਉਂਦਾ ਹੈ ਕਿ ਗੁਰੂ ਪਹਿਲਾਂ ਛਕੇ। ਕੋਈ ਮਾਤਾ ਆਪਣੀ ਹੱਥੀਂ ਕਢਾਈ ਕਰ-ਕਰ ਕੇ ਤੇ ਖੇਸ ਬੁਣ-ਬੁਣ ਕੇ, ਚਾਦਰਾਂ ਬੁਣ-ਬੁਣ ਕੇ, ਖੱਦਰ ਬੁਣ-ਬੁਣ ਕੇ ਗੁਰੂ ਦੇ ਬਸਤਰ ਭੇਟ ਕਰਨ ਲਈ ਲੈ ਆਉਂਦੀ ਹੈ। ਗੁਰੂ ਆਪ ਲੈਣ ਤੁਰਿਆ ਜਾਂਦਾ ਹੈ, ਗੁਰੂ ਹਰਿਗੋਬਿੰਦ ਸਾਹਿਬ ਚੋਲਾ ਲੈਣ ਆਪ ਗਏ। ਪਰ ਗੁਰੂ ਤੇ ਆਖ ਰਿਹਾ ਹੈ **"ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹਿ ਹੋਰ ਪੈਨਣ ਕੀ ਹਮਾਰੀ ਸਰਧ ਗਈ"** ਤਾਂ ਫਿਰ ਕੀ ਗੁਰੂ ਕਪੜਾ ਨਹੀਂ ਸੀ ਪਹਿਨਦਾ, ਅਤੇ ਜੇ ਪਹਿਨਦਾ ਸੀ ਤਾਂ ਫੇਰ ਆਪਣੀ ਜ਼ੁਬਾਨ ਤੋਂ ਕੁਝ ਹੋਰ ਕਹਿ ਰਿਹਾ ਸੀ ਤੇ ਕਰ ਕੁਝ ਹੋਰ ਰਿਹਾ ਸੀ - ਬਿਲਕੁਲ ਨਹੀਂ। ਇਸ ਗੱਲ ਨੂੰ ਸਮਝਣਾ ਹੈ। ਗੁਰੂ ਕਿਉਂਕਿ ਕਾਇਆ ਨਹੀਂ, ਗੁਰੂ ਆਖ ਰਿਹਾ ਹੈ, ਜੋਤ ਆਖ ਰਹੀ ਹੈ **"ਹਰਿ ਨਾਮੁ ਹਮਾਰਾ ਪੈਨਣੁ"**, ਕਿਉਂਕਿ ਜੋਤ ਦੀਆਂ ਆਪਣੀਆਂ ਲੋੜਾਂ ਨੇ, ਆਤਮਾ ਦੀਆਂ ਆਪਣੀਆਂ ਲੋੜਾਂ ਨੇ। ਇਸ ਲਈ ਆਤਮਿਕ ਜੋਤ ਆਖ ਰਹੀ ਹੈ ਕਿ ਮੈਨੂੰ ਨਾਮ ਬਿਨਾ ਰੱਜ ਨਹੀ ਆਉਂਦਾ, ਨਾਮ ਬਿਨਾ ਮੇਰੇ ਪਰਦੇ ਨਹੀ ਢੱਕੇ ਜਾਂਦੇ, ਮੈਨੂੰ ਆਪਣੀ ਲੋੜ ਹੈ



ਪਰ ਕਾਇਆ ਦੀ ਆਪਣੀ ਲੋੜ ਹੈ। ਕਾਇਆ ਲਈ ਸੰਸਾਰਿਕ ਭੋਜਨ ਅਰਪਣ ਹੁੰਦਾ ਰਿਹਾ, ਕਾਇਆ ਲਈ ਗੁਰੂ ਭੋਜਨ ਛੱਕਦੇ ਰਹੇ, ਕਾਇਆ ਤੇ, ਇਸ ਤਨ ਤੇ ਸੰਸਾਰਿਕ ਕਪੜੇ ਵੀ ਪਹਿਨਦੇ ਰਹੇ ਅਤੇ ਆਤਮਾ ਨੂੰ ਉਹਦਾ ਭੋਜਨ ਤੇ ਉਹਦਾ ਪਹਿਨਣ ਦਿੰਦੇ ਰਹੇ। ਕਿਉਂਕਿ ਕਾਇਆ ਵੱਖਰੀ ਸੀ, ਜੋਤ ਵੱਖਰੀ ਸੀ। ਉਹ ਗੱਲ ਜਿਹੜੀ ਗੁਰੂ ਆਖ ਰਿਹਾ ਹੈ, ਉਹ ਗੁਰੂ ਜੋਤ ਆਖ ਰਿਹਾ ਹੈ। ਕਾਇਆ ਦੀ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ। ਜਿਸ ਕਾਇਆ ਵਿੱਚ ਗੁਰੂ ਗਿਆ, ਉਸ ਕਾਇਆ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ।

ਹਰ ਕਾਇਆ ਦੀ ਆਪਣੀ ਲੋੜ ਹੈ। ਕਾਇਆ ਦੀਆਂ ਲੋੜਾਂ ਬਦਲਦੀਆਂ ਹਨ। ਕਾਇਆ ਕਿਉਂਕਿ ਸਥੂਲ ਹੈ, ਇਹ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਵੀ ਹੈ। ਇੱਕ ਖਿਆਲ ਕਰਿਓ - ਜਿੰਨਾਂ ਸਥੂਲ ਹੈ, ਉਹ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਹੈ। ਕਾਇਆ ਤੇ ਜੋਤ ਵਿੱਚ ਅੰਤਰ ਉਨਾਂ ਹੀ ਹੈ ਜਿੰਨਾਂ ਫੁੱਲ ਤੇ ਖ਼ੁਸ਼ਬੂ ਵਿੱਚ ਹੈ। ਫੁੱਲ ਜਿਹੜਾ ਹੈ ਉਹ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਹੈ। ਸਮੇਂ ਨਾਲ ਪੈਦਾ ਹੋਏਗਾ, ਸਮੇਂ ਨਾਲ ਮੁਰਝਾ ਜਾਏਗਾ, ਨਹੀਂ ਤੋੜੋਗੇ ਤਦ ਵੀ ਮੁਰਝਾ ਜਾਏਗਾ। ਜਿੰਨਾਂ ਆਕਾਰ ਹੈ, ਉਹ ਓਨਾ ਹੀ ਰਹੇਗਾ, ਜਿਹਦੇ ਘਰ ਵਿੱਚ ਲੱਗਾ ਹੈ ਉਹ ਉਹਦੇ ਘਰ ਵਿੱਚ ਰਹੇਗਾ। ਕਿਸੇ ਦੇ ਘਰ ਵਿੱਚ ਗੁਲਾਬ ਦਾ ਬੂਟਾ ਲਾ ਦਿਓ, ਚਮੇਲੀ ਦਾ ਬੂਟਾ ਲਾ ਦਿਓ, ਉਹ ਉਹਨੂੰ ਸੰਭਾਲੇ-ਪਾਲੇ ਅਤੇ ਗੁਆਂਢੀ ਨਾਲ ਉਹਦੀ ਬਣਦੀ ਨਾ ਹੋਵੇ ਤਾਂ ਗੁਆਂਢੀ ਨੂੰ ਕੋਈ ਹੱਕ ਨਹੀਂ ਉਹ ਫੁੱਲ ਤੋੜ ਕੇ ਲੈ ਜਾਏ। ਫੁੱਲ ਜਿਹੜਾ ਹੈ ਉਹ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਹੈ, ਉਹਦੇ ਘਰੋਂ ਟੁੱਟ ਕੇ ਗੁਆਂਢੀ ਦੇ ਘਰ ਨਹੀਂ ਜਾ ਸਕਦਾ। ਪਰ ਉਸੇ ਫੁੱਲ ਦੇ ਅੰਦਰ ਜਿਹੜੀ ਖ਼ੁਸ਼ਬੂ ਬੈਠੀ ਹੈ, ਉਹ ਉਹਦੀ ਜੋਤ ਹੈ, ਉਹ ਸਮੇਂ ਤੇ ਸਥਾਨ ਦੇ ਕੈਦ ਨਹੀਂ, ਬੰਧਨ ਵਿੱਚ ਨਹੀਂ। ਫੁੱਲ ਨੂੰ ਤਾਂ ਤੂੰ ਗੁਆਂਢੀ ਦੇ ਘਰ ਵਿੱਚ ਨਹੀਂ ਜਾਣ ਦੇਵੇਂਗਾ ਪਰ ਵਿਸ਼ਵਾਸ ਕਰੀਂ, ਜੇ ਤੂੰ ਆਖੇਂ ਇਸ ਫੁੱਲ ਦੀ ਖ਼ੁਸ਼ਬੂ ਵੀ ਗੁਆਂਢੀ ਦੇ ਘਰ ਨਾ ਜਾਵੇ, ਉਹ ਤਾਂ ਤੇਰੀਆਂ ਦੀਵਾਰਾਂ ਟੱਪ ਕੇ ਵੀ ਚਲੀ ਜਾਏਗੀ, ਤੇਰੇ ਬੰਧਨ ਵਿੱਚ ਨਹੀਂ। ਜੋਤ ਉਹ ਹੈ ਜਿਹੜੀ ਅੰਦਰ ਰਹਿੰਦੀ ਹੈ, ਜਿਹੜੀ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਨਹੀਂ :

"ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ।।"

(ਗੁ.ਗ੍ਰੰ.ਸਾ.ਪੰਨਾ : 1237)

ਰੱਬ ਦੀ ਨਿਸ਼ਾਨੀ ਇਹੋ ਹੈ। ਉਹ ਆਪ ਜੋਤ ਰੂਪ ਵਿੱਚ ਆਇਆ ਹੈ, ਉਹ ਸਮੇਂ ਤੇ ਸਥਾਨ ਦੇ ਬੰਧਨ ਤੋਂ ਮੁਕਤ ਹੈ।

ਹੁਣ ਜੇ ਅਸੀਂ ਦੇਹ ਨੂੰ ਬੰਧਨ-ਮੁਕਤ ਆਖੀਏ, ਇਹ ਹੋ ਨਹੀਂ ਸਕਦਾ ਕਿਉਂਕਿ ਉਹ ਸਮੇਂ ਤੇ ਸਥਾਨ ਦੇ ਬੰਧਨ ਵਿੱਚ ਹੈ। ਜੇ ਆਖੀਏ ਕਿ ਸਤਿਗੁਰੂ ਮੇਰਾ ਹਮੇਸ਼ਾਂ ਮੇਰੇ ਨਾਲ ਹੈ **"ਗੁਰੂ ਮੇਰੇ ਸੰਗਿ ਸਦਾ ਹੈ ਨਾਲੇ"** ਤਾਂ ਦੇਹ ਨਾਲ ਨਹੀਂ ਹੋ ਸਕਦੀ। ਦੇਹ - ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਸਾਡੇ ਨਾਲ ਹਮੇਸ਼ਾ ਨਹੀਂ ਹੋ ਸਕਦੇ ਕਿਉਂਕਿ ਗ੍ਰੰਥ ਵੀ ਗੁਰੂ ਦੀ ਦੇਹ ਹੈ। ਇਹਦੇ ਵਿੱਚ ਬੈਠਾ ਹੈ ਜਿਹੜਾ ਸ਼ਬਦ, ਉਹ ਹੈ ਗੁਰੂ।

ਹੁਣ ਹੋਰ ਅੱਗੇ ਵੇਖੀਏ - ਹਰ ਕਾਇਆ ਦਾ ਆਪਣਾ ਸਮਾਂ ਹੈ ਤੇ ਕਾਇਆ ਦੀਆਂ

ਸਮੇਂ ਨਾਲ ਲੋੜਾਂ ਬਦਲਦੀਆਂ ਹਨ ਕਿਉਂਕਿ ਉਹ ਸਮੇਂ ਦੇ ਬੰਧਨ ਵਿੱਚ ਹੈ। ਇਕ ਕਾਇਆ ਜਦੋਂ ਜਨਮ ਲੈਂਦੀ ਹੈ, ਤੇ ਬਚਪਨ ਵਿੱਚ ਹੁੰਦੀ ਹੈ, ਉਹਦੀ ਲੋੜਾਂ ਹੋਰ ਹੁੰਦੀਆਂ ਨੇ। ਜਦੋਂ ਉਹੋ ਕਾਇਆ ਜਵਾਨ ਹੋ ਜਾਂਦੀ ਹੈ ਉਹਦੀ ਲੋੜ ਹੋਰ ਹੋ ਜਾਂਦੀਆਂ ਨੇ, ਜਦੋਂ ਉਹੀ ਕਾਇਆ ਬਿਰਧ ਹੋ ਜਾਂਦੀ ਹੈ ਉਹਦੀਆਂ ਲੋੜਾਂ ਹੋਰ ਹੁੰਦੀਆਂ ਨੇ। ਪਰ ਕਾਇਆ ਇੱਕੋ ਹੈ, ਸਮੇਂ ਦੇ ਬੰਧਨ ਵਿਚ ਹੈ, ਇਸ ਲਈ ਜਿਉਂ-ਜਿਉਂ ਸਮਾਂ ਬਦਲਦਾ ਹੈ, ਤਿਉਂ-ਤਿਉਂ ਕਾਇਆ ਦੀਆਂ ਲੋੜਾਂ ਬਦਲਦੀਆਂ ਹਨ। ਉਹੋ ਹੀ ਕਾਇਆ ਬੱਚਾ ਵੀ ਹੈ, ਜੁਆਨ ਵੀ ਹੈ, ਬੁੱਢਾ ਵੀ ਹੈ। ਸਤਿਗੁਰੂ ਨੇ ਬਾਣੀ 'ਚ ਕਹਿ ਦਿੱਤਾ, ਕਹਿਣ ਲੱਗੇ ਕਿ ਤਿੰਨੋ ਰੂਪ ਇੱਕੋ ਹੀ ਕਾਇਆ ਦੇ ਨੇ :

"ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥"

(ਗੁ.ਗ੍ਰੰ.ਸਾ.ਪੰਨਾ : 1428)

ਤਿੰਨ ਅਵੱਸਥਾ ਇੱਕੋ ਹੀ ਕਾਇਆ ਦੀਆਂ ਨੇ ਤੇ ਹਰ ਇੱਕ ਅਵੱਸਥਾ ਨਾਲ ਉਹ ਬਦਲ ਜਾਂਦੀ ਹੈ। ਬੱਚਾ ਹੋਵੇ ਦੋ ਮਹੀਨੇ ਦਾ, ਉਹਨੂੰ ਦੁੱਧ ਦੀ ਲੋੜ ਹੈ। ਤੇ ਜੇ ਮਾਂ ਆਖੇ ਮੈਂ ਪਰਾਂਠੇ ਬਣਾ ਕੇ ਇਹਨੂੰ ਛਕਾ ਦਿੰਦੀ ਹਾਂ, ਕੀ ਛੱਕ ਸਕੇਗਾ, ਹਜ਼ਮ ਕਰ ਸਕੇਗਾ, ਉਹਨੂੰ ਬੀਮਾਰ ਕਰ ਲਏਗੀ। ਕਿਉਂਕਿ ਉਹਦੀ ਆਤਮਾ ਦੀ ਲੋੜ ਥੋੜ੍ਹਾ ਹੈ, ਉਹਦੇ ਸਰੀਰ ਦੀ ਲੋੜ ਹੈ ਤੇ ਸਰੀਰ ਸਮੇਂ ਦੇ ਬੰਧਨ ਵਿੱਚ ਹੈ। ਅਜੇ ਉਹਨੂੰ ਦੋ ਮਹੀਨੇ ਦੀ ਆਯੂ ਵਿੱਚ ਲੋੜ ਹੈ ਕਿ ਉਹਨੂੰ ਦੁੱਧ ਪਿਲਾਇਆ ਜਾਏ, ਜਿਸ ਵੇਲੇ ਉਹੋ ਹੀ ਕਾਇਆ ਜਵਾਨ ਹੋ ਗਈ ਫੇਰ ਭਾਵੇਂ ਤੂੰ ਚੂਰੀਆਂ ਕੁੱਟ-ਕੁੱਟ ਖੁਆਈ ਜਾਈਂ, ਹੁਣ ਉਹਨੂੰ ਤਾਕਤ ਦੀ ਲੋੜ ਹੈ। ਪਰ ਦੇਖੀਂ ਖਿਆਲ ਕਰੀਂ, ਜਦੋਂ ਉਹੋ ਕਾਇਆ ਬੁਢੇਪੇ ਵਿੱਚ ਹੋ ਗਈ, ਉਹਦੀਆਂ ਲੋੜਾਂ ਬਦਲ ਜਾਣੀਆਂ ਨੇ, ਹੁਣ ਉਹਨੂੰ ਹਲਕਾ (light) ਭੋਜਨ ਚਾਹੀਦਾ ਹੈ, ਅੱਖਾਂ ਵਿੱਚ ਦੇਖਣ ਲਈ ਐਨਕ ਚਾਹੀਦੀ ਹੈ, ਤੁਰਨ ਲਈ ਸੋਟੀ ਦਾ ਸਹਾਰਾ ਚਾਹੀਦਾ ਹੈ। ਇਕੋ ਕਾਇਆ ਦੀਆਂ ਲੋੜਾਂ ਬਦਲ ਗਈਆਂ।

ਓਏ ਭਲਿਓ ! ਗੁਰੂ ਜਦੋਂ ਕਾਇਆ ਬਦਲਦਾ ਰਿਹਾ, ਕਾਇਆ ਪਲਟਦੀ ਰਹੀ :

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥"

(ਗੁ.ਗ੍ਰੰ.ਸਾ.ਪੰਨਾ : 966)

ਜਦੋਂ ਕਾਇਆ ਪਲਟਦੀ ਹੈ, ਕਾਇਆ ਦੀਆਂ ਲੋੜਾਂ ਪਲਟਦੀਆਂ ਨੇ ਤੇ ਸਮੇਂ-ਸਮੇਂ ਨਾਲ ਪਲਟਦੀਆਂ ਨੇ। ਸਮਾਂ ਸੀ ਗੁਰੂ ਅਰਜਨ ਪਾਤਸ਼ਾਹ ਦਾ ਤਾਂ ਕਾਇਆ ਤੱਤੀਆਂ ਲੋਆਂ 'ਤੇ ਵੀ ਬੈਠ ਗਈ ਪਰ ਗੁਰੂ ਨੇ ਸੀਂ ਨਾ ਕੀਤੀ। ਸਮਾਂ ਬਦਲਿਆ ਅਤੇ ਸਮੇਂ ਦੇ ਹਾਲਾਤ ਨੇ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਾਇਆ ਨੂੰ ਵੀ ਬਦਲ ਦਿੱਤਾ, ਉਹ ਕਾਇਆ ਵੀ ਘੋੜਿਆਂ ਦੀ ਸਵਾਰੀ ਕਰਨ ਲੱਗ ਪਈ, ਉਸ ਕਾਇਆ ਦੇ ਹੱਥ ਵਿੱਚ ਵੀ ਤਲਵਾਰ ਆ ਗਈ। ਉਸ ਕਾਇਆ ਨੂੰ ਗੁਰੂ ਅੰਦਰ ਬੈਠਾ ਸੇਧ ਦਿੰਦਾ ਰਿਹਾ ਨਹੀਂ ਤਾਂ ਤਲਵਾਰ ਤੇ ਔਰੰਗਜ਼ੇਬ ਕੋਲ ਵੀ ਸੀ।

ਗੁਰੂ ਤੇ ਕਾਇਆ ਦਾ ਸੰਬੰਧ ਕੀ ਹੈ ? ਜਿਸ ਕਾਇਆ ਅੰਦਰ ਗੁਰੂ ਆਉਂਦਾ ਹੈ, ਉਸ ਕਾਇਆ ਦਾ ਹਰ ਕਰਮ ਕਿਸੇ ਸੇਧ ਵਿੱਚ ਹੁੰਦਾ ਹੈ। ਅੱਜ ਗੁਰੂ ਦੀ ਰਹਿਮਤ ਸਦਕਾ, ਕਾਇਆ



ਬਦਲ ਗਈ, ਹੁਣ ਕੀ ਹੋਇਆ "**ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ**", ਹੁਣ ਆ ਗਈ ਕਾਇਆ ਗ੍ਰੰਥ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਦਵਾਨਾਂ ਦੇ ਵਿੱਦਿਅਕ ਢਾਂਚੇ ਵਿੱਚ ਢੱਲ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੀ ਗਈ ਸੀ ਗੁਰੂ ਖ਼ਾਲਸਾ ਦੀ ਸਾਂਝੀ 'ਸਿੱਖ ਰਹਿਤ ਮਰਯਾਦਾ'। ਕੋਈ ਸਾਧਾਰਣ ਨਹੀਂ, 14 ਵਰ੍ਹੇ ਵਿਦਵਾਨਾਂ ਨੇ ਬੈਠ ਕੇ ਬੜੀ ਸੋਚ ਵਿਚਾਰ ਬਾਅਦ ਕਈ ਫੈਸਲੇ ਕੀਤੇ ਤੇ ਮਹਿਸੂਸ ਕੀਤਾ ਹੈ ਕਿ ਕਾਇਆ ਬਦਲ ਗਈ, ਕਾਇਆ ਪਲਟਦੀ ਹੈ, ਗੁਰੂ ਹੈ ਬਾਣੀ। ਇਸ ਲਈ ਕਾਇਆ ਨਾਲ ਕਾਇਆ ਦੀਆਂ ਲੋੜਾਂ ਪਲਟਦੀਆਂ ਹਨ। ਹਾਂ, ਗੁਰੂ ਦੀ ਲੋੜ ਨਹੀਂ ਪਲਟਦੀ ਕਿਉਂਕਿ ਉਹ ਇਕੋ ਹੈ।

"**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**"

(ਗੁ.ਗ੍ਰੰ.ਸਾ.ਪੰਨਾ : 646)

ਉਹ ਆਪ ਨਹੀਂ ਪਲਟਦਾ, ਇਸ ਲਈ ਉਹਦੀ ਲੋੜ ਵੀ ਨਹੀਂ ਪਲਟਦੀ। ਉਹਦੀ ਲੋੜ ਜਿਹੜੀ ਹੈ - "**ਹਰ ਨਾਮ ਹਮਾਰਾ ਭੋਜਨ**" ਹੀ ਰਹੇਗੀ, ਉਹਦੀ ਲੋੜ "**ਹਰ ਨਾਮ ਹਮਾਰਾ ਪੈਨਣ**" ਹੀ ਰਹੇਗੀ। ਪਰ ਕਾਇਆ ਪਲਟੇਗੀ, ਇਸ ਲਈ ਕਾਇਆ ਦੀ ਲੋੜ ਪਲਟ ਜਾਵੇਗੀ। ਅੱਜ ਕਾਇਆ ਪਲਟੀ, ਗ੍ਰੰਥ ਦੇ ਰੂਪ ਵਿੱਚ ਆ ਗਈ।

ਪਰ ਅਸੀਂ ਕਿੰਨੇ ਭੋਲੇ ਹਾਂ, ਅਸੀਂ ਗ੍ਰੰਥ ਨੂੰ ਗੁਰੂ ਮੰਨੀ ਜਾਂਦੇ ਹਾਂ, ਪਰ ਉਹਦੇ ਵਿੱਚ ਬੈਠੇ ਸ਼ਬਦ ਨੂੰ ਗੁਰੂ ਨਹੀਂ ਮੰਨ ਰਹੇ ਕਿਉਂਕਿ ਗ੍ਰੰਥ ਇੱਕ ਦੇਹ ਹੈ - ਜਿਵੇਂ ਉਹ ਕਾਇਆ ਪਲਟਦੀ ਹੈ, ਇਹ ਵੀ ਪਲਟਦੀ ਹੈ। ਇਹ ਵੀ ਦੋ-ਚਾਰ, ਦੱਸ ਸਾਲ ਬਾਅਦ ਪੁਰਾਣੀ ਹੁੰਦੀ ਹੈ। ਗ੍ਰੰਥ ਕਾਇਆ ਹੈ, ਇਹਦੀਆਂ ਲੋੜਾਂ ਆਪਣੀਆਂ ਨੇ, ਪਰ ਅਸੀਂ ਇਸ ਗੱਲ ਨੂੰ ਮਹਿਸੂਸ ਨਹੀਂ ਕਰਦੇ । ਸਿੰਘਾਂ ਨੇ, ਵਿਦਵਾਨਾਂ ਨੇ ਅਰਦਾਸ ਅੰਦਰ ਇਹ ਲਫਜ਼ ਕਿਉਂ ਬਦਲੇ ਸਨ ਕਿ ਭੋਗ ਲਾਓ ਨਹੀਂ ਕਹਿਣਾਂ, ਕੜਾਹ ਪ੍ਰਸਾਦਿ ਨੂੰ ਭੋਗ ਲਾਓ ਨਹੀਂ ਕਹਿਣਾ, ਪ੍ਰਵਾਨ ਹੋਵੇ ਕਹਿਣਾ ਹੈ - ਇਹ ਭਲਾ ਕਿਉਂ ? ਅੱਜ ਸਾਡਾ ਅਨੇਕਾਂ ਅਸਥਾਨਾਂ 'ਤੇ ਇਸੇ ਗੱਲ ਤੇ ਆਪਸ ਵਿੱਚ ਟਕਰਾਓ ਹੋ ਜਾਂਦਾ ਹੈ। ਕਿਉਂਕਿ ਭੋਗਦੀ ਹੈ ਇਹ ਪੰਜ ਭੂਤਕ ਕਾਇਆ ਅਤੇ ਜਿੱਥੇ ਭੋਗ ਹੈ ਉਥੇ ਰੋਗ ਵੀ ਹੈ। ਇਹ ਫੈਸਲਾ ਮੇਰਾ ਨਹੀਂ, ਬਾਣੀ ਦਾ ਹੈ। ਗੁਰੂ ਕਹਿੰਦੇ ਨੇ - "**ਭੋਗੰ ਤ ਰੋਗੰ**", ਜਿੱਥੇ ਭੋਗੰ ਹੈ, ਉਥੇ ਰੋਗੰ ਵੀ ਹੈ। ਰੋਗ ਹੈ ਜਿਥੇ ਕਾਇਆ ਹੈ ਪਰ ਗੁਰੂ ਬੀਮਾਰ ਨਹੀਂ ਹੁੰਦਾ ਇਸ ਲਈ ਉਥੇ ਭੋਗ ਨਹੀਂ, ਉਥੇ ਪ੍ਰਵਾਨਗੀ ਹੈ, ਉਹ ਇਕ ਸਿਧਾਂਤ ਹੈ। ਪਰ ਖ਼ਿਆਲ ਕਰਿਓ - ਜਿੱਥੇ ਭੋਗੰ ਦਾ ਮਸਲਾ ਹੈ, ਉਥੇ ਕਦੇ ਰੋਗੰ ਦਾ ਮਸਲਾ ਵੀ ਹੈ। ਇਹੋ ਕਾਰਣ ਹੈ ਕਿ ਦਸਾਂ ਗੁਰੂਆਂ ਦੇ ਸਮਿਆਂ ਅੰਦਰ ਗੁਰੂਆਂ ਦੇ ਸਰੀਰ ਨੂੰ ਵੀ ਕਿਸੇ ਵੇਲੇ ਸਰੀਰਕ ਤੌਰ ਤੇ ਰੋਗ ਨਾਲ ਸੰਬੰਧਿਤ ਹੋਣਾ ਪਿਆ। ਪਰ ਜੋਤ ਗੁਰੂ ਨੂੰ ਨਹੀਂ, ਕਿਤੇ ਇਹ ਭੁਲੇਖੇ ਵਿੱਚ ਨਾ ਰਹਿਣਾ ਕਿ ਗੁਰੂ ਬੀਮਾਰ ਪਿਆ ਹੈ। ਪਰ ਕਿਉਂਕਿ ਅਸੀਂ ਛੋਟੇ ਜਿਹੇ ਸੰਖੇਪ ਭੇਦ ਨੂੰ ਨਾ ਜਾਣ ਕੇ ਕਈ ਵਾਰ ਗੁਮਰਾਹ ਹੋ ਜਾਂਦੇ ਹਾਂ, ਕਿਤੇ ਇਹ ਨਾ ਕਹਿ ਦੇਣਾ ਕਿਸੇ ਦਿਨ ਗੁਰੂ ਬੀਮਾਰ ਹੋਇਆ। ਗੁਰੂ ਨੇ ਬਾਣੀ ਵਿੱਚ ਵੀ ਆਖ ਦਿੱਤਾ ਹੈ :

"ਜੋ ਜੋ ਦੀਸੈ ਸੋ ਸੋ ਰੋਗੀ।। ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।।"

(ਗੁ.ਗ੍ਰੰ.ਸਾ.ਪੰਨਾ : 1140)

"ਰੋਗੇ ਮਰਤਾ ਰੋਗੇ ਜਨਮੈ।।
ਰੋਗੇ ਫਿਰਿ ਫਿਰਿ ਜੋਨੀ ਭਰਮੈ।।
ਰੋਗ ਬੰਧ ਰਹਨੁ ਰਤੀ ਨ ਪਾਵੈ।।
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ।।"

(ਗੁ.ਗ੍ਰੰ.ਸਾ.ਪੰਨਾ : 1140-1141)

ਇਕੋ ਰੋਗ ਰਹਿਤ ਤਾਂ ਸਤਿਗੁਰੂ ਹੈ। ਹਾਂ, ਗੁਰੂ ਦੀ ਕਾਇਆ ਨੂੰ ਕਿਸੇ ਵੇਲੇ ਰੋਗ ਨਾਲ ਸੰਬੰਧਿਤ ਹੋਣਾ ਪਿਆ। ਕਿਉਂਕਿ ਕਾਇਆ ਦੇ ਨਿਯਮ ਤਾਂ ਇਕੋ ਜਿਹੇ ਨੇ - **"ਭੋਗੰ ਤ ਰੋਗੰ"**। ਇਹ ਗੁਰੂ ਇਤਿਹਾਸ ਅੰਦਰ ਦੇਖ ਲਓ - ਗੁਰੂ ਅੰਗਦ ਸਾਹਿਬ ਦੇ ਚਰਨ ਦੇ ਅੰਗੂਠੇ ਨੂੰ ਕਾਫੀ ਦੇਰ ਤਕਲੀਫ ਰਹੀ, ਖੇਚਲ ਰਹੀ। ਗੁਰੂ ਹਰਿਕ੍ਰਿਸ਼ਨ ਮਹਾਰਾਜ ਨੂੰ ਮਾਤਾ ਨਿਕਲੀ ਪਰ ਮਤ ਸਮਝਿਓ ਗੁਰੂ ਨੂੰ, ਗੁਰੂ ਦੇ ਸਰੀਰ ਨੂੰ। ਹੁਣ ਪੰਜ-ਭੂਤਕ ਸਰੀਰ ਦੇ ਭੋਗ ਲੁਆਉਣ ਦੀ ਲੋੜ ਸੀ, ਕਾਇਆ ਨੂੰ ਭੋਗ ਦੀ ਲੋੜ ਸੀ। ਪ੍ਰਸ਼ਾਦ ਛਕਣਾ ਤੇ ਭੋਗ ਸੀ, ਭੋਗਣ ਦਾ ਅਰਥ ਹੁੰਦਾ ਹੈ ਕਿਸੇ ਚੀਜ਼ ਦੀ ਸਿੱਧੀ ਵਰਤੋਂ, ਕਿਉਂਕਿ ਭੋਜਨ ਇਸ ਪੰਜ-ਭੂਤਕ ਸਰੀਰ ਨੂੰ ਲੋੜ ਹੈ। ਤੇ ਗੁਰੂਆਂ ਦੇ ਸਰੀਰ ਨੂੰ ਵੀ ਲੋੜ ਸੀ। ਇਸ ਲਈ ਉਥੇ ਜਦੋਂ ਕੜਾਹ ਪ੍ਰਸਾਦਿ ਜਾਂ ਲੰਗਰ ਹਾਜ਼ਰ ਕੀਤਾ ਜਾਂਦਾ ਸੀ ਤਾਂ ਉਦੋਂ ਆਖਿਆ ਜਾਂਦਾ ਸੀ ਜੀ - ਭੋਗ ਲਾਓ।

ਹੁਣ ਕਾਇਆ ਪਲਟ ਗਈ, ਕਾਇਆ - **"ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ"** ਗੁਰੂ ਗ੍ਰੰਥ ਹੋ ਗਈ। ਜਿਹੜੀ ਕਾਇਆ ਕਦੇ 'ਅਰਜਨ' ਸੀ, ਜਿਹੜੀ ਕਾਇਆ ਕਦੇ 'ਤੇਗ਼ ਬਹਾਦਰ' ਸੀ, ਉਹ ਕਾਇਆ ਹੁਣ 'ਗ੍ਰੰਥ' ਹੋ ਗਈ।

ਓਏ ਭਲਿਓ ! ਕਾਇਆ ਪਲਟਦੀ ਹੈ, ਹਰ ਕਾਇਆ ਦੀ ਆਪਣੀ ਲੋੜ ਹੈ, ਇਸ ਕਾਇਆ ਦੀ ਵੀ ਲੋੜ ਪ੍ਰਤੀਤ ਕਰੋ। ਇਸ ਕਾਇਆ ਨੂੰ ਪ੍ਰਸ਼ਾਦਾ ਛੱਕਣ ਦੀ ਲੋੜ ਨਹੀਂ। ਤੁਹਾਡੇ ਸ਼ਰਧਾ ਤੇ ਪਿਆਰ ਨਾਲ ਕੀਤੇ ਹੋਏ ਲੰਗਰ ਲਈ ਅਰਦਾਸ ਕਰੋ - ਜੀ, ਸਿਧਾਂਤਕ ਤੌਰ ਤੇ ਜੇ ਕੋਈ ਗਲਤੀ ਹੋ ਗਈ ਹੈ ਲੰਗਰ ਤਿਆਰ ਕਰਨ ਵਿੱਚ ਤਾਂ ਖਿਮਾ ਬਖਸ਼ੋ ਅਤੇ ਲੰਗਰ ਪ੍ਰਵਾਨ ਹੋਣ ਦੀ ਬਖਸ਼ਿਸ਼ ਕਰਕੇ ਇਹਨੂੰ ਪ੍ਰਵਾਨ ਕਰੋ। ਸਿਧਾਂਤ ਇਹਦੇ ਵਿੱਚ ਲਿਆਓ। ਕਿਉਂਕਿ ਗੁਰੂ ਸਿਧਾਂਤ ਹੈ। ਇਥੇ ਹੁਣ ਗ੍ਰੰਥ ਦੇਹ ਨੂੰ ਪ੍ਰਸ਼ਾਦਾ ਛੱਕਣ ਦੀ ਲੋੜ ਨਹੀਂ। ਇਥੇ ਪ੍ਰਵਾਨ ਚੜ੍ਹਾਉਣ ਦੀ ਲੋੜ ਹੈ। ਛਕੇ ਸੰਗਤ ਕਿਉਂਕਿ ਉਹ ਦੇਹ ਰੂਪ ਵਿੱਚ ਹੈ। ਤੇ ਇਸ ਲਈ ਆਖਿਆ ਜਾਂਦਾ ਹੈ - ਜੀ ਪ੍ਰਵਾਨ ਕਰੋ, ਪ੍ਰਵਾਨ ਹੋਇਆ ਪ੍ਰਸ਼ਾਦਿ ਸਾਧ-ਸੰਗਤ ਵਿੱਚ ਵਰਤਾਉਣ ਦੀ ਆਗਿਆ ਬਖਸ਼ੋ।

ਕਾਇਆ ਵਿੱਚ ਤੇ ਜੋਤ ਵਿੱਚ ਕੀ ਅੰਤਰ ਹੈ ? ਕਿਉਂ ਫੈਸਲਾ ਹੋਇਆ ਤੇ ਸਿੱਖ ਰਹਿਤ ਮਰਯਾਦਾ ਵਿੱਚ ਇਹ ਗੱਲ ਇਉਂ ਕਿਉਂ ਲਿਖੀ ਗਈ। ਕਿਉਂਕਿ ਬਦਲੀ ਹੋਈ ਕਾਇਆ, ਪਲਟੀ ਹੋਈ ਕਾਇਆ ਨੂੰ ਸੰਬੋਧਨ ਕਰਨਾ ਹੈ। ਇਸ ਕਾਇਆ ਨੂੰ ਲੋੜ ਹੈ ਸਲ੍ਹਾਬ ਤੋਂ ਬਚਾ ਕੇ



ਰੱਖੋ, ਬਲਕਿ ਜਿਸ ਤਰ੍ਹਾਂ ਦੇ ਮਰਜ਼ੀ ਬਸਤਰ ਪਹਿਨਾਓ, ਪਰ ਉਸ ਬਸਤਰ ਅੰਦਰ ਕੋਈ ਸਲ੍ਹਾਬ ਨਹੀਂ ਹੋਣੀ ਚਾਹੀਦੀ। ਖ਼ੂਬਸੂਰਤ ਬਸਤਰ ਪਹਿਨਾ ਕੇ ਰੱਖੋ, ਮਾਨ-ਸਨਮਾਨ ਕਾਇਮ ਰੱਖੋ। ਜਿਵੇਂ ਗੁਰੂਆਂ ਦੀ ਪੰਜ ਭੂਤਕ ਸਰੀਰ ਵੇਲੇ, ਕਾਇਆ ਵੇਲੇ ਉਨ੍ਹਾਂ ਦਾ ਮਾਨ-ਸਨਮਾਨ ਕਰਦੇ ਸੋ, ਉਹੀ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਨ-ਸਨਮਾਨ ਕਰਨਾ ਹੈ ਲੇਕਿਨ ਪਲਟੀ ਹੋਈ ਕਾਇਆ ਦੀਆਂ ਲੋੜਾਂ ਪ੍ਰਤੀਤ ਕਰਨੀਆਂ ਹਨ।

ਪਰ ਇੱਥੇ ਅਸੀਂ ਪੰਜ-ਭੂਤਕ ਸਰੀਰ ਵਾਲੀਆਂ ਗੱਲਾਂ ਸ਼ੁਰੂ ਕਰ ਦਿੰਦੇ ਹਾਂ। ਭੋਗ ਲੁਆਉਣ ਦੀ ਗੱਲ ਹੋਵੇ, ਭਾਵੇਂ ਸਰਦੀਆਂ ਵਿੱਚ ਰਜਾਈਆਂ ਦੇਣ ਦੀ ਗੱਲ ਹੋਵੇ। ਭਾਵੇਂ 12 ਮਹੀਨੇ 30 ਦਿਨ ਰਜਾਈ ਰੱਖੋ, ਪਰ ਸਲ੍ਹਾਬ ਨਾ ਆਵੇ ਕਿਉਂਕਿ ਗ੍ਰੰਥ ਗੁਰੂ ਹੈ, ਗ੍ਰੰਥ ਵਿੱਚ ਗੁਰੂ ਹੈ ਤੇ ਗ੍ਰੰਥ ਕਾਇਆ ਹੈ। ਪਰ ਤੈਨੂੰ ਇਹ ਖ਼ਿਆਲ ਨਾ ਹੋਵੇ ਕਿ ਗੁਰੂ ਨੂੰ ਠੰਢ ਪਈ ਲੱਗਦੀ ਹੈ। ਓਏ ਭਲਿਆ ! ਗੁਰੂ ਤਾਂ ਜੋਤ ਹੈ, ਗੁਰੂ ਤਾਂ ਗਿਆਨ ਹੈ ਤੇ ਗੁਰੂ ਗਿਆਨ ਦੇ ਸੰਬੰਧ ਵਿੱਚ ਸਤਿਗੁਰੂ ਆਪ ਬਾਣੀ 'ਚ ਫੈਸਲਾ ਪਏ ਦਿੰਦੇ ਨੇ - ਕਹਿੰਦੇ ਨੇ :

"ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥"

(ਗੁ.ਗ੍ਰੰ.ਸਾ.ਪੰਨਾ : 333)

ਅੱਗੇ ਜਾ ਕੇ ਇਕ ਹੋਰ ਗੱਲ ਬੜੀ ਖ਼ੂਬਸੂਰਤ ਕਹਿੰਦੇ ਨੇ :

"ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ॥"

(ਗੁ.ਗ੍ਰੰ.ਸਾ.ਪੰਨਾ : 333)

ਗੁਰੂ ਤਾਂ ਜਿੱਥੇ ਰਹਿੰਦਾ ਹੈ, ਉਥੇ ਇਨ੍ਹਾਂ ਗੱਲਾਂ ਦਾ ਸੰਬੰਧ ਹੀ ਕੋਈ ਨਹੀਂ। ਗੁਰੂ ਪਾਣੀ ਨਾਲ ਗਿੱਲਾ ਨਹੀਂ ਹੁੰਦਾ, ਗੁਰੂ ਅੱਗ ਵਿੱਚ ਬੱਲਦਾ ਨਹੀਂ, ਗੁਰੂ ਨੂੰ ਧੁੱਪ ਨਹੀਂ ਲੱਗਦੀ - ਗੁਰੂ ਗਿਆਨ ਹੈ।

ਕਾਇਆ ਨੂੰ ਜਿਉਂ-ਜਿਉਂ ਲੋੜਾਂ ਉਦੋਂ ਪ੍ਰਤੀਤ ਹੋਈਆਂ, ਜੋ ਉਹ ਪੂਰੀਆਂ ਹੁੰਦੀਆਂ ਰਹੀਆਂ ਤੇ ਕਾਇਆ ਰੂਪੀ ਗ੍ਰੰਥ ਨੂੰ ਅੱਜ ਜਿਹੜੀ ਲੋੜ ਹੈ ਉਹ ਹੈ ਸਲ੍ਹਾਬ ਤੋਂ ਬਚਾਉਣਾ, ਹੱਥ ਮੈਲੇ ਨਾ ਲੱਗਣ। ਸਤਿਗੁਰ ਦੇ ਸਰੂਪ ਦਾ ਅੰਗ ਜਦੋਂ ਬਦਲਣ ਲੱਗੋ, ਜਦੋਂ ਕੋਈ ਵਰਕਾ ਉਲਟਾਉਣ ਲੱਗੋ, ਇੰਨੇ ਸਤਿਕਾਰ ਨਾਲ ਉਲਟਾਓ ਕਿਤੇ ਫੱਟ ਨਾ ਜਾਏ। ਬੱਸ, ਇਹ ਹੈ ਸੇਵਾ, ਇਹ ਲੋੜ ਹੈ। ਕੋਲ ਕੋਈ ਕਪੜਾ ਹੋਵੇ, ਉਹਨੂੰ ਹਰ ਵਾਰ ਸਫਾਈ ਕਰੋ ਤਾਂ ਕਿ ਇਹਦੇ ਵਿੱਚ ਕੋਈ ਜ਼ੱਰਾ ਕਿਸੇ ਕਿਸਮ ਦੀ ਖ਼ਾਕ ਵਿੱਚ ਨਾ ਟਿਕਹ ਰਹਿ ਜਾਏ, ਉੱਡ ਕੇ ਪੈ ਨਾ ਜਾਏ। ਗ੍ਰੰਥ ਗੁਰੂ ਨੂੰ ਇਸ ਚੀਜ਼ ਦੀ ਲੋੜ ਹੈ। ਪਰ ਅਸੀਂ ਉਸ ਤੋਂ ਉਲਟ ਕਹਿੰਦੇ ਹਾਂ ਸਰਦੀਆਂ ਵਿੱਚ ਰਜਾਈਆਂ ਪਾਓ, ਫੇਰ ਆਖੋਗੇ ਗਰਮੀਆਂ ਵਿੱਚ ਇਸ਼ਨਾਨ ਕਰਾ ਦਿਓ।

ਗੁਰੂ ਅਮਰਦਾਸ ਜੀ ਦਾ ਇਕ ਉਦਾਹਰਨ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ, ਇਸ ਗੱਲ ਨੂੰ ਹੋਰ ਵਿਸ਼ਵਾਸ ਵਿੱਚ ਲਿਆਉਣ ਲਈ। ਗੁਰੂ ਅਮਰਦਾਸ ਸਾਹਿਬ ਜਦੋਂ ਚੋਲਾ ਬਦਲਣ ਲੱਗੇ, ਜਦੋਂ ਕਾਇਆ ਪਲਟਣ ਲੱਗੇ ਉਦੋਂ ਸਿੱਖ ਸੰਗਤ ਬੜੀ ਉਦਾਸ ਸੀ, ਕਈਆਂ ਦੀਆਂ ਅੱਖਾਂ ਵਿੱਚ ਅੱਥਰੂ ਵੀ ਸਨ। ਗੁਰੂ ਅਮਰਦਾਸ ਸਾਹਿਬ ਨੇ ਸਭ ਨੂੰ ਕੋਲ ਬੁਲਾ ਲਿਆ ਤੇ

ਬਿਠਾ ਕੇ ਕੋਲ ਜਿਹੜੇ ਬਚਨ ਕਹੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨੇ, ਕਹਿਣ ਲੱਗੇ ਕਿ ਖਿਆਲ ਕਰਿਓ :

"ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥"

(ਗੁ.ਗ੍ਰੰ.ਸਾ.ਪੰਨਾ : 923)

ਮੇਰੇ ਪਿੱਛੇ ਉਦਾਸੀ ਵਿੱਚ ਕੋਈ ਰੋਵੇ ਨਾ, ਤੁਸੀਂ ਕੀ ਸਮਝਦੇ ਹੋ ਮੈਂ ਕੋਈ ਕਿਧਰੇ ਜਾ ਰਿਹਾ ਹਾਂ, ਬਿਲਕੁਲ ਨਹੀਂ ਜਾ ਰਿਹਾ, ਮੈਂ ਤਾਂ ਕੇਵਲ ਕਾਇਆ ਦਾ ਚੋਲਾ ਬਦਲ ਰਿਹਾ ਹਾਂ। ਇਹ ਫੈਸਲਾ ਬਾਣੀ ਦਾ ਹੈ ਕਿ ਗੁਰੂ ਕਾਇਆ ਨੂੰ ਕੀ ਸਮਝਦਾ ਹੈ ? ਕੋਈ ਉਦਾਸ ਕਿਉਂ ਹੋਵੇ, ਇਹ ਕਿਉਂ ਆਖੇ ਗੁਰੂ ਸਾਹਿਬ ਦੀ ਸ਼ਹੀਦੀ ਹੈ, ਸੋਗ ਮਨਾਓ, ਇਹ ਫੈਸਲਾ ਬਾਣੀ ਦਾ ਹੈ। ਅਗਲੀ ਲਾਈਨ ਕਿੰਨੀ ਖ਼ੂਬਸੂਰਤ ਹੈ, ਕਹਿਣ ਲੱਗੇ - ਭਲਿਓ ! ਇਕ ਖਿਆਲ ਕਰਿਓ - **"ਮਿਤੁ ਪੈਝੈ ਮਿਤੁ ਬਿਗਸੈ"** ਮੈਂ ਤਾਂ ਕੇਵਲ ਨਵਾਂ ਚੋਲਾ ਪਾਉਣ ਲੱਗਾ ਹਾਂ, ਪਹਿਲਾ ਚੋਲਾ ਪੁਰਾਣਾ ਹੋ ਗਿਆ ਸੀ, ਮੇਰਾ ਰੱਬ ਮੇਰੇ ਤੇ ਪ੍ਰਸੰਨ ਹੋਇਆ ਹੈ, ਉਹਨੇ ਮੇਰੇ ਲਈ ਨਵਾਂ ਚੋਲਾ ਤਿਆਰ ਕਰ ਦਿੱਤਾ ਹੈ, ਮੈਂ ਨਵੇਂ ਕਪੜੇ ਪਾਉਣੇ ਨੇ ਤੇ ਭਲਾ, ਜੇ ਕੋਈ ਮਿੱਤਰ ਹੋਵੇ ਤੇ ਮਿੱਤਰ ਦੇ ਸਾਹਮਣੇ ਕੋਈ ਮਿੱਤਰ ਨਵੇਂ ਕਪੜੇ ਪਾ ਕੇ ਆਉਣਾ ਚਾਹੇ ਤੇ ਉਹ ਉਦਾਸ ਹੁੰਦਾ ਹੈ, ਭਲਾ ਉਹਨੂੰ ਸੋਗ ਹੁੰਦਾ ਹੈ, ਉਹਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਮੇਰੇ ਮਿੱਤਰ ਨੇ ਅੱਜ ਨਵੇਂ ਕਪੜੇ ਪਾਏ ਨੇ। **"ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥"**- ਬਿਗਸੈ ਤੋਂ ਭਾਵ ਖ਼ੁਸ਼ ਹੋਣਾ, ਜਦੋਂ ਗੁਰੂ ਚੋਲਾ ਬਦਲੇ ਉਦੋਂ ਖ਼ੁਸ਼ ਹੋਇਆ ਕਰੋ। ਜਿਸਨੂੰ ਆਪਣੇ ਮਿੱਤਰ ਦੀ ਖ਼ੂਬਸੂਰਤੀ ਚੰਗੀ ਲੱਗਦੀ ਹੋਵੇ, ਉਹ ਜਦੋਂ ਚੋਲਾ ਬਦਲਣ ਲੱਗੇ, ਉਦੋਂ ਹਰੇਕ ਨੂੰ ਖੁਸ਼ ਹੋਣਾ ਚਾਹੀਦਾ ਹੈ। ਅੱਗੇ ਕਹਿਣ ਲੱਗੇ -

"ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥"

(ਗੁ.ਗ੍ਰੰ.ਸਾ.ਪੰਨਾ : 923)

ਸਤਿਗੁਰੂ ਨੂੰ ਹਰੀ ਨੇ ਨਵਾ ਚੋਲਾ ਦਿੱਤਾ ਹੈ, ਤੁਸੀਂ ਵਿਚਾਰ ਕੇ ਦੇਖ ਲਓ। ਮੈਂ ਨਵਾਂ ਚੋਲਾ ਪਹਿਨਣ ਲੱਗਾ ਹਾਂ। ਇਹ ਕਾਇਆ ਨੂੰ ਚੋਲਾ ਆਖਿਆ ਹੈ।

ਇਸ ਖ਼ਿਆਲ ਨੂੰ ਚੇਤੇ ਰਖਿਓ, ਨਹੀਂ ਤਾਂ ਕਲ ਨੂੰ ਅਸੀਂ ਆਖਾਂਗੇ ਕਿ ਸ਼ਹੀਦੀ ਪੁਰਬ 'ਤੇ ਆਨੰਦ ਸਾਹਿਬ ਵੀ ਨਹੀਂ ਪੜ੍ਹਨਾ ਚਾਹੀਦਾ, ਇਹ ਤਾਂ ਖ਼ੁਸ਼ੀ ਦਾ ਪ੍ਰਤੀਕ ਹੈ। ਧੰਨ ਹੈ ਗੁਰੂ ਜਿੰਨੇ ਹਰ ਖ਼ੁਸ਼ੀ-ਗ਼ਮੀ ਵਿਚ ਅਨੰਦ ਸਾਹਿਬ ਦੇ ਦਿੱਤਾ ਹੈ। ਕਿਉਂਕਿ ਨਾ ਸਿੱਖ ਸਰੀਰ ਹੈ ਤੇ ਨਾ ਗੁਰੂ ਸਰੀਰ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਵੀ ਇਉਂ ਹੀ ਪ੍ਰਤੀਤ ਕਰਦੇ ਨੇ, ਕਹਿੰਦੇ ਨੇ ਓਇ ਦੁਨੀਆਂ ਦੇ ਲੋਕੋ ਇੱਕ ਖ਼ਿਆਲ ਕਰਿਓ, ਮੇਰਾ ਇਹ ਚੋਲਾ ਹੋ ਗਿਆ ਸੀ ਪੁਰਾਣਾ, ਇਸ ਚੋਲੇ ਕੋਲੋਂ ਮੈਂ ਬੜਾ ਕੰਮ ਲਿਆ, ਕਈ ਜੰਗ ਕੀਤੇ ਇਸ ਚੋਲੇ ਨਾਲ, 26-27 ਵਰ੍ਹੇ ਬਕਾਲੇ ਦੇ ਭੋਰੇ ਵਿੱਚ ਬੈਠ ਕੇ ਤਪ ਕੀਤਾ ਇਸ ਚੋਲੇ ਨਾਲ, ਬੜੀ ਯਾਤਰਾ ਕੀਤੀ ਇਸ ਚੋਲੇ ਨਾਲ, ਅਤੇ ਚੋਲਾ ਹੋ ਗਿਆ ਪੁਰਾਣਾ ਤੇ ਮੈਨੂੰ ਮਿਲਣ ਲੱਗਾ ਜੇ ਨਵਾਂ ਚੋਲਾ, ਇਹ ਚੋਲਾ ਤਾਂ ਮੈਂ ਲਾਹ ਹੀ ਦੇਣਾ ਸੀ, ਸਿਰਫ ਫਰਕ ਐਨਾ ਹੀ ਹੈ ਕਿ ਇਉਂ ਲਾਹੁਣ ਦੀ ਬਜਾਏ ਔਰੰਗਜ਼ੇਬ ਨੇ ਕੰਮ ਕਰ ਦਿੱਤਾ ਮੇਰਾ, ਉਸਦੀ ਤਲਵਾਰ ਨੇ ਚੋਲੇ ਨੂੰ ਪਾੜ ਦਿੱਤਾ ਹੈ। ਬਸ, ਚੋਲੇ ਨੂੰ ਪਾੜਿਆ ਹੈ, ਇਹ ਖ਼ਿਆਲ



ਕਰਿਓ। ਕਿਸੇ ਔਰੰਗਜ਼ੇਬ ਦੀ ਤਲਵਾਰ ਗੁਰੂ ਨੂੰ ਕਤਲ ਨਹੀਂ ਕਰ ਸਕਦੀ। ਕਹਿਣ ਲੱਗੇ - ਔਰੰਗਜ਼ੇਬ ਨੇ ਮੇਰਾ ਚੋਲਾ ਫਾੜ ਦਿੱਤਾ ਹੈ, ਮੈਨੂੰ ਮੇਰੇ ਰੱਬ ਨੇ ਨਵਾਂ ਚੋਲਾ ਦੇ ਦਿੱਤਾ ਹੈ ਤੇ ਜਿਹੜਾ ਮੈਂ ਨਵਾਂ ਚੋਲਾ ਪਹਿਨ ਰਿਹਾ ਹਾਂ, ਉਹਦੇ ਮਸਤਕ 'ਤੇ, ਉਹਦੇ ਸੀਸ 'ਤੇ ਕਲਗੀ ਹੋਵੇਗੀ। ਜਿਹੜਾ ਮੈਨੂੰ ਨਵਾਂ ਚੋਲਾ ਮਿਲ ਰਿਹਾ ਹੈ, ਉਹਦੇ ਹੱਥ 'ਤੇ ਬਾਜ਼ ਹੋਵੇਗਾ। ਜਿਹੜਾ ਮੈਨੂੰ ਨਵਾਂ ਚੋਲਾ ਮਿਲ ਰਿਹਾ ਹੈ, ਉਹ ਨੀਲੇ ਦਾ ਸਵਾਰ ਹੋਵੇਗਾ, ਮੈਂ ਉਦਾਸ ਕਿਉਂ ਹੋਵਾਂ ? ਤੁਸੀਂ ਕਿਉਂ ਉਦਾਸ ਹੁੰਦੇ ਹੋ, ਮੈਨੂੰ ਤਾਂ ਐਨਾਂ ਖ਼ੂਬਸੂਰਤ ਚੋਲਾ ਮਿਲ ਰਿਹਾ ਹੈ, ਤਲਵਾਰ ਨਾਲ ਕੇਵਲ ਮੇਰਾ ਚੋਲਾ ਹੀ ਫਾਟਿਆ ਹੈ। ਪਰ ਉਹ ਚੋਲਾ ਵੀ ਐਨਾ ਮਹਾਨ ਸੀ ਕਿ ਉਸ ਫਟੇ ਹੋਏ ਚੋਲੇ ਦੀ ਬਣ ਗਈ ਚਾਦਰ ਤੇ ਹੁਣ ਲੋਕ ਕਹਿੰਦੇ ਨੇ - ਤੇਗ਼ ਬਹਾਦਰ ਧਰਮ ਦੀ ਚਾਦਰ।

ਆਪਾਂ ਕਈ ਵਾਰ ਵੇਖਦੇ ਹਾਂ ਕਿ ਕੋਈ ਵੱਡਾ ਕਪੜਾ ਫੱਟ ਜਾਏ ਤਾਂ ਅਸੀਂ ਕਹਿੰਦੇ ਹਾਂ ਇਹਨੂੰ ਸੁੱਟਣਾ ਨਹੀਂ, ਇਹਦੇ ਕੋਲੋਂ ਕੋਈ ਕੰਮ ਲਓ। ਉਹਦੇ ਵਿੱਚੋਂ ਫੇਰ ਛੋਟੀਆਂ ਚੀਜ਼ਾਂ, ਕਈ ਬਣਾ ਲੈਂਦੇ ਹਾਂ। ਔਰਗਜ਼ੇਬ ਨੇ ਤਲਵਾਰ ਨਾਲ ਗੁਰੂ ਦੇ ਚੋਲੇ ਨੂੰ ਫਾੜਿਆ ਤੇ ਉਸ ਫਟੇ ਹੋਏ ਚੋਲੇ ਵਿਚੋਂ ਐਨੀ ਵੱਡੀ ਚਾਦਰ ਨਿਕਲ ਆਈ ਕਿ ਸਾਰੇ ਹਿੰਦ ਦੀ, ਹਿੰਦੁਸਤਾਨ ਦੇ ਧਰਮ ਦੇ ਪਰਦੇ ਢੱਕਣ ਵਾਲੀ ਇਕ ਚਾਦਰ ਬਣ ਗਈ ਤੇ ਲੋਕ ਕਹਿਣ ਲੱਗੇ ਤੇਗ਼ ਬਹਾਦਰ ਹਿੰਦ ਦੀ ਚਾਦਰ।

ਉਹ ਤਾਂ ਗੁਰੂ ਤੇਗ਼ ਬਹਾਦਰ ਦਾ ਚੋਲਾ ਕੰਮ ਆ ਗਿਆ, ਸਾਡੇ ਚੋਲੇ ਕੰਮ ਨਹੀਂ ਆਉਂਦੇ - ਫਰਕ ਤਾਂ ਇੰਨਾਂ ਹੀ ਹੈ। ਚੋਲੇ ਸਾਡੇ ਵੀ ਫੱਟਦੇ ਨੇ, **"ਥਕੇ ਭਇਆ ਪੁਰਾਨਾ ਚੋਲਾ"** ਸਾਡਾ ਵੀ ਹੁੰਦਾ ਹੈ। ਪਰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚੋਲੇ ਦਾ ਤੇ ਸਾਡੇ ਚੋਲੇ ਦਾ ਇਹੋ ਅੰਤਰ ਹੈ ਕਿ ਸਾਡੇ ਚੋਲੇ ਵਿਅਰਥ ਚਲੇ ਜਾਂਦੇ ਨੇ, ਗੁਰੂ ਤੇਗ਼ ਬਹਾਦਰ ਸਾਹਿਬ ਦਾ ਚੋਲਾ ਫੱਟਦਾ ਵੀ ਹੈ, ਗੁਰੂ ਤੇਗ਼ ਬਹਾਦਰ ਸਾਹਿਬ ਚੋਲਾ ਬਦਲਦੇ ਵੀ ਨੇ ਤੇ ਉਸ ਚੋਲੇ ਵਿਚੋਂ ਐਨੀ ਵੱਡੀ ਚਾਦਰ ਨਿਕਲ ਆਂਦੀ ਹੈ ਕਿ ਲੱਖਾਂ-ਕਰੋੜਾਂ ਦੇ ਪਰਦੇ ਢੱਕ ਲੈਂਦੀ ਹੈ। ਬਸ, ਇਹ ਹੈ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚੋਲੇ ਦੀ ਵਡਿਆਈ।

ਖਿਆਲ ਕਰਿਓ ! ਗੁਰੂ ਨਹੀਂ ਫੱਟਦਾ, ਗੁਰੂ ਨਹੀਂ ਕੱਟਿਆ ਜਾਂਦਾ, ਗੁਰੂ ਨਹੀਂ ਮਰਦਾ, ਗੁਰੂ ਨਾ ਆਉਂਦਾ ਹੈ ਤੇ ਨਾ ਜਾਂਦਾ ਹੈ, ਇਸੇ ਲਈ ਅਸੀਂ ਆਪਣੀ ਰਸਨਾ ਤੋਂ ਇਹ ਗੱਲ ਕਹਿੰਦੇ ਹਾਂ :

"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"

(ਗੁ.ਗ੍ਰੰ.ਸਾ.ਪੰਨਾ : 749)

ਗੁਰੂ ਤੇਗ਼ ਬਹਾਦਰ ਸਾਹਿਬ ਗਏ ਨਹੀਂ ਜੋ ਅਸੀਂ ਸੋਗ ਮਨਾਈਏ। ਇਹੋ ਕਾਰਣ ਹੈ ਸਿੱਖੀ ਦੀ ਪਰੰਪਰਾ ਵਿੱਚ ਸ਼ਹੀਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਿੱਖੀ ਦੇ ਵਿਰਸੇ ਵਿਚ ਹਰ ਸ਼ਹੀਦੀ ਇੱਕ ਨਵਾਂ ਬਲ ਦਿੰਦੀ ਹੈ, ਕੋਈ ਨਵੀਂ ਚੜ੍ਹਦੀ ਕਲਾ ਦਿੰਦੀ ਹੈ, ਅੰਦਰ ਕੁਝ ਧੀਰਜ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਕੇ ਆਉਂਦੀ ਹੈ, ਸੋਗ ਬਣ ਕੇ ਨਹੀਂ ਆਉਂਦੀ। ਸੋਗ ਉਹਨਾਂ

ਦਾ ਮਨਾਈਦਾ ਹੈ ਜਿਹੜੇ ਮਰ ਜਾਂਦੇ ਹਨ। ਗੁਰੂ ਕਿਉਂਕਿ ਮਰਦਾ ਨਹੀਂ, ਇਸ ਲਈ ਗੁਰੂ ਦਾ ਸੋਗ ਨਹੀਂ ਹੁੰਦਾ। ਹਾਂ, ਚੋਲਾ ਬਦਲਦਾ ਹੈ ਤੇ ਚੋਲਾ ਜਦੋਂ ਬਦਲਦਾ ਹੈ ਉਦੋਂ ਕੋਈ ਨਵਾਂ ਚੋਲਾ ਖ਼ੂਬਸੂਰਤ ਲੈ ਕੇ ਆਉਂਦਾ ਹੈ। ਤੇ ਗੁਰੂ ਤੇਗ਼ ਬਹਾਦਰ ਦੇ ਰੂਪ ਦਾ ਚੋਲਾ ਬਦਲਿਆ ਤੇ 'ਗੋਬਿੰਦ' ਦੇ ਰੂਪ ਦਾ ਚੋਲਾ ਆ ਗਿਆ, ਸਿਰਫ ਚੋਲਾ ਹੀ ਬਦਲਣਾ ਸੀ।

ਇਸ ਚੋਲੇ ਦੇ ਅੰਦਰ ਜਿਹੜੀ ਜੋਤ ਹੈ ਉਹ ਕਦੇ ਖ਼ਤਮ ਨਹੀਂ ਹੁੰਦੀ ਤੇ ਉਸ ਜੋਤ ਦਾ ਨਾਂ ਸਤਿਗੁਰੂ ਨੇ ਬਾਣੀ 'ਚ ਆਖਿਆ :

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥"

(ਗੁ.ਗ੍ਰੰ.ਸਾ.ਪੰਨਾ : 1395)

ਤੇ ਉਹ ਜੋਤ ਕੀ ਸੀ :

"ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥"

(ਗੁ.ਗ੍ਰੰ.ਸਾ.ਪੰਨਾ : 1395)

ਤੇ ਉਹ ਜੋਤ ਸੀ ਸ਼ਬਦ ਦਾ ਦੀਪਕ ਜਿਹੜੀ 'ਨਾਨਕ' ਵਿੱਚ ਵੀ ਜਲੀ, ਜਿਹੜੀ 'ਅੰਗਦ' ਵਿੱਚ ਵੀ ਜਲੀ ਤੇ ਗੁਰੂ ਬਣਦੇ ਗਏ, ਗੁਰੂ ਹੁੰਦੇ ਗਏ। ਤੇ ਇਹ ਜਲਦੀ-ਜਲਦੀ ਜੋਤ ਅੱਜ 'ਗ੍ਰੰਥ' ਵਿੱਚ ਜਲੀ ਤੇ ਗੁਰੂ ਗ੍ਰੰਥ ਸਾਹਿਬ ਬਣ ਗਏ। ਤੇ ਜਿਵੇਂ ਹਰ ਜਲਦੇ ਦੀਵੇ ਨੂੰ ਉੱਚੀ ਥਾਵੇਂ ਰਖਿਆ ਜਾਂਦਾ ਹੈ, ਹਰ ਉਹ ਕਾਇਆ ਜਿਹਦੇ ਵਿੱਚ ਗੁਰੂ ਜੋਤ ਪ੍ਰਗਟ ਹੋਈ ਉਹਨੂੰ ਸਿੰਘਾਸਨ 'ਤੇ ਬਿਠਾਇਆ ਗਿਆ।

ਇਸੇ ਲਈ ਅੱਜ ਤਖ਼ਤ ਚਵਰ ਦੇ ਮਾਲਕ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ ਅਤੇ ਸ਼ਬਦ ਨੂੰ ਗੁਰੂ ਮੰਨਣਾ ਸਿੱਖ ਦਾ ਕਰਮ ਹੈ। ਪਰ ਸਾਡੀ ਇਕ ਬਦਕਿਸਮਤੀ ਹੈ, ਉਹ ਇਹ ਕਿ ਸ਼ਬਦ ਨਾਲੋਂ ਟੁੱਟ ਕੇ ਅਸੀਂ ਅਜੇ ਵੀ ਦੇਹਾਂ ਭਾਲਦੇ ਫਿਰਦੇ ਹਾਂ। ਜੇ ਕੋਈ ਦੇਹਧਾਰੀ ਗੁਰੂ ਆ ਜਾਏ ਤਾਂ ਉਹਦੀਆਂ ਬੜੀਆਂ ਪਰਿਕਰਮਾ ਕਰੀਂ ਦੀਆਂ ਹਨ, ਉਹਦੇ ਕੋਲੋਂ ਡਰ ਵੀ ਲੱਗਦਾ ਹੈ ਤੇ ਉਹਦੀ ਗੱਲ ਵੀ ਮੰਨ ਜਾਈਦੀ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਬੈਠਾ ਹੋਇਆ ਗੁਰੂ ਬਾਣੀ, ਸ਼ਬਦ ਗੁਰੂ ਰੋਜ਼ ਸਾਡੇ ਨਾਲ ਬਚਨ ਕਰਦਾ ਹੈ ਤੇ ਅਸੀਂ ਸੁਣੀ-ਅਣਸੁਣੀ ਕਰ ਕੇ ਲੰਘ ਜਾਂਦੇ ਹਾਂ ਤੇ ਲੰਘੀ ਜਾ ਰਹੇ ਹਾਂ। ਇਸੇ ਲਈ ਜੀਵਨ ਜਾਂਚ ਨਹੀਂ ਆ ਰਹੀ, ਲੋਕ-ਪ੍ਰਲੋਕ ਲਈ ਜੋ ਕੁਝ ਵੀ ਕਰ ਰਹੇ ਹਾਂ, ਉਹ ਸਭ ਬਾਵਰੇ ਮਨੁੱਖ ਦੀ ਤਰ੍ਹਾਂ ਬਿਨਾ ਜਾਣੇ, ਬਿਨਾ ਪਛਾਣੇ ਹੀ ਕਰ ਰਹੇ ਹਾਂ, ਤੇ ਗੁਰੂ ਜੀ ਆਖਦੇ ਹਨ :

"ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥"

❖

ਸੇਵਾ ਅਤੇ ਸਿਮਰਨ

ਸਿੱਖ ਧਰਮ ਦੇ ਦੋ ਮੂਲ ਸਿਧਾਂਤ,

ਮੁੱਢਲੀਆਂ ਸ਼ਕਤੀਆਂ ਹਨ।

ਇਹਨਾਂ ਰਾਹੀਂ ਕਿਵੇਂ ਮੰਜ਼ਿਲ ਤਕ

ਪਹੁੰਚਿਆ ਜਾ ਸਕਦਾ ਹੈ?

ਸੇਵਾ ਅਤੇ ਸਿਮਰਨ

"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ।।"

(ਗੁ.ਗ੍ਰੰ.ਸਾ.ਪੰਨਾ : 735)

"ਹਮਰੀ ਜਿਹਬਾ ਏਕ ਪ੍ਰਭੁ ਹਰਿ ਕੇ ਗੁਣ ਅਗਮ ਅਥਾਹ।।"

(ਗੁ.ਗ੍ਰੰ.ਸਾ.ਪੰਨਾ : 1314)

"ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ।।"

(ਗੁ.ਗ੍ਰੰ.ਸਾ.ਪੰਨਾ : 453)

"ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ।।"

(ਗੁ.ਗ੍ਰੰ.ਸਾ.ਪੰਨਾ : 401)

ਸਿਮਰਨ ਸਰਬ ਗੁਣ ਸੰਪੂਰਨ ਪ੍ਰਭੂ ਦੇ ਗੁਣਾਂ ਦੀ ਬਾਰੰਬਾਰ ਯਾਦ ਅਤੇ ਪ੍ਰਭੂ ਗੁਣਾਂ ਦਾ ਸੰਗ੍ਰਹਿ ਹੈ, ਜਿਹੜਾ ਮੁੱਖ ਨੂੰ ਨਾਲ ਸ਼ਾਮਲ ਕਰਕੇ ਜਾਂ ਇਕੱਲੇ ਚਿਤ ਨਾਲ ਵੀ ਕੀਤਾ ਜਾ ਸਕਦਾ ਹੈ।

"ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।।"

(ਗੁ.ਗ੍ਰੰ.ਸਾ.ਪੰਨਾ : 694)

"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।।



ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ।।"

(ਗੁ.ਗ੍ਰੰ.ਸਾ.ਪੰਨਾ : 1376)

ਸਿਮਰਨ ਰਾਹੀਂ ਹਿਰਦੇ ਦੇ ਬਰਤਨ ਵਿੱਚ ਸੰਗ੍ਰਹਿ ਕੀਤੇ ਪ੍ਰਭੂ ਗੁਣਾਂ ਦੀ, ਗੁਰੂ ਹੁਕਮ ਵਿੱਚ ਰਹਿ ਕੇ ਸ਼ੁਭ ਕਰਮਾਂ ਰਾਹੀਂ ਲੋੜਵੰਦ ਅਤੇ ਦੁਖੀ ਲੋਕਾਈ ਦੇ ਭਲੇ ਲਈ ਵਰਤੋਂ ਕਰਨਾ ਹੀ ਅਸਲ ਵਿੱਚ ਸੇਵਾ ਹੈ।

ਸੇਵਾ ਅਤੇ ਸਿਮਰਨ ਸਿੱਖ ਧਰਮ ਦੇ ਦੋ ਮੂਲ ਸਿਧਾਂਤ ਹਨ, ਮੁੱਢਲੀਆਂ ਸ਼ਕਤੀਆਂ ਹਨ। ਸਿੱਖੀ ਗੁਣਾਂ ਦਾ ਸਮੂਚਾ ਖਜ਼ਾਨਾ ਇਹਨਾਂ ਵਿਚੋਂ ਜਨਮ ਲੈਂਦਾ ਹੈ ਅਤੇ ਇਹਨਾਂ ਦੇ ਦੁਆਲੇ ਹੀ ਕੇਂਦ੍ਰਿਤ ਰਹਿੰਦਾ ਹੈ। ਮਾਨੋ ਸਿੱਖੀ ਦਰੀਆ ਦੇ ਵਹਿਣ ਨੂੰ ਧਰਮ ਧਰਤੀ 'ਤੇ ਚਲਦਿਆਂ ਸਹੀ ਸਲਾਮਤ ਪ੍ਰਭੂ ਮੰਜ਼ਿਲ ਤਕ ਪਹੁੰਚਾਉਣ ਲਈ ਸੇਵਾ ਤੇ ਸਿਮਰਨ ਨਾਲ-ਨਾਲ ਚਲ ਰਹੇ ਦੋ ਕਿਨਾਰੇ ਹਨ। ਸੇਵਾ ਦਾ ਮੁੱਢਲਾ ਗੁਣ ਨਿਮਰਤਾ ਹੈ, ਹਉਮੈ ਦਾ ਤਿਆਗ ਹੈ। ਆਪਾ ਗੁਆ ਕੇ ਸੇਵਕ ਬਣੇ ਬਿਨਾ ਹਿਰਦੇ ਦਾ ਬਰਤਨ ਸ਼ੁੱਧ ਨਹੀਂ ਹੁੰਦਾ ਅਤੇ ਇਸ ਤੋਂ ਬਿਨਾ ਸਿਮਰਨ ਦੀ ਦਾਤ ਹਿਰਦੇ ਵਿੱਚ ਨਹੀਂ ਟਿੱਕਦੀ।

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।।"

(ਗੁ.ਗ੍ਰੰ.ਸਾ.ਪੰਨਾ : 560)

"ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ।।
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ।।"

(ਗੁ.ਗ੍ਰੰ.ਸਾ.ਪੰਨਾ : 653)

ਸੇਵਾ ਅਤੇ ਸਿਮਰਨ ਵਿੱਚ ਕੁਝ ਸੂਖਮ ਭੇਦ ਵੀ ਹਨ ਜਿਨ੍ਹਾਂ ਦਾ ਸਮਝਣਾ ਜ਼ਰੂਰੀ ਹੈ। ਜੀਵਨ ਦੇ ਲੰਮੇ ਸਫਰ ਵਿੱਚ ਸੇਵਾ ਕੈਸ਼ (cash) ਹੈ ਅਤੇ ਸਿਮਰਨ ਡਰਾਫਟ (draft) ਹੈ। ਕੈਸ਼ ਹਰ ਥਾਵੇਂ ਹਰ ਸਮੇਂ ਵਰਤਿਆ ਜਾ ਸਕਦਾ ਹੈ ਪਰ ਸਫਰ ਵਿੱਚ ਚੋਰੀ ਦਾ ਖ਼ਤਰਾ ਵੀ ਜ਼ਿਆਦਾ ਹੁੰਦਾ ਹੈ। ਡਰਾਫਟ ਖਾਸ ਕਾਊਂਟਰ 'ਤੇ ਜਾ ਕੇ ਹੀ ਕੈਸ਼ ਹੁੰਦਾ ਹੈ ਪਰ ਚੋਰੀ ਦਾ ਕੋਈ ਖ਼ਤਰਾ ਨਹੀਂ ਅਤੇ ਧੁਰ ਪੁੱਜਦਾ ਹੈ। ਗੁਰੂ ਫਰਮਾਨ ਹੈ :

"ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ।।"

(ਗੁ.ਗ੍ਰੰ.ਸਾ.ਪੰਨਾ : 511)

ਨਾਮ ਜਪਣ ਵਾਲੇ ਨੂੰ ਇਕਾਗਰਤਾ ਚਾਹੀਦੀ ਹੈ। ਇਸ ਲਈ ਜਿਥੇ ਇਕਾਂਤ ਮਿਲੇ, ਉਥੇ ਮਨ ਜ਼ਿਆਦਾ ਲੱਗਦਾ ਹੈ -

'ਗੁਰਮੁਖ ਬੇਣੀ ਭਗਤ ਕਰ ਜਾਇ ਇਕਾਂਤ ਰਹੇ ਲਿਵ ਲਾਇ।'

(ਭਾਈ ਗੁਰਦਾਸ ਜੀ)

"ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।।"

(ਗੁ.ਗ੍ਰੰ.ਸਾ.ਪੰਨਾ : 938)

ਪਰ ਸੇਵਾ ਕਰਨ ਵਾਲੇ ਨੂੰ ਕੋਈ ਦੂਜਾ ਚਾਹੀਦਾ ਹੈ। ਗੁਰਮਤ ਸਿਧਾਂਤ ਅਨੁਸਾਰ ਜਿਥੇ ਗੁਰੂ ਦੀ ਸੇਵਾ ਨੂੰ ਅਤੀ ਮਹਾਨ ਮੰਨਿਆ ਗਿਆ ਹੈ, ਉਥੇ ਜਾਤ-ਪਾਤ, ਰੰਗ-ਨਸਲ, ਆਪਣੇ-ਬਿਗਾਨੇ ਦੇ ਪ੍ਰਭਾਵ ਤੋਂ ਉੱਚਾ ਉਠ ਕੇ ਲੋੜਵੰਦ ਮਨੁੱਖ ਮਾਤਰ ਦੀ ਸੇਵਾ ਨੂੰ ਅਤੀ ਸਤਿਕਾਰਿਆ ਗਿਆ ਹੈ। ਇਤਿਹਾਸ ਦੇ ਪੰਨਿਆਂ 'ਤੇ ਗੁਰੂ ਨਾਨਕ ਵੱਲੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ, ਅੱਗੇ ਤੋਂ ਲੋੜਵੰਦਾਂ ਲਈ ਲੰਗਰ ਦੀ ਮਰਯਾਦਾ ਚਲਾਉਣੀ ਇਸ ਦੇ ਪ੍ਰਤੱਖ ਪ੍ਰਮਾਣ ਹਨ। ਗੁਰੂ ਅਰਜਨ ਸਾਹਿਬ ਦਾ ਲਾਹੌਰ ਵਿੱਚ ਹੈਜੇ ਦੀ ਬੀਮਾਰੀ ਫੈਲ ਜਾਣ 'ਤੇ ਆਪਣੇ ਹੱਥੀਂ ਦਿਨ-ਰਾਤ ਰੋਗੀਆਂ ਦੀ ਸੇਵਾ ਵਿੱਚ ਜੁੱਟ ਜਾਣਾ, ਜੰਗ ਦੇ ਸਮੇਂ ਭਾਈ ਘਨਈਆ ਜੀ ਵੱਲੋਂ ਸੱਜਣ-ਦੁਸ਼ਮਣ ਦੀ ਸੋਚ ਤੋਂ ਉੱਚਾ ਉਠ ਕੇ ਪਾਣੀ ਪਿਲਾਉਣ ਦੀ ਸੇਵਾ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਵੱਲੋਂ ਭਾਈ ਘਨਈਆ ਜੀ ਨੂੰ ਸੀਨੇ ਨਾਲ ਲਾ ਲੈਣਾ ਅਤੇ ਆਖਣਾ - ਭਾਈ ਘਨਈਆ ! ਤੇਰੀ ਸੇਵਾ ਮਹਾਨ ਹੈ, ਆਹ ਲੈ ਘਾਇਲਾਂ ਦੇ ਜ਼ਖਮਾਂ 'ਤੇ ਮਰ੍ਹਮ ਵੀ ਲਾ ਦਿਆ ਕਰ।

ਗੁਰਮਤਿ ਅਨੁਸਾਰ ਸੇਵਾਦਾਰ ਸਮਦ੍ਰਿਸ਼ਟ ਹੋਵੇ। "ਸਭ ਮਹਿ ਜਾਨਉ ਕਰਤਾ ਏਕ" ਦਾ ਧਾਰਨੀ ਹੋਵੇ, ਸੰਸਾਰ ਨੂੰ ਪਰਮੇਸ਼ਰ ਦਾ ਸਰਗੁਨ ਰੂਪ ਜਾਣ ਕੇ ਗੁਰੂ ਦੇ ਇਸ ਬਚਨ 'ਤੇ ਵਿਸ਼ਵਾਸ ਕਰੇ :

"ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।।"

(ਗੁ.ਗ੍ਰੰ.ਸਾ.ਪੰਨਾ : 26)

ਇਉਂ ਸੇਵਾ ਨਿਰੰਕਾਰ ਦੇ ਸਰਗੁਨ ਸਰੂਪ ਦੀ ਭਗਤੀ ਬਣ ਜਾਂਦੀ ਹੈ ਅਤੇ ਸਿਮਰਨ ਨਿਰਗੁਨ ਸਰੂਪ ਦੀ ਉਪਾਸਨਾ।

ਇਕ ਹੋਰ ਗੱਲ ਸਮਝਣੀ ਹੈ ਕਿ ਸਿਮਰਨ ਸਮੇਂ ਤੇ ਸਥਾਨ ਦੇ ਬੰਧਨ ਤੋਂ ਮੁਕਤ ਹੈ ਪਰ ਸੇਵਾ ਸਮੇਂ, ਸਥਾਨ ਜਾਂ ਲੋੜਵੰਦ ਦੀ ਲੋੜ ਅਨੁਸਾਰ ਬਦਲ ਜਾਂਦੀ ਹੈ। ਇਥੇ-ਉਥੇ, ਗਰਮੀ-ਸਰਦੀ, ਦਿਨ-ਰਾਤ ਵਿੱਚ ਸਿਮਰਨ ਇਕ ਰਸ ਹੈ। ਸਿਮਰਨ ਲਈ ਸਮਾਂ ਵੀ ਤੂੰ ਆਪਣੀ ਸੁਵਿਧਾ ਅਨੁਸਾਰ ਨਿਸ਼ਚਿਤ ਕਰ ਸਕਦਾ ਹੈਂ, ਕੇਵਲ ਚਿਤ ਦੀ ਇਕਾਗਰਤਾ ਹੋਣੀ ਚਾਹੀਦੀ ਹੈ। ਪਰ ਸੇਵਾ ਜੇ ਗਰਮੀਆਂ ਵਿੱਚ ਪੱਖਾ ਝੱਲਣ, ਪਾਣੀ ਪਿਲਾਉਣ ਦੀ ਕਰਨੀ ਹੈ ਤਾਂ ਸਰਦੀਆਂ ਵਿੱਚ ਇਹ ਸੇਵਾ ਬਦਲ ਜਾਏਗੀ। ਜੇ ਤੂੰ ਕਿਸੇ ਬੀਮਾਰ ਦੀ ਸੇਵਾ ਵਿੱਚ ਹੈਂ ਤਾਂ ਉਸਨੂੰ ਕਿਸ ਸਮੇਂ ਕਿਸ ਚੀਜ਼ ਦੀ ਲੋੜ ਹੈ, ਸੇਵਾ ਇਸ ਗੱਲ 'ਤੇ ਨਿਰਭਰ ਹੈ। ਜੇ ਕਿਸੇ ਬੀਮਾਰ ਨੂੰ ਰਾਤ ਬਾਰਾਂ ਵਜੇ ਦੁਆਈ ਦੇਣੀ ਹੋਵੇ, ਪਰ ਤੂੰ ਕਹੇਂ ਮੈਨੂੰ ਨੀਂਦ ਆਈ ਹੈ ਇਸ ਲਈ ਅੱਠ ਵਜੇ ਹੀ ਦੁਆਈ ਦੇ ਦਿੰਦਾ ਹਾਂ, ਤਾਂ ਇਹ ਸੇਵਾ ਸਫਲ ਨਹੀਂ ਹੋ ਸਕੇਗੀ। ਇਸ ਲਈ ਸੇਵਾ ਦਾ ਸਮਾਂ, ਸਥਾਨ ਅਤੇ ਸਾਧਨ ਇਕੋ ਜਿਹੇ ਨਹੀਂ ਰਹਿੰਦੇ ਬਲਕਿ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ। ਭੁੱਖੇ ਦੀ ਸੇਵਾ ਭੋਜਨ ਛਕਾ ਕੇ, ਪਿਆਸੇ ਦੀ ਸੇਵਾ ਪਾਣੀ ਪਿਲਾ ਕੇ, ਕਿਸੇ ਨੰਗੇ ਨੂੰ ਬਸਤਰ ਪਹਿਨਾ ਕੇ, ਲੋੜ ਅਨੁਸਾਰ ਹੀ ਸੇਵਾ ਕੀਤੀ ਜਾਵੇਗੀ। ਕੇਵਲ ਸਿਮਰਨ ਵਾਲਾ ਕਈ ਵਾਰ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜਾਂਦਾ ਹੈ ਜਿੱਥੇ ਕੋਈ ਨਾ ਹੋਵੇ। ਪਰ ਸੇਵਾ ਕਰਨ ਵਾਲੇ ਨੂੰ ਤਾਂ ਦੂਜਾ ਚਾਹੀਦਾ ਹੈ। ਲੋਕ ਚਾਹੀਦੇ ਹਨ, ਦਇਆਵਾਨ ਦਿਲ ਚਾਹੀਦਾ ਹੈ ਜਿਸ ਨਾਲ ਲੋਕਾਂ ਵਿੱਚ ਰਹਿ ਕੇ ਲੋਕਾਂ



ਦੇ ਦੁੱਖ ਸਮਝ ਸਕੇ। ਜੰਗਲਾਂ ਵਿੱਚ ਕੇਵਲ ਸਿਮਰਨ ਸਮਾਧੀਆਂ ਲਾਉਣ ਵਾਲੇ ਜੋਗੀ ਤਾਂ ਪਾਪਾਂ ਜ਼ੁਲਮਾਂ ਦੀ ਅੱਗ ਵਿੱਚ ਝੁਲਸ ਰਹੀ ਦੁਨੀਆਂ ਦੀ ਹਾਲਤ ਤੋਂ ਵੀ ਬਿਲਕੁਲ ਬੇਖਬਰ ਸਨ। ਬਾਬਾ ਕਬੀਰ ਜੀ ਦੇ ਕਹਿਣ ਵਾਂਗ :

"ਕਿਛੁ ਨਾ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ।।
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ।।"

(ਗੁ.ਗ੍ਰੰ.ਸਾ.ਪੰਨਾ : 1378)

ਆਤਸ਼ ਦੁਨੀਆਂ ਤੋਂ ਆਪਾ ਬਚ ਕੇ ਨਿਕਲ ਆਉਣ ਵਿੱਚ ਹੀ ਖ਼ੁਸ਼ ਸਨ, ਇਸੇ ਲਈ ਤਾਂ ਗੁਰੂ ਨਾਨਕ ਤੋਂ ਮਾਤ ਲੋਕ ਦੀ ਹਾਲਤ ਪੁੱਛਦੇ ਹਨ :

'ਫਿਰਿ ਪੁਛਣਿ ਸਿਧ ਨਾਨਕਾ ਮਾਤਲੋਕ ਵਿਚਿ ਕੀਆ ਵਰਤਾਰਾ।
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।
ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾਂ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ ਹਉਂ ਭਾਲਣਿ ਚੜ੍ਹਿਆ ਸੰਸਾਰਾ।
ਪਾਪ ਗਿਰਾਸੀ ਪ੍ਰਿਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।
ਸਿਧ ਛਪਿ ਬੈਠੇ ਪਰਬਤੀਂ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।
ਜੋਗੀ ਗਿਆਨ ਵਿਹੂਣਿਆਂ ਨਿਸਿਦਿਨਿ ਅੰਗਿ ਲਗਾਇਨਿ ਛਾਰਾ।
ਬਾਝੁ ਗੁਰੂ ਡੁਬਾ ਜਗੁ ਸਾਰਾ।।'

(ਭਾਈ ਗੁਰਦਾਸ ਜੀ, ਵਾਰ 1 ਪਉੜੀ 24)

ਪਰਬਤ ਦੀਆਂ ਗੁਫਾਵਾਂ ਵਿੱਚ ਛੁੱਪ ਬੈਠੇ ਜੋਗੀ ਲੋਕਾਂ ਦੇ ਦੁੱਖਾਂ ਦੀ ਸਾਰ ਕੀ ਜਾਨਣ ? ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਆਪਣੀ ਪੁਸਤਕ ਵਿੱਚ ਇਕ ਥਾਂ ਲਿੱਖਿਆ ਹੈ -

'ਹਾ ਹੂ ਸ਼ੋਰ ਦੀਨੀ ਦਾ ਸੁਣ ਕੇ ਇਕ ਜੋਗੀ ਪਰਬਤ ਚੜ੍ਹਿਆ।
ਉਚੇ ਨੀਵੇਂ ਬਨ ਪਰਬਤ ਲੰਘ ਜਾ ਕੰਦਰਾ ਵਿਚ ਵੜਿਆ।
ਬਗਲ ਨਿਮਾਣੀ ਅਬਲਾ ਚੀਕੀ ਪਰ ਉਸ ਗਲ ਨਾ ਗੌਲੀ।
ਕਠਨ ਸਮਾਧੀ ਤਪ ਕਰ ਭਾਰਾ ਜਦੋਂ ਉਚੇਰਾ ਚੜ੍ਹਿਆ।
ਦਾਤਾ ਦੇ ਦਰ ਬੰਦ ਸੀ ਬੂਹੇ ਲਿਖਿਆ ਸੀ ਮੁੜ ਜਾ ਤੂੰ।
ਕਾਇਰ ਹਠੀ ਕਮੀਨੇ ਪਾਜੀ ਨਾ ਬੂਹਾ ਖੜਕਾ ਤੂੰ।
ਦੀਨਾ ਦਾ ਨਾ ਦਰਦ ਵੰਡਾਇਆ ਦੀਨ ਬੰਧ ਚਾਹੇਂ ਮਿਲਨਾ।
ਜਾ ਪਹਿਲੇ ਦੁਖੀਆਂ ਦੇ ਵੇਹੜੇ ਮੁੜ ਮੇਰੇ ਵਲ ਆ ਤੂੰ।'

ਬਾਬਾ ਨਾਨਕ ਉਦਾਸੀਆਂ ਧਾਰਨ ਕਰਕੇ ਦੁਖੀਆਂ ਦੇ ਦੁੱਖ ਵੰਡਾਉਂਦਾ, **"ਖਾਲਕ ਖਲਕ ਮਹਿ"** ਅਨੁਸਾਰ ਲੋਕ ਸੇਵਾ ਦੇ ਪਵਿੱਤਰ ਬਰਤਨ ਵਿੱਚ ਸਿਮਰਨ ਸੰਭਾਲਨਾ ਚਾਹੁੰਦਾ ਸੀ। ਇਸੇ ਲਈ ਗੁਰੂ ਨਾਨਕ ਦੇ ਉਦਾਸੀਆਂ ਰਾਹੀਂ ਅਰੰਭੇ ਲੋਕ ਸੇਵਾ ਮਿਸ਼ਨ ਦੇ ਰਾਹ ਵਿੱਚ ਪਰਿਵਾਰਿਕ ਮੋਹ, ਕਾਰੋ-ਬਾਰਕ ਲੋਭ, ਰਾਜਨੀਤਿਕ ਦਬਾਅ, ਕਰਮ-ਕਾਂਡੀ ਧਰਮ ਦੇ ਠੇਕੇਦਾਰਾਂ ਦਾ

ਵਿਰੋਧ ਕੁਝ ਵੀ ਰੁਕਾਵਟ ਨਾ ਬਣ ਸਕਿਆ। ਜਿਵੇਂ ਟ੍ਰੈਫਿਕ (traffic) ਦਾ ਨਿਯਮ ਸੜਕ (road) ਦੀਆਂ ਸਾਈਡਾਂ, ਗਤੀ ਸੀਮਾ (speed limit), ਲਾਈਨਾਂ ਦਾ ਬੰਧਨ ਚਲਦੇ ਵਕਤ ਹਰ ਮੋਟਰ ਗੱਡੀ 'ਤੇ ਲਾਗੂ ਹੁੰਦਾ ਹੈ ਅਤੇ ਹਰ ਕਿਸੇ ਨੂੰ ਉਸ ਅਨੁਸ਼ਾਸਨ (discipline) ਵਿੱਚ ਹੀ ਚਲਣਾ ਪੈਂਦਾ ਹੈ। ਪਰ ਜਦੋਂ ਕੋਈ ਐਂਬੁਲੈਂਸ ਕਿਸੇ ਗੰਭੀਰ ਰੋਗੀ ਦੀ ਸੰਭਾਲ ਲਈ ਜਾ ਰਹੀ ਹੋਵੇ, ਜਾਂ ਫਾਇਰ ਬਰਿਗੇਡ ਦੀ ਗੱਡੀ ਕਿਸੇ ਦੇ ਜਲਦੇ ਘਰ ਦੀ ਅੱਗ ਬੁਝਾਉਣ ਜਾ ਰਹੀ ਹੋਵੇ ਤਾਂ ਉਸ ਲਈ ਇਹ ਟ੍ਰੈਫਿਕ ਨਿਯਮ ਦੇ ਬੰਧਨ ਨਹੀਂ ਰਹਿੰਦੇ ਬਲਕਿ ਹਰ ਕੋਈ ਉਸ ਨੂੰ ਪਹਿਲਾਂ ਰਾਹ ਦਿੰਦਾ ਹੈ ਅਤੇ ਜਿਥੋਂ ਵੀ ਰਾਹ ਬਣੇ, ਉਹ ਲੋੜਵੰਦ ਦੁਖੀ ਤਕ ਪੁੱਜਦੀ ਹੈ।

"ਜਗਤੁ ਜਲੰਦਾ ਰਖ ਲੈ ਆਪਣੀ ਕਿਰਪਾ ਧਾਰਿ ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।।"

(ਗੁ.ਗ੍ਰੰ.ਸਾ.ਪੰਨਾ : 853)

ਗੁਰਮਤਿ ਵਿਚਾਰਧਾਰਾ ਅਨੁਸਾਰ ਇਹ ਉੱਚ ਆਦਰਸ਼ਕ ਲੋਕ ਸੇਵਾ ਅਤੇ ਸਿਮਰਨ ਹੀ ਪ੍ਰਭੂ ਮੰਜ਼ਿਲ ਤਕ ਲੈ ਜਾਂਦੇ ਹਨ।

❖

◆

ਸਤਿਗੁਰੂ ਨੇ ਚੰਦਨ ਦੇ ਬੂਟੇ ਨੂੰ
ਹੀ ਚੰਗਾ ਕਿਉਂ ਆਖਿਆ ?
ਚੰਦਨ ਦੀ ਤੁਲਨਾ ਗੁਰੂ ਨਾਲ ਕਿਉਂ ਕੀਤੀ ?
ਸੰਸਾਰ ਨੂੰ ਚੰਦਨ ਤੋਂ ਕਿੰਨਾ ਕੁ ਲਾਭ ਹੈ ?

◆

ਚੰਦਨ

ਚੰਦਨ ਦੇ ਦਰਖ਼ਤ ਦਾ ਗੁਣ ਹੈ ਸੁਗੰਧ ਵੰਡਣੀ। ਸਤਿਗੁਰੂ ਨੇ ਬਾਣੀ 'ਚ ਆਖ ਦਿੱਤਾ - ਚੰਦਨ ਦਾ ਬੂਟਾ ਬੜਾ ਚੰਗਾ ਹੈ; ਚੰਦਨ ਦਾ ਬੂਟਾ ਐਨਾ ਚੰਗਾ ਹੈ ਕਿ ਉਸ ਬੂਟੇ ਨੂੰ ਗੁਰੂ ਨਾਲ ਤੁਲਨਾ ਦੇ ਦਿੱਤੀ ਗਈ ਕਿ ਹੇ ਗੁਰੂ, ਤੂੰ ਵੀ ਚੰਦਨ ਹੈ -

"ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।।"

(ਗੁ.ਗ੍ਰੰ.ਸਾ.ਪੰਨਾ : 486)

ਇਥੇ ਬਸ ਨਹੀਂ, ਕਿਸੇ ਵੀ ਚੰਗੇ ਵਿਅਕਤੀ ਨੂੰ, ਕਿਸੇ ਵੀ ਮਹਾਨ ਪੁਰਸ਼ ਨੂੰ ਚੰਦਨ ਦੀ ਸੰਗਿਆ ਦੇ ਦਿੱਤੀ ਗਈ :

"ਚੰਦਨ ਕੈ ਸੰਗਿ ਤਰਵਰੁ ਬਿਗਰਿਓ।।
ਸੋ ਤਰਵਰੁ ਚੰਦਨੁ ਹੋਇ ਨਿਬਰਿਓ।।"

(ਗੁ.ਗ੍ਰੰ.ਸਾ.ਪੰਨਾ : 1158)

"ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।।
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।।"

(ਗੁ.ਗ੍ਰੰ.ਸਾ.ਪੰਨਾ :1365)

ਚੰਦਨ ਦਾ ਬਿਰਵਾ ਬੂਟਾ ਚੰਗਾ ਹੈ।



ਪਰ ਹੁਣ ਇੱਕ ਸੁਆਲ ਪੈਦਾ ਹੋਇਆ, ਸੰਸਾਰ ਅੰਦਰ ਬੂਟੇ ਹੋਰ ਵੀ ਬੜੇ ਨੇ, ਜਿਨ੍ਹਾਂ ਦਾ ਆਕਾਰ ਬਹੁਤ ਵੱਡਾ ਹੈ, ਹਜ਼ਾਰਾਂ ਲੋਕ ਉਨ੍ਹਾਂ ਬੂਟਿਆਂ ਦੀਆਂ ਛਾਵੇਂ ਬੈਠ ਸਕਦੇ, ਛਾਂ ਮਾਣ ਸਕਦੇ ਨੇ, ਗਰਮੀਆਂ ਦੇ ਦਿਹਾੜੇ ਦੁਪਹਿਰਾਂ ਬਿਤਾ ਸਕਦੇ ਨੇ। ਤੇ ਬਾਵਨ ਚੰਦਨ ਦਾ ਬੂਟਾ ਇੰਨਾਂ ਛੋਟਾ ਹੈ ਕਿ ਉਹਦੇ ਥੱਲੇ ਕੋਈ ਮਨੁੱਖ ਬੈਠ ਹੀ ਨਹੀਂ ਸਕਦਾ। ਬਾਵਨ ਚੰਦਨ ਤੋਂ ਭਾਵ ਹੈ ਕੇਵਲ 52 ਉਂਗਲਾਂ ਉੱਚਾ। ਕਹਿੰਦੇ ਨੇ ਜਿਹੜਾ ਬਾਵਨ ਚੰਦਨ ਦਾ ਬੂਟਾ ਹੈ, ਕੇਵਲ 52 ਉਂਗਲਾਂ ਉੱਚਾ ਹੁੰਦਾ ਹੈ ਤੇ 52 ਉਂਗਲ ਚੰਦਨ ਦੇ ਥੱਲੇ ਕਿਸੇ ਨੇ ਛਾਂ ਕੀ ਮਾਨਣੀ ਹੈ, ਇਸ ਲਈ ਐਨੇ-ਐਨੇ ਵੱਡੇ ਦਰਖਤ ਨੇ, ਪਿੱਪਲ ਤੇ ਬੋੜ੍ਹ ਦੀ ਛਾਂ ਨੂੰ ਲੋਕ ਯਾਦ ਕਰਦੇ ਨੇ। ਤੇ ਜਿਹੜਾ ਮਨੁੱਖ ਦੁਨੀਆਂ ਨੂੰ ਬੜਾ ਸੁੱਖ ਦੇ ਗਿਆ ਹੋਵੇ, ਉਹਨੂੰ ਲੋਕ ਬੋੜ੍ਹ ਵਾਂਗ ਆਖਦੇ ਨੇ - ਫਲਾਣਾ ਬਾਬਾ ਤਾਂ, ਫਲਾਣਾ ਬਜ਼ੁਰਗ ਤਾਂ ਬੋੜ੍ਹ ਵਾਂਗ ਆਪਣੇ ਪਰਿਵਾਰ ਨੂੰ, ਆਪਣੀ ਬਿਰਾਦਰੀ ਨੂੰ ਆਪਣੀ ਛਾਇਆ ਥੱਲੇ ਰਖਦਾ ਸੀ। ਪਰ, ਹੇ ਸਤਿਗੁਰੂ, ਤੁਸੀਂ ਬੋੜ੍ਹ ਦੇ ਦਰੱਖਤ ਨੂੰ ਵੱਡਾ ਨਹੀਂ ਆਖਿਆ, ਚੰਗਾ ਨਹੀਂ ਆਖਿਆ। ਜੇ ਫਲਾਂ ਦੇ ਦਰਖਤਾਂ ਵੱਲ ਨੂੰ ਵੇਖੀਏ ਤਾਂ ਐਨੇ ਦਰੱਖਤ ਸੰਸਾਰ ਦੇ ਨੇ ਜਿਹੜਾ ਮਿੱਠਾ ਫੱਲ ਦਿੰਦੇ ਨੇ, ਦੁਨੀਆਂ ਦਾ ਹਰ ਮਨੁੱਖ ਉਨ੍ਹਾਂ ਫੁੱਲਾਂ ਦਾ ਰਸ ਮਾਣ ਸਕਦਾ ਹੈ, ਤੁਸੀਂ ਉਨ੍ਹਾਂ ਨੂੰ ਵੀ ਵੱਡਾ ਤੇ ਚੰਗਾ ਨਹੀਂ ਆਖਿਆ। ਜੇ ਫਲਾਂ ਦੀ ਦੁਨੀਆਂ ਤੇ ਛਾਵਾਂ ਦੀ ਦੁਨੀਆਂ ਤੋਂ ਵੱਖਰਾ ਹੋ ਕੇ ਕਿਸੇ ਖ਼ੁਸ਼ਬੂ ਦੀ ਦੁਨੀਆਂ, ਸੁਗੰਧੀ ਦੀ ਦੁਨੀਆਂ ਵੱਲ ਦੇਖੀਏ ਤਾਂ ਉੱਥੇ ਵੀ ਬੜੇ ਖ਼ੂਬਸੂਰਤ ਬੂਟੇ ਨੇ - ਗੁਲਾਬ ਦਾ ਹੈ, ਚਮੇਲੀ ਹੈ, ਗੇਂਦਾ ਹੈ - ਜਿਹੜੇ ਖ਼ੂਬਸੂਰਤ ਵੀ ਨੇ ਤੇ ਖ਼ੁਸ਼ਬੂਆਂ ਵੀ ਵੰਡਦੇ ਨੇ। ਪਰ ਤੁਸੀਂ ਉਨ੍ਹਾਂ ਨੂੰ ਵੀ ਚੰਗਾ ਨਹੀਂ ਆਖਿਆ।

ਕੀ ਕਾਰਣ ਹੈ ?

ਤੁਸੀਂ ਆਖ ਰਹੇ ਹੋ :

"ਚੰਦਨ ਕਾ ਬਿਰਵਾ ਭਲਾ..."

ਚੰਦਨ ਦਾ ਬੂਟਾ ਬਹੁਤ ਚੰਗਾ ਹੈ ਤੇ ਗੁਰੂ ਨੂੰ ਵੀ ਚੰਦਨ ਦੀ ਸੰਗਿਆ ਪਏ ਦਿੰਦੇ ਹੋ ਹਾਲਾਂਕਿ ਬਾਵਨ ਚੰਦਨ ਦੀ ਨਾ ਕੋਈ ਛਾਂ ਮਾਣ ਸਕਦਾ ਹੈ। ਨਾਲ ਹੀ ਐਨੀ ਮਹਿੰਗੀ ਲੱਕੜ ਕਿ ਦੁਨੀਆਂ ਦੇ ਹਰ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ। ਕਿੰਨੇ ਮਨੁੱਖ ਨੇ ਸੰਸਾਰ ਵਿੱਚ ਜਿਹੜੇ ਬਾਵਨ ਚੰਦਨ ਨੂੰ ਵਰਤਦੇ ਨੇ, ਬਹੁਤ ਘੱਟ ਹੀ ਲੋਕ ਹੋਣਗੇ ਜਿਨ੍ਹਾਂ ਨੇ ਇਸ ਨੂੰ ਵੇਖਿਆ ਵੀ ਹੋਵੇਗਾ। ਸੰਸਾਰ ਨੂੰ ਕਿੰਨਾਂ ਕੁ ਲਾਭ ਹੈ ਬਾਵਨ ਚੰਦਨ ਦਾ ? ਕੋਈ ਬਹੁਤ ਅਮੀਰ ਆਦਮੀ ਤਾਂ ਚੰਦਨ ਕੀ ਲੱਕੜ ਵਰਤਣ ਵਿੱਚ ਲੈ ਆਵੇ ਪਰ ਆਮ ਮਨੁੱਖ ਨੂੰ ਤਾਂ ਬਾਵਨ ਚੰਦਨ ਦੀ ਜਾਂ ਚੰਦਨ ਦੀ ਲੱਕੜ ਵੀ ਨਸੀਬ ਨਹੀਂ ਹੁੰਦੀ। ਚੰਦਨ ਆਮ ਮਨੁੱਖ ਨਾਲ ਬਹੁਤਾ ਸੰਬੰਧ ਨਹੀਂ ਰੱਖਦਾ। ਇਹਦੇ ਨਾਲੋਂ ਸੁਗੰਧੀ ਦੇ ਲਿਹਾਜ਼ ਨਾਲ ਗੁਲਾਬ ਦਾ ਫੁੱਲ ਹੈ, ਚਮੇਲੀ ਹੈ। ਦੁਨੀਆਂ ਦਾ ਹਰ ਮਨੁੱਖ ਇਹਨਾਂ ਦੀ ਖ਼ੁਸ਼ਬੂ ਮਾਣ ਸਕਦਾ ਹੈ। ਇਹ ਕਿੰਨੀ ਅਜੀਬ ਗੱਲ ਹੈ ਕਿ ਫਲਾਂ ਦੀਆਂ ਦੁਨੀਆਂ ਵਿੱਚ ਹੋਰ ਬੜੇ ਦਰਖਤ ਨੇ, ਪਰ ਤੁਸੀਂ ਚੰਦਨ ਨੂੰ ਹੀ ਕਿਉਂ ਚੰਗਾ ਆਖਦੇ ਹੋ ? ਚੰਦਨ ਨੂੰ ਹੀ ਕਿਉਂ ਮਹਾਨ ਆਖਦੇ ਹੋ ?

ਸਤਿਗੁਰੂ ਨੇ ਬੜੀ ਖ਼ੂਬਸੂਰਤ ਗੱਲ ਆਖੀ - ਕਹਿਣ ਲੱਗੇ - ਕਿਸੇ ਕੋਲ ਫਲਾਂ ਦਾ ਰਸ

ਹੋਵੇ, ਮਿਠਾਸ ਹੋਵੇ, ਬੜੀ ਚੰਗੀ ਗੱਲ ਹੈ। ਕਿਸੇ ਕੋਲ ਖ਼ੁਸ਼ਬੂ ਹੋਵੇ ਗੁਲਾਬ ਵਰਗੀ, ਚਮੇਲੀ ਵਰਗੀ, ਗੇਂਦੇ ਵਰਗੀ ਬੜੀ ਚੰਗੀ ਗੱਲ ਹੈ ਪਰ ਮੈਂ ਬਾਵਨ ਚੰਦਨ ਨੂੰ ਮਹਾਨ ਕਿਉਂ ਆਖਦਾ ਹਾਂ, ਇਸ ਲਈ ਕਿ :

"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥"

(ਗੁ.ਗ੍ਰੰ.ਸਾ.ਪੰਨਾ : 2)

ਗੁਰੂ ਆਖਦੇ ਨੇ - ਜਿੰਨੇ ਮੈਂ ਸੰਸਾਰ ਅੰਦਰ ਗੁਣਵੰਤੇ ਦੇਖਦਾ ਹਾਂ, ਜਿੰਨੇ ਸੰਸਾਰ ਅੰਦਰ ਚੰਗੇ ਪੁਰਸ਼ ਵਡਿਆਈਆਂ ਦੇ ਮਾਲਕ ਦੇਖਦਾ ਹਾਂ, ਮੈਂ ਮਹਿਸੂਸ ਕਰਦਾ ਹਾਂ, ਹੇ ਮੇਰੇ ਵੱਡੇ ਗੁਰੂ, ਹੇ ਮੇਰੇ ਵੱਡੇ ਸਤਿਗੁਰੂ, ਹੇ ਵੱਡੇ ਗੁਣਾਂ ਵਾਲੇ ਪ੍ਰਭੂ, ਇਹ ਤੇਰੇ ਕੋਲੋਂ ਗੁਣ ਲੈ ਕੇ ਹੀ ਗੁਣਵੰਤੇ ਹੋਏ ਨੇ ਕਿਉਂਕਿ ਤੂੰ ਗੁਣ ਵੰਡਦਾ ਹੈਂ।

ਫੁੱਲ ਕੋਲ ਖ਼ੁਸ਼ਬੂ ਹੈ ਪਰ ਕਿਸੇ ਕੋਲ ਬੈਠੇ ਬੂਟੇ ਨੂੰ ਇਹ ਸ਼ਕਤੀ ਨਹੀਂ ਦਿੰਦਾ ਕਿ ਲੈ ਤੂੰ ਵੀ ਖ਼ੁਸ਼ਬੂ ਲੈ ਲੈ ਅਗਾਂਹ ਵੰਡਦਾ ਰਹੀਂ, ਆਪਣੇ ਮੁਹਥਾਜ ਰਖਦਾ ਹੈ - ਜਿੰਨੇ ਖ਼ੁਸ਼ਬੂ ਲੈਣੀ ਹੈ ਮੇਰੇ ਕੋਲ ਆਓ। ਗੁਣ ਹੈ ਪਰ monopoly (ਏਕਾਧਿਕਾਰ) ਬਣਾ ਲਈ। ਪਕੜ ਕਰ ਬੈਠਾ ਹੈ, ਆਖਦਾ ਹੈ - ਜਿਸਨੇ ਗੁਲਾਬ ਦੀ ਖ਼ੁਸ਼ਬੂ ਲੈਣੀ ਹੋਵੇ ਗੁਲਾਬ ਕੋਲ ਹੀ ਆਉਣਾ ਪਏਗਾ, ਕਿਸੇ ਗੇਂਦੇ ਕੋਲ ਗਿਆਂ, ਗੁਲਾਬ ਦੇ ਫੁੱਲ ਦੀ ਖ਼ੁਸ਼ਬੂ ਨਹੀਂ ਆਉਣੀ। ਕਿਸੇ ਨੇ ਚਮੇਲੀ ਦੀ ਖ਼ੁਸ਼ਬੂ ਲੈਣੀ ਹੋਵੇ, ਚਮੇਲੀ ਦੇ ਬੂਟੇ ਕੋਲ ਜਾਣਾ ਪਏਗਾ, ਕਿਸੇ ਨੇ ਗੁਲਾਬ ਦੇ ਬੂਟੇ ਕੋਲ ਆ ਕੇ ਚਮੇਲੀ ਦੀ ਖ਼ੁਸ਼ਬੂ ਪ੍ਰਾਪਤ ਨਹੀਂ ਕਰਨੀ। ਕਿਉਂਕਿ ਹਰ ਕਿਸੇ ਦੀ ਆਪਣੀ monopoly ਹੈ, ਮਾਲਕ ਬਣ ਬੈਠਾ ਹੈ। ਹੋਰ ਤਾਂ ਕਿਤੇ ਰਿਹਾ ਜਿਸ ਜੜ੍ਹ ਨੇ ਫੁੱਲ ਨੂੰ ਜਨਮ ਦੇਣ ਲਈ, ਫੁੱਲ ਨੂੰ ਖ਼ੂਬਸੂਰਤ ਕਰਨ ਲਈ ਧਰਤੀ ਤੋਂ ਤਾਕਤ ਲਿਆ ਕੇ ਪਹੁੰਚਾਈ ਹੈ ਤੇ ਉਹਨੂੰ ਹਰਾ-ਭਰਾ ਰਖਿਆ ਹੈ ਤੇ ਉਹਦੇ ਵਿੱਚ ਰੰਗ-ਸੁਗੰਧੀ ਤੇ ਖ਼ੁਸ਼ਬੂ ਸੰਦਰਤਾ ਲੈ ਕੇ ਫੁੱਲ ਤਕ ਪਹੁੰਚਾਈ ਹੈ, ਉਹ ਉਹਨੇ ਉਨ੍ਹਾਂ ਜੜ੍ਹਾਂ ਤੇ ਟਾਹਣੀਆਂ ਨੂੰ ਵੀ ਨਹੀਂ ਦਿੱਤੀ। ਫੁੱਲ ਦੀਆਂ ਆਪਣੀਆਂ ਟਾਹਣੀਆਂ ਵਿੱਚ ਵੀ ਫੁੱਲ ਦੀ ਖ਼ੁਸ਼ਬੂ ਕੋਈ ਨਹੀਂ, ਕੇਵਲ ਤੇ ਕੇਵਲ ਫੁੱਲ ਨੇ ਆਪਣੇ ਕੋਲ ਸੰਭਾਲ ਕੇ ਰੱਖੀ। ਚਲੋ, ਸਾਰੀਆਂ ਟਾਹਣੀਆਂ ਫੁੱਲ ਨਾ ਹੁੰਦੀਆਂ ਕਿਉਂਕਿ ਦੇਖਣ ਵਾਲੀ ਚੀਜ਼ ਹੋਰ ਹੈ - ਗੁਣ ਹੋਰ ਚੀਜ਼ ਨੇ, ਇਥੇ ਗੱਲ ਗੁਣਾਂ ਦੀ ਚਲ ਰਹੀ ਹੈ, ਸੰਸਾਰਿਕ ਪਦਾਰਥਾਂ ਦੀ ਨਹੀਂ, ਉਹ ਦਿੱਸਣ ਵਾਲੇ ਨੇ।

ਹੇ ਫੁੱਲ ! ਤੂੰ ਆਪਣੀ ਸ਼ਕਲ ਸ਼ਾਖਾ ਨੂੰ ਨਾ ਦਿੰਦਾ, ਕੋਈ ਗੱਲ ਨਹੀਂ ਸੀ। ਸਾਰੀ ਸ਼ਾਖਾ ਨੇ ਕੋਈ ਫੁੱਲ ਥੋੜਾ ਹੀ ਬਣ ਜਾਣਾ ਹੈ। ਪਰ ਕਮ ਸੇ ਕਮ ਖ਼ੁਸ਼ਬੂ ਤਾਂ ਦੇ ਦਿੰਦਾ, ਗੁਣ ਤਾਂ ਦੇ ਦਿੰਦਾ। ਕਿਸੇ ਅੰਬ ਨੇ ਆਪਣੀ ਮਿਠਾਸ ਆਪਣੇ ਨਾਲ ਬੈਠੇ ਹੋਏ ਪੱਤਿਆਂ ਨੂੰ ਵੀ ਨਹੀਂ ਦਿੱਤੀ। ਇੱਕ ਅੰਬ ਦੇ ਬਿਲਕੁਲ ਨਾਲ ਮੁੱਢ ਲੱਗਦਾ ਕੋਈ ਪੱਤਾ ਤੋੜ ਕੇ ਵੇਖ ਲਓ, ਉਹਨੂੰ ਖਾ ਕੇ ਆਖੋ ਕਿ ਅੰਬ ਵਾਲੀ ਮਿਠਾਸ ਮਿਲ ਜਾਵੇ, ਬਿਲਕੁਲ ਨਹੀਂ। ਜੇ ਤੁਸੀਂ ਕਹੋ ਕਿ ਅੰਬ ਨੇ ਆਪਣੀ ਮਿਠਾਸ ਆਪਣੇ ਜੜ੍ਹ ਜਾਂ ਤਨੇ ਜਾਂ ਸ਼ਾਖਾ ਨੂੰ ਦਿੱਤੀ ਹੈ - ਬਿਲਕੁਲ ਨਹੀਂ। ਕਹਿੰਦਾ ਹੈ - ਨਹੀਂ,



ਕੇਵਲ ਤੇ ਕੇਵਲ ਮੈਂ ਮਾਲਿਕ ਹਾਂ। ਹੇ ਅੰਬ ! ਤੂੰ ਆਪਣੀ ਸ਼ਾਖਾ ਨੂੰ, ਆਪਣਾ ਰੂਪ ਨਾ ਦਿੰਦਾ, ਆਪਣੇ ਪਦਾਰਥ ਦਿੱਸਣ ਵਾਲੀ ਚੀਜ਼ ਨਾ ਦਿੰਦਾ, ਕਮ ਸੇ ਕਮ ਮਿਠਾਸ ਤਾਂ ਦੇ ਦਿੰਦਾ। ਫੱਲ ਨੇ ਗੁਣ ਨਹੀਂ ਦਿੱਤਾ, ਗੁਲਾਬ ਦੇ ਫੁੱਲ ਨੇ ਗੁਣ ਨਹੀਂ ਦਿੱਤਾ।

ਪਰ ਕਿੱਡੀ ਅਜੀਬ ਘਟਨਾ ਹੈ, ਕਹਿਣ ਲੱਗੇ - ਮੈਨੂੰ ਚੰਦਨ ਇਸ ਲਈ ਚੰਗਾ ਲੱਗਾ ਹੈ ਕਿਉਂਕਿ ਉਹ ਗੁਣ ਦਿੰਦਾ ਹੈ। ਕੋਲ-ਕੋਲ ਬੈਠਾ ਹੈ ਨਿੰਮ ਦਾ ਬੂਟਾ ਅਤੇ ਇਰਿੰਡ ਦਾ ਬੂਟਾ, ਚੰਦਨ ਆਖਦਾ ਹੈ - ਤੂੰ ਬੇਸ਼ਕ ਆਪਣੀ ਸ਼ਕਲ ਵਿੱਚ ਰਹਿ, ਮੈਨੂੰ ਕੋਈ ਇਤਰਾਜ਼ ਨਹੀਂ, ਭਾਵੇਂ ਤੂੰ ਨਿੰਮ੍ਹ ਹੀ ਰਹਿ। ਪਰ ਇਹ ਵੇਖ ਮੇਰੇ ਕੋਲ ਖ਼ੁਸ਼ਬੂ ਦਾ ਗੁਣ ਹੈ, ਇਹ ਮੈਂ ਤੇਰੀ ਸ਼ਕਲ ਵਿੱਚ ਹੀ ਤੈਨੂੰ ਪ੍ਰਦਾਨ ਕਰਦਾ ਹਾਂ, ਤੇਰੇ ਵਿਚੋਂ ਵੀ ਉਹੋ ਖ਼ੁਸ਼ਬੂ ਆਉਣ ਲੱਗ ਪਏਗੀ ਜਿਹੜੀ ਮੇਰੀ ਵਿੱਚ ਹੋਵੇਗੀ। ਬੇਸ਼ਕ ਤੇਰਾ ਰੰਗ ਰੂਪ ਵੱਖਰਾ ਰਹੇ, ਤੇਰੀ ਬਣਤਰ ਇਰਿੰਡ ਵਾਲੀ ਰਹੇ, ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਚਾਹੁੰਦਾ ਹਾਂ ਤੂੰ ਬੇਸ਼ਕ ਕਿਸੇ ਰੂਪ ਵਿੱਚ ਰਹੇਂ ਪਰ ਖ਼ੁਸ਼ਬੂ ਲੈ ਲੈ।

ਚੰਦਨ ਖ਼ੁਸ਼ਬੂ ਦੇ ਦੇਂਦਾ ਹੈ, ਉਹਨੂੰ ਸੰਭਾਲ ਦਿੰਦਾ ਹੈ, ਅਗਾਂਹ ਵੰਡਣ ਦੀ ਤਾਕਤ ਦਿੰਦਾ ਹੈ। ਸਤਿਗੁਰੂ ਨੇ ਬਾਣੀ 'ਚ ਵੀ ਇਹੋ ਗੱਲ ਆਖੀ, ਕਹਿਣ ਲੱਗੇ :

"ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ।।
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ।।
ਕਬੀਰ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ।।
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ।।"

(ਗੁ.ਗ੍ਰੰ.ਸਾ.ਪੰਨਾ : 970)

ਕਹਿਣ ਲੱਗੇ - ਚੰਗੇ ਮਨੁੱਖ ਦੀ ਨਿਸ਼ਾਨੀ ਇਹ ਹੈ ਕਿ ਉਹ ਆਪਣੇ ਗੁਣ ਵੰਡਦਾ ਹੈ।

ਗੁਰੂ ਵੀ ਗੁਣ ਵੰਡਦਾ ਹੈ। ਸਿੱਖ ਵੀ ਗੁਰੂ ਕੋਲੋਂ ਗੁਣ ਲੈ ਕੇ ਅੱਗੇ ਗੁਣਾਂ ਨੂੰ ਵੰਡਦਾ ਹੈ। ਗੁਰੂ ਘਰ ਵਿੱਚ ਗੱਲ ਗੁਣਾਂ ਦੀ ਹੈ, ਪਦਾਰਥਾਂ ਦੀ ਨਹੀਂ। ਗੁਰੂ ਨਾਨਕ ਆਖਦਾ ਹੈ ਕਿ ਬੇਸ਼ਕ ਤੂੰ ਮੁਸਲਮਾਨ ਹੈਂ, ਮੁਸਲਮਾਨ ਰਹਿ, ਮੈਨੂੰ ਕੋਈ ਇਤਰਾਜ਼ ਨਹੀਂ। ਪਰ ਗੁਰੂ ਨਾਨਕ ਕੋਲੋਂ ਜੀਵਨ ਦੀ ਜਾਂਚ ਸਿੱਖ ਲੈ। ਜੇ ਇਹ ਗੱਲ ਨਾ ਹੁੰਦੀ ਤਾਂ ਰਾਇ ਬੁਲਾਰ ਗੁਰੂ ਨਾਨਕ ਦਾ ਸਿੱਖ ਨਾ ਹੁੰਦਾ।

ਗੁਰੂ ਗੋਬਿੰਦ ਸਿੰਘ ਸਾਹਿਬ ਵੀ ਇਹੋ ਗੱਲ ਆਖਦੇ ਨੇ - ਤੂੰ ਬੜੀ ਖ਼ੁਸ਼ੀ ਨਾਲ ਮੁਸਲਮਾਨ ਰਹਿ, ਮੈਨੂੰ ਕੋਈ ਇਤਰਾਜ਼ ਨਹੀਂ, ਸ਼ਕਲ ਤੂੰ ਆਪਣੀ ਬਣਾਈ ਰੱਖ, ਰੂਪ ਤੂੰ ਆਪਣਾ ਬਣਾਈ ਰੱਖ। ਪਰ ਗੁਰੂ ਗੋਬਿੰਦ ਸਿੰਘ ਸਾਹਿਬ ਕੋਲੋਂ ਗੁਣ ਲੈ - ਮੈਂ ਤੈਨੂੰ ਜੀਵਨ ਦੀ ਜਾਚ ਸਿਖਾਉਣਾ ਚਾਹੁੰਦਾ ਹਾਂ। ਤਾਂ ਹੀ ਤੇ ਪੀਰ ਬੁੱਧੂ ਸ਼ਾਹ ਗੁਰੂ ਦਾ ਅਨੁਯਾਈ ਹੈ। ਇਹੀ ਫਰਕ ਹੈ - ਗੁਰੂ ਗੁਣ ਵੰਡਦਾ ਹੈ। ਸਤਿਗੁਰੂ ਨੇ ਬਾਣੀ 'ਚ ਆਖਿਆ ਹੈ, ਕਹਿਣ ਲੱਗੇ :

"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।।
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।।"

(ਗੁ.ਗ੍ਰੰ.ਸਾ.ਪੰਨਾ : 2)

ਗੁਰੂ ਦਾਤਾ ਗੁਣਾਂ ਦਾ ਹੈ, ਗੁਰਮਤਿ ਦੀ ਦੁਨੀਆਂ ਵਿੱਚ ਕੀਮਤ ਵੀ ਗੁਣਾਂ ਦੀ ਹੀ ਹੈ।

ਚੰਦਨ

❖

ਇਕ ਰੋਗੀ ਵਾਂਗ
ਕਿਸੇ ਨੂੰ ਵੀ
ਬ੍ਰਾਹਮਣ (ਵੈਦ) ਕੋਲੋਂ ਇਹ ਪੁੱਛਣ
ਦਾ ਹੱਕ ਨਹੀਂ ਸੀ ਕਿ ਇਹ ਕੈਸਾ ਧਰਮ ਹੈ
ਅਤੇ ਇਸ ਧਰਮ ਦੀ ਪੁੜੀ ਵਿੱਚ ਕੀ ਹੈ?
ਮਨੁੱਖਤਾ ਦੇ ਰੋਗ ਅਤੇ ਪੀੜਾ ਨੂੰ ਗੁਰੂ ਨਾਨਕ ਸਾਹਿਬ ਨੇ
ਇਕ ਸੁਜਾਨ ਵੈਦ ਵਾਂਗ ਪਛਾਣਿਆ।
ਪਰ ਕੀ ਅਸੀਂ ਅੱਜ ਫਿਰ ਗਿਆਨਹੀਨ,
ਕਰਮ-ਕਾਂਡੀ ਤੇ ਭੇਖੀ ਤਾਂ ਨਹੀਂ ਬਣ ਗਏ?
ਕੀ ਅੱਜ ਸਿੱਖਾਂ ਵਿੱਚ ਜਾਤ-ਪਾਤ ਤੇ
ਊਚ-ਨੀਚ ਦਾ ਭੇਦ-ਭਾਵ
ਨਹੀਂ ਹੈ?

ਆਪਣਾ ਮੂਲ ਪਛਾਣ

ਕਦੀ ਮਨੁੱਖਤਾ ਦੇ ਜੀਵਨ ਸਾਧਨ ਬਹੁਤੇ ਕਰਕੇ ਅੰਧ-ਵਿਸ਼ਵਾਸਤਾ ਦੇ ਘੇਰੇ ਵਿੱਚ ਹੀ ਸਨ। ਮਨੁੱਖ ਅਗਿਆਨਤਾ ਵਿੱਚ ਜੀਅ-ਜੀਅ ਕੇ, ਆਖਰ ਬਾਬਾ ਕਬੀਰ ਜੀ ਦੇ ਕਹਿਣ ਵਾਂਗੂ :

"ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ।।"

(ਗੁ.ਗ੍ਰੰ.ਸਾ.ਪੰਨਾ : 1374)

ਨੂੰ ਹੀ ਸੰਤੁਸ਼ਟਤਾ, ਵਿਸ਼ਵਾਸ ਅਤੇ ਪ੍ਰੇਮਾ ਭਗਤੀ ਦਾ ਨਾਮ ਦੇਈ ਬੈਠਾ ਸੀ। ਰੋਗੀ ਵੈਦ ਕੋਲ ਜਾਂਦਾ, ਵੈਦ ਰੋਗੀ ਦੀ ਨਬਜ਼ ਦੇਖਦਾ ਅਤੇ ਕਾਗਜ਼ ਵਿੱਚ ਕੁਝ ਪੁੜੀਆਂ ਬੰਨ੍ਹ ਕੇ ਮਰੀਜ਼ ਨੂੰ ਦੇ ਦਿੰਦਾ ਅਤੇ ਸਮੇਂ ਨਾਲ ਖਾਣ ਦੀ ਹਦਾਇਤ ਕਰਦਾ। ਰੋਗੀ ਵੈਦ ਦੇ ਕਹੇ ਮੁਤਾਬਿਕ ਦੁਆਈ ਖਾਂਦਾ ਪਰ ਮਰੀਜ਼ ਨੂੰ ਵੈਦ ਕੋਲੋਂ ਇਹ ਪੁੱਛਣ ਜਾਂ ਜਾਨਣ ਦਾ ਅਧਿਕਾਰ ਨਹੀਂ ਸੀ ਕਿ ਇਸ ਪੁੜੀ ਜਾਂ ਦੁਆਈ ਵਿੱਚ ਕੀ ਹੈ ਅਤੇ ਨਾ ਹੀ ਕਦੀ ਆਪਣਾ ਨੁਸਖਾ ਵੈਦ, ਹਕੀਮ ਕਿਸੇ ਨੂੰ ਦੱਸਦਾ ਸੀ। ਬਸ ! ਵਿਸ਼ਵਾਸ ਕਰ ਲਿਆ, ਇਹ ਕੁਝ ਜਾਨਣ ਦੀ ਲੋੜ ਨਹੀਂ ਕਿ ਜੋ ਕੁਝ ਖਾ ਰਿਹਾ ਹਾਂ ਇਸ ਵਿੱਚ ਕੀ ਹੈ ? 'ਨੀਮ ਹਕੀਮ ਖ਼ਤਰਾ-ਏ-ਜਾਨ' - ਇਹਨਾਂ ਹੀ ਹਾਲਾਤਾਂ ਵਿੱਚ ਅਨੇਕਾਂ ਨੀਮ-ਹਕੀਮਾਂ ਦੀਆਂ ਦੁਕਾਨਾਂ ਚਲ ਰਹੀਆਂ ਸਨ ਅਤੇ ਜੀਵਨ ਬਰਬਾਦ ਹੋ ਰਹੇ ਸਨ।



ਅਕਸਰ ਮਨੁੱਖ ਦੇ ਧਰਮ ਦੀ ਉਸਾਰੀ ਵੀ ਇਸੇ ਅਗਿਆਨਤਾ ਤੋਂ ਪੈਦਾ ਹੋਈ ਸੰਤੁਸ਼ਟਤਾ, ਅੰਧ-ਵਿਸ਼ਵਾਸ ਅਤੇ ਪ੍ਰੇਮਾ-ਭਗਤੀ ਦੀ ਬੁਨਿਆਦ 'ਤੇ ਹੀ ਹੋ ਰਹੀ ਸੀ। ਅਤੇ ਇਸ ਸਭ ਕੁਝ ਲਈ ਵਿਸ਼ੇਸ਼ ਕਰਕੇ ਜ਼ਿੰਮੇਵਾਰ ਸੀ ਚਾਲਾਕ ਬ੍ਰਾਹਮਣ, ਜਿਸਨੇ ਗਿਆਨ ਦਾ ਸੋਮਾ ਵਿੱਦਿਆ ਪੜ੍ਹਨ-ਪੜ੍ਹਾਉਣ ਦਾ ਹੱਕ ਆਪਣੇ ਲਈ ਰਾਖਵਾਂ ਕਰਕੇ, ਜਿਹੜਾ ਵੀ ਉਸਦੀ ਪਹੁੰਚ ਦੇ ਘੇਰੇ ਵਿੱਚ ਆਇਆ, ਉਸਨੂੰ ਧਰਮ ਦੇ ਨਾਂ ਹੇਠ ਅਗਿਆਨਤਾ ਦੇ ਜਾਲ ਵਿੱਚ ਫਸਾ ਕੇ ਹਮੇਸ਼ਾਂ ਲਈ ਆਪਣਾ ਗੁਲਾਮ ਬਣਾ ਕੇ ਰਖਿਆ। ਗੁਲਾਮ ਦਾ ਕੁਝ ਵੀ ਆਪਣਾ ਨਹੀਂ ਹੁੰਦਾ, ਇਸ ਲਈ ਬ੍ਰਾਹਮਣ ਦੇ ਘੇਰੇ ਵਿੱਚ ਆਏ ਪ੍ਰੋਹਤ ਦਾ ਤਨ ਮਨ ਧਨ, ਪਤਨੀਆਂ-ਧੀਆਂ ਦੀ ਇੱਜ਼ਤ ਸਭ ਕੁਝ ਬ੍ਰਾਹਮਣ ਦੇ ਹੁਕਮ ਦੇ ਦਾਅ 'ਤੇ ਲੱਗਦੀ ਰਹੀ। ਬ੍ਰਾਹਮਣ ਦੇ ਕਹੇ ਅਨੁਸਾਰ ਇਹ ਸਭ ਕੁਝ ਧਰਮ ਲਈ ਜ਼ਰੂਰੀ ਸੀ। ਅੱਖਾਂ ਸਾਹਮਣੇ ਧੀਆਂ ਅਤੇ ਪਤਨੀਆਂ ਦੀ ਇੱਜ਼ਤ ਲੁੱਟੀ ਜਾਂਦੀ ਰਹੀ, ਦਾਨ ਦੇ ਨਾਂ ਹੇਠ ਧਨ ਲੁੱਟਿਆ ਜਾਂਦਾ ਰਿਹਾ, ਤੀਰਥਾਂ ਤੇ ਕਰਵਤ ਦੇ ਨਿਯਮਾਂ ਹੇਠ ਪ੍ਰੋਹਤ ਦਾ ਤਨ ਚੀਰਿਆ ਜਾਂਦਾ ਰਿਹਾ। ਪਰ ਉਸ ਰੋਗੀ ਵਾਂਗੂੰ ਬ੍ਰਾਹਮਣ ਵੈਦ ਕੋਲੋਂ ਇਹ ਪੁੱਛਣ ਜਾਂ ਜਾਨਣ ਦਾ ਹੱਕ ਕਿਸੇ ਨੂੰ ਨਹੀਂ ਸੀ ਕਿ ਇਹ ਕੈਸਾ ਧਰਮ ਹੈ ਅਤੇ ਇਸ ਧਰਮ ਦੀ ਪੁੜੀ ਵਿੱਚ ਕੀ ਹੈ ? ਬਸ ! ਜੋ ਬ੍ਰਾਹਮਣ ਕਹਿੰਦਾ ਹੈ ਕਰੀ ਚਲ, ਇਹੋ ਹੀ ਧਰਮ ਹੈ। ਅਗਿਆਨਤਾ ਦੇ ਅੰਧੇਰੇ ਵਿੱਚ ਇਸ ਜ਼ੁਲਮ ਨੂੰ ਸਹਿ-ਸਹਿ ਕੇ ਆਖਰ ਮਨੁੱਖ ਇਸੇ ਹੀ ਬੇਬਸੀ ਨੂੰ ਸੰਤੁਸ਼ਟਤਾ ਅਤੇ ਧਰਮ ਮੰਨਣ ਲਗ ਪਿਆ ਕਿ ਜੇ ਬ੍ਰਾਹਮਣਇਜ਼ਮ (Brahaminism) ਦੀ ਇਸ ਪੁੜੀ ਨੂੰ ਨਾ ਨਿਗਲਿਆ ਤਾਂ ਧਰਮੀ ਜੀਵਨ (ਜੀਵਨ) ਨੂੰ ਖ਼ਤਰਾ ਹੈ। ਇਹ ਬ੍ਰਾਹਮਣਇਜ਼ਮ ਦੀ ਕਹਾਣੀ ਬੜੀ ਲੰਮੀ ਹੈ, ਇਹ ਹਜ਼ਾਰਾਂ ਵਿਧਵਾਵਾਂ ਦੇ ਜੀਵਨ ਭਰ ਦੇ ਅਥਰੂਆਂ ਨਾਲ ਲਿੱਖੀ ਗਈ ਹੈ। ਇਸ ਕਹਾਣੀ ਦੇ ਇਕ-ਇਕ ਚੈਪਟਰ ਵਿੱਚ ਕਿਤੇ ਇੱਜ਼ਤ ਲੁੱਟੀ ਜਾਂਦੀ ਅਬਲਾਵਾਂ ਦੀਆਂ ਚੀਖਾਂ ਹਨ, ਕਿਤੇ ਪਤੀ ਦੀ ਚਿਖਾ 'ਤੇ ਜ਼ਿੰਦਾ ਜਲ ਰਹੀ ਸਤੀ ਦੀ ਅੱਗ ਦੀਆਂ ਲਾਟਾਂ ਹਨ, ਕਿਤੇ ਗਰੀਬ ਕਿਰਤੀ ਮਨੁੱਖ ਨੂੰ ਸ਼ੂਦਰ ਆਖ ਉਸਦੇ ਕੰਨਾਂ ਵਿੱਚ ਸਿੱਕਾ ਢਾਲਿਆ ਜਾ ਰਿਹਾ ਹੈ ਕਿ ਕਿਤੋਂ ਗਿਆਨ ਦੀ ਗੱਲ ਕੰਨੀ ਪੈਣ ਨਾਲ ਉਹ ਸਾਡੇ ਅਸਲ ਰੂਪ ਨੂੰ ਸਮਝਣ ਯੋਗ ਨਾ ਹੋ ਜਾਵੇ।

ਪਰ ਵੇਖਿਓ ! ਕਿਤੇ ਇਹ ਸਭ ਕੁਝ ਵੇਖ ਕੇ ਇਸਨੂੰ ਅਧਰਮ ਨਾ ਆਖਿਓ, ਬ੍ਰਾਹਮਣ ਦੀ ਬੋਲੀ ਅਤੇ ਉਸਦੇ ਸ਼ਾਸਤਰ ਅਨੁਸਾਰ ਇਹ ਸਭ ਕੁਝ ਧਰਮ ਹੈ। ਮਨੁੱਖਤਾ ਵਿੱਚ ਵੰਡੀਆਂ, ਸ਼ੂਦਰ ਤੋਂ ਨਫਰਤ, "**ਸਰਜੀਉ ਕਾਟੈ ਨਿਰਜੀਉ ਪੂਜੈ**", ਪੱਥਰਾਂ ਦੀ ਪੂਜਾ, ਸੂਰਜ ਨੂੰ ਪਾਣੀ, ਜੰਡਾਂ ਹੇਠ ਦੀਵੇ, ਪਿੱਪਲਾਂ ਨੂੰ ਗਾਨੇ, ਫਿਰ ਭੋਲੀ ਮਨੁੱਖਤਾ ਕੋਲੋਂ ਦਾਨ ਦੇ ਬਹਾਨੇ ਧਨ ਇਕੱਠਾ ਕਰਨ ਲਈ 24 ਇਕਾਦਸ਼ੀਆਂ, ਕਈ ਦੁਆਦਸੀਆਂ, ਤਰੋਦਸ, ਚੌਦਸ, 12 ਮੱਸਿਆ, 12 ਪੂਰਨਮਾ, ਕੁੰਭ, ਕੁੰਭੀਆਂ ਅਤੇ ਪਤਾ ਨਹੀਂ ਹੋਰ ਕਿੰਨੇ ਕੁ ਦਿਨ ਨਿਸ਼ਚਿਤ ਕਰ ਦਿੱਤੇ ਕਿ ਧਰਮੀ ਅਖਵਾਉਣ ਲਈ ਕਿਰਤੀ ਮਨੁੱਖ ਸਾਰਾ ਸਾਲ ਹੀ ਆਪਣੀ ਕਿਰਤ ਬ੍ਰਾਹਮਣ ਦੀ ਭੇਟ ਚੜ੍ਹਾਉਂਦਾ ਰਹੇ ਅਤੇ ਬ੍ਰਾਹਮਣ ਦੀ ਦੁਕਾਨ ਚਲਦੀ ਰਹੇ।

ਕਹਿੰਦੇ ਹਨ ਮੁਸੀਬਤ ਕਦੇ ਇਕੱਲੀ ਨਹੀਂ ਆਉਂਦੀ, ਇਕੱਠੀਆਂ ਹੀ ਆਉਂਦੀਆਂ

ਹਨ। ਇਨ੍ਹਾਂ ਦਿਨਾਂ ਵਿੱਚ ਹੀ ਲੁਟੇਰੇ ਜਰਵਾਣੇ ਬਾਬਰ ਨੇ ਆਪਣੀ ਜ਼ਾਲਮ ਫ਼ੌਜ ਸਮੇਤ ਇਸ ਧਰਤੀ 'ਤੇ ਪੈਰ ਰਖਿਆ ਅਤੇ ਦੇਖਿਆ ਕਿ ਬ੍ਰਾਹਮਣ ਦੇ ਕਰਮ-ਕਾਂਡੀ ਜ਼ੁਲਮਾਂ ਨਾਲ ਪਰਜਾ ਕਮਜ਼ੋਰ, ਬੇਬਸ ਤੇ ਬੇਅਵਾਜ਼ ਹੋ ਚੁਕੀ ਹੈ। ਇਨ੍ਹਾਂ ਨੂੰ ਲੁੱਟਣਾ-ਮਾਰਨਾ ਹੋਰ ਸੌਖਾ ਹੈ ਤੇ 'ਵੱਗਦੀ ਨਦੀ ਵਿੱਚ ਹੱਥ ਧੋਣ' ਦੀ ਕਹਾਵਤ ਵਾਂਗੂੰ ਬਾਬਰ ਵੀ ਇਕ ਕਹਿਰ ਬਣ ਕੇ ਆ ਪਹੁੰਚਿਆ। ਬਸ ਹੁਣ ਹਿੰਦੁਸਤਾਨ ਦੀ ਜਨਤਾ ਬ੍ਰਾਹਮਨਇਜ਼ਮ ਦੇ ਧਰਮ ਅਤੇ ਬਾਬਰ ਦੀ ਜ਼ਾਲਮ ਰਾਜ ਸ਼ਕਤੀ ਦੇ ਦੋਹਾਂ ਪੁੜਾਂ ਵਿੱਚ ਪਿੱਸ ਰਹੀ ਸੀ।

'ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ।।'

(ਭਾਈ ਗੁਰਦਾਸ ਜੀ, ਵਾਰ 1 ਪਉੜੀ 24)

"ਸਚ ਕੀ ਬਾਣੀ ਨਾਨਕ ਆਖੈ ਸਚ ਸੁਣਾਇਸੀ ਸਚ ਕੀ ਬੇਲਾ" ਦੀ ਸ਼ਕਤੀ ਰੱਖਣ ਵਾਲਾ ਬਾਬਾ ਭਲਾ ਬਾਬਰ ਅਤੇ ਬ੍ਰਾਹਮਣ ਦੇ ਜ਼ੁਲਮਾਂ ਦੇ ਸਾਹਮਣੇ ਕਿਵੇਂ ਖਾਮੋਸ਼ ਜਾਂ ਚੁੱਪ ਰਹਿ ਸਕਦਾ ਸੀ, ਨਿਝਕ ਬੋਲ ਉੱਠਿਆ -

"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।"

(ਗੁ.ਗ੍ਰੰ.ਸਾ.ਪੰਨਾ : 722)

"ਜੇ ਜਾਣਸਿ ਬ੍ਰਹਮੰ ਕਰਮੰ।। ਸਭਿ ਫੋਕਟ ਨਿਸਚਉ ਕਰਮੰ।।"

(ਗੁ.ਗ੍ਰੰ.ਸਾ.ਪੰਨਾ : 470)

"ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ।।"

(ਗੁ.ਗ੍ਰੰ.ਸਾ.ਪੰਨਾ : 1290)

ਮਨੁੱਖਤਾ ਦੇ ਇਸ ਸਾਰੇ ਰੋਗ ਅਤੇ ਪੀੜਾ ਨੂੰ ਗੁਰੂ ਨਾਨਕ ਨੇ ਇਕ ਸੁਜਾਨ ਵੈਦ ਵਾਂਗੂੰ ਪਛਾਣਿਆ। ਸੱਚ ਕੀ ਬਾਣੀ ਨੇ ਵਕਤ ਦੇ ਰਾਜੇ ਅਤੇ ਧਰਮ ਦੇ ਠੇਕੇਦਾਰਾਂ ਦੀ ਅਸਲ ਹਾਲਤ ਇਉਂ ਬਿਆਨ ਕੀਤੀ -

"ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨ੍ਹਿ ਬੈਠੇ ਸੁਤੇ।।"

(ਗੁ.ਗ੍ਰੰ.ਸਾ.ਪੰਨਾ : 1288)

"ਰਾਜਾ ਨਿਆਉ ਕਰੇ ਹਥਿ ਹੋਇ।। ਕਹੈ ਖੁਦਾਇ ਨ ਮਾਨੈ ਕੋਇ।।"

(ਗੁ.ਗ੍ਰੰ.ਸਾ.ਪੰਨਾ : 350)

"ਤੀਰਥ ਜਾਉ ਤ ਹਉ ਹਉ ਕਰਤੇ।। ਪੰਡਿਤ ਪੂਛਉ ਤ ਮਾਇਆ ਰਾਤੇ।।
ਸੋ ਅਸਥਾਨੁ ਬਤਾਵਹੁ ਮੀਤਾ।। ਜਾ ਕੈ ਹਰਿ ਹਰਿ ਕੀਰਤਨੁ ਨੀਤਾ।।"

(ਗੁ.ਗ੍ਰੰ.ਸਾ.ਪੰਨਾ : 385)



ਤੀਰਥਾਂ ਅਤੇ ਤੀਰਥਾਂ 'ਤੇ ਬੈਠੇ ਪੰਡਤਾਂ ਵਿੱਚ ਕੇਵਲ ਹਉਮੈਂ, ਹੰਕਾਰ ਅਤੇ ਮਾਇਆ ਦਾ ਪਸਾਰਾ ਹੀ ਦੇਖਿਆ ਹੈ ਧਰਮ ਨਹੀਂ। ਇਸੇ ਲਈ ਉਥੇ ਧਰਮ ਦੀ ਸਿੱਖਿਆ ਦੇਣ ਅਤੇ ਲੈਣ ਵਾਲੇ ਦੋਹਾਂ ਦੀ ਜੀਵਨ ਜੁਗਤਿ ਵਿੱਚ ਹੀ ਧਰਮ ਪ੍ਰਵੇਸ਼ ਨਹੀਂ ਕਰ ਰਿਹਾ, ਕੋਈ ਪਰਿਵਰਤਨ ਨਹੀਂ ਹੈ।

"ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ।।"

(ਗੁ.ਗ੍ਰੰ.ਸਾ.ਪੰਨਾ : 212)

ਗੁਰੂ ਨਾਨਕ ਨੇ ਆਖਿਆ ਮੈਂ ਸਚੇ 'ਗਿਆਨ' ਧਰਮ ਦੀ ਧਰਮਸ਼ਾਲਾ ਬਣਾਵਾਂਗਾ ਅਤੇ ਉਥੇ ਰਾਜਾ, ਪਰਜਾ ਦੋਹਾਂ ਨੂੰ ਇਕੋ ਥਾਂ ਬਿਠਾ ਕੇ ਰਾਜੇ ਨੂੰ

"ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।।"

(ਗੁ.ਗ੍ਰੰ.ਸਾ.ਪੰਨਾ : 74)

ਅਤੇ ਪਰਜਾ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦੀ ਸਿੱਖਿਆ ਦ੍ਰਿੜ ਕਰਾਵਾਂਗਾ।

"ਮੈ ਬਧੀ ਸਚੁ ਧਰਮਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ।।"

(ਗੁ.ਗ੍ਰੰ.ਸਾ.ਪੰਨਾ : 73)

"ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ।।
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।"

(ਗੁ.ਗ੍ਰੰ.ਸਾ.ਪੰਨਾ : 1372)

ਇਉਂ ਗੁਰੂ ਨਾਨਕ ਨੇ ਥਾਂ-ਥਾਂ ਧਰਮਸ਼ਾਲਾ (ਗੁਰਦੁਆਰੇ) ਸਾਧ ਸੰਗਤ ਆਦਿ ਪਵਿੱਤਰ ਸੰਸਥਾਵਾਂ ਕਾਇਮ ਕੀਤੀਆਂ ਜਿਥੇ ਬਿਨਾਂ ਜਾਤ-ਪਾਤ, ਰੰਗ-ਨਸਲ, ਉਚ-ਨੀਚ ਦੇ ਭਿੰਨ-ਭੇਦ ਸਾਧ-ਸੰਗਤ ਦੇ ਰੂਪ ਵਿੱਚ ਇਕੱਤਰ ਹੋ ਕੇ ਹਰ ਪ੍ਰਾਣੀ ਮਾਤਰ ਗੁਰਬਾਣੀ ਗੁਰਮਤਿ ਗਿਆਨ ਦੀ ਸਿੱਖਿਆ ਰਾਹੀਂ ਸੱਚਾ ਧਰਮੀ ਬਣ ਸਕੇ। ਆਪਣੇ ਧਰਮ ਸਿਧਾਂਤ ਦਾ ਆਰੰਭ ਇਹ ਆਖ ਕੇ ਕੀਤਾ ਕਿ ਜਿਥੇ ਗਿਆਨ ਹੈ ਉਥੇ ਹੀ ਧਰਮ ਹੈ, ਜਿਥੇ ਗਿਆਨ ਨਹੀਂ ਉਥੇ ਧਰਮ ਵੀ ਨਹੀਂ ਹੈ। ਗਿਆਨ ਅਤੇ ਧਰਮ ਇਕੋ ਹੀ ਸਿੱਕੇ ਦੇ ਦੋ ਪਹਿਲੂ ਹਨ। ਬਿਨਾਂ ਗਿਆਨ ਤੋਂ ਕੋਈ ਵੀ ਕੀਤਾ ਹੋਇਆ ਧਰਮ-ਕਰਮ ਨਿਰਾਰਥ ਹੈ।

"ਅੰਨੁ ਨ ਖਾਇਆ ਸਾਦੁ ਗਵਾਇਆ।। ਬਹੁ ਦੁਖੁ ਪਾਇਆ ਦੂਜਾ ਭਾਇਆ।।
ਬਸਤ੍ਰ ਨ ਪਹਿਰੈ।। ਅਹਿਨਿਸਿ ਕਹਰੈ।। ਮੋਨਿ ਵਿਗੂਤਾ।। ਕਿਉ ਜਾਗੈ ਗੁਰ ਬਿਨੁ ਸੂਤਾ।।
ਪਗ ਉਪੇਤਾਣਾ।। ਅਪਣਾ ਕੀਆ ਕਮਾਣਾ।। ਅਲੁ ਮਲੁ ਖਾਈ ਸਿਰਿ ਛਾਈ ਪਾਈ।।
ਮੂਰਖਿ ਅੰਧੈ ਪਤਿ ਗਵਾਈ।। ਵਿਣੁ ਨਾਵੈ ਕਿਛੁ ਥਾਇ ਨ ਪਾਈ।।
ਰਹੈ ਬੇਬਾਣੀ ਮੜੀ ਮਸਾਣੀ।। ਅੰਧੁ ਨ ਜਾਣੈ ਫਿਰਿ ਪਛੁਤਾਣੀ।।"

(ਗੁ.ਗ੍ਰੰ.ਸਾ.ਪੰਨਾ : 467)

ਇਉਂ ਅਗਿਆਨਤਾ ਦੇ ਅੰਧੇਰੇ ਵਿੱਚ ਧਰਮ ਸਮਝਕੇ ਕਰਮ-ਕਾਂਡ ਦੇ ਕੰਡਿਆਲੇ ਅਤੇ ਅਵਘਟ ਡੂੰਗਰ ਰਾਹਾਂ ਵਿੱਚ ਨਿਰਾਸ਼ ਭਟਕਦੇ ਬੇ-ਮੰਜ਼ਿਲੇ ਲੋਕ ਵੀ ਥੱਕ-ਟੁੱਟ ਕੇ ਗੁਰੂ ਨਾਨਕ ਦੇ

ਦਰ 'ਤੇ ਆਏ, ਪੀੜਾ ਦੱਸ ਕੇ ਜੀਵਨ ਜੁਗਤ ਪੁੱਛੀ। ਇਸ ਤਰ੍ਹਾਂ ਅਗਿਆਨਤਾ ਦੇ ਅੰਧ-ਘੋਰ ਵਿਚੋਂ ਕੱਢ ਕੇ ਗਿਆਨ ਦੀ ਬੁਨਿਆਦ 'ਤੇ **"ਨਾਨਕ ਨਿਰਮਲ ਪੰਥ ਚਲਾਇਆ"**। ਇਉਂ ਬ੍ਰਾਹਮਨਇਜ਼ਮ ਦੇ ਜ਼ੁਲਮ ਦੇ ਸਤਾਏ ਹੋਏ ਲੱਖਾਂ ਲੋਕ ਗੁਰੂ ਨਾਨਕ ਦੇਵ ਜੀ ਦੀ ਨਿੱਘੀ ਗੋਦ ਵਿੱਚ ਆਉਂਦੇ ਗਏ। **ਇਹ ਸੀ ਸਿੱਖੀ ਸਾਜਣ ਦਾ ਮੂਲ ਕਾਰਨ।**

ਗੁਰੂ ਜੋਤਿ ਨੇ ਨਾਨਕ ਤੋਂ ਲੈ ਕੇ 10 ਜਾਮਿਆਂ ਤਕ ਅਤੇ ਤਕਰੀਬਨ 200 ਸਾਲ ਵਿੱਚ ਇਕੋ ਜੋਤਿ ਦੀ ਪੂਰੀ ਜੁਗਤਿ ਹਰ ਪਹਿਲੂ ਤੋਂ ਸਾਖੀ ਅਤੇ ਸਿੱਖਿਆ ਰਾਹੀਂ ਸਿੱਖ ਨੂੰ ਦ੍ਰਿੜ ਕਰਾਈ।

- ਸੱਚਾ ਸੌਦਾ, ਭੁੱਖਿਆਂ ਨੂੰ ਰੋਟੀ, ਰੋਗੀਆਂ ਦੀ ਸੇਵਾ-ਸੰਭਾਲ, ਦੁਖੀਆਂ ਦਾ ਦਰਦ, ਗਰੀਬ ਦਾ ਮੂੰਹ ਗੁਰੂ ਦੀ ਗੋਲਕ।
- ਤੇਰਾਂ ਦੀ ਗਿਣਤੀ ਰਾਹੀਂ ਲੋੜਵੰਦਾ ਦੀਆਂ ਝੋਲੀਆਂ ਭਰ ਧੰਦੇ ਨੂੰ ਹੀ ਧਰਮ ਦਾ ਰੂਪ ਬਣਾ ਦੇਣਾ ਅਤੇ ਸਮਝਾ ਦੇਣਾ ਕਿ ਲੋੜਵੰਦ ਗਰੀਬਾਂ ਦੀ ਮਦਦ ਕਰਨ ਨਾਲ ਕਦੀ ਧੰਦੇ ਵਿੱਚ ਘਾਟਾ ਨਹੀਂ ਪੈਂਦਾ।
- ਸੰਸਾਰ ਦੇ ਭਲੇ ਲਈ ਪਰਿਵਾਰਿਕ ਮੋਹ ਦਾ ਤਿਆਗ ਕਰਕੇ ਸੰਸਾਰ ਦੀ ਸਾਰ ਲੈਣ ਲਈ ਪੈਦਲ ਦੇਸ਼-ਵਿਦੇਸ਼ਾਂ ਦੀ ਯਾਤਰਾ।
- ਭਾਈ ਮਰਦਾਨੇ, ਭਾਈ ਲਾਲੋ ਨੂੰ ਨਾਲ ਬਿਠਾ ਕੇ ਜਾਤ ਅਭਿਮਾਨੀ ਬ੍ਰਾਹਮਣ ਅਤੇ ਧਨ ਅਭਿਮਾਨੀ ਮਲਕ ਭਾਗੋ ਦੀ ਪਰਵਾਹ ਨਾ ਕਰ ਕੇ ਸਮਝਾ ਦੇਣਾ ਕਿ ਨਿਮਰਤਾ ਅਤੇ ਸੁੱਚੀ ਕਿਰਤ ਨੂੰ ਗੁਰੂ ਪਿਆਰ ਕਰਦਾ ਹੈ।

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।"

(ਗੁ.ਗ੍ਰੰ.ਸਾ.ਪੰਨਾ : 15)

- 'ਪਾਪ ਤੋਂ ਨਫਰਤ ਕਰੋ ਪਾਪੀ ਤੋਂ ਨਹੀਂ' ਅਨੁਸਾਰ ਭਾਈ ਲਹਿਣਾ ਜੀ ਪਾਸੋਂ ਚਿੱਕੜ ਵਿਚੋਂ ਕਉਲੀ ਕਢਵਾ ਕੇ ਸਮਝਾਉਣਾ, ਬਾਲਮੀਕ, ਭੂਮੀਆ ਚੋਰ, ਸੱਜਣ ਠੱਗ ਵਾਂਗੂੰ ਪਾਪਾਂ ਗੁਨਾਹਾਂ ਵਿੱਚ ਗ੍ਰਸੇ ਲੋਕਾਂ ਨੂੰ ਵੀ ਸਾਧ-ਸੰਗਤ ਗੁਰਬਾਣੀ ਗੁਰਮਤਿ ਰਾਹੀਂ ਧੋ-ਸੰਵਾਰ ਕੇ, **"ਸੰਤ ਹਮਾਰਾ ਗਹਿਨਾ"** ਵਾਂਗੂੰ ਖ਼ੂਬਸੂਰਤ ਅਤੇ ਸਤਿਕਾਰ ਯੋਗ ਬਣਾਇਆ ਜਾ ਸਕਦਾ ਹੈ।
- ਬ੍ਰਾਹਮਨਇਜ਼ਮ ਦੇ ਊਚ-ਨੀਚ ਵਰਣ-ਭੇਦ ਖਤਮ ਕਰਨ ਲਈ ਲੰਗਰ ਅਤੇ ਸੰਗਤ-ਪੰਗਤ ਵਿੱਚ ਸਭ ਨੂੰ ਇਕੋ ਥਾਂ ਬਿਠਾ ਕੇ ਚਾਰੇ ਵਰਣਾਂ, ਅਮੀਰ-ਗਰੀਬ, ਰਾਜਾ-ਰੰਕ ਵਿੱਚ ਮਨੁੱਖੀ ਬਰਾਬਰਤਾ ਦੀ ਮਰਿਆਦਾ ਕਾਇਮ ਕੀਤੀ।
- ਬ੍ਰਾਹਮਣ ਵੱਲੋਂ ਸ਼ੂਦਰਾਂ ਦੇ ਨ੍ਹਾਵਣ ਲਈ ਨਿਸ਼ਚਿਤ ਕੀਤੇ ਵੱਖਰੇ ਘਾਟ ਦੀ ਥਾਵੇਂ ਬਉਲੀਆਂ ਅਤੇ ਤਾਲ ਖੁਦਵਾ ਕੇ ਸਭ ਨੂੰ ਇਕੋ ਕਿਨਾਰੇ 'ਤੇ ਇਸ਼ਨਾਨ ਕਰਕੇ, ਮੁੜ ਇਕੋ ਸੰਗਤ ਵਿੱਚ ਬੈਠ ਕੇ ਗਿਆਨ ਪ੍ਰਾਪਤੀ ਲਈ ਹੁਕਮ ਕੀਤਾ।



"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।।"

(ਗੁ.ਗ੍ਰੰ.ਸਾ.ਪੰਨਾ : 611)

- ਸੇਵਾ ਸਿਮਰਨ ਸੱਚੀ ਗੁਰਬਾਣੀ ਰਾਹੀਂ ਆਪਣੇ ਆਪ ਦੀ ਪਛਾਣ ਕਰਨੀ।

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।।
ਆਪੁ ਪਛਾਣੈ ਬੂਝੈ ਸੋਇ।।"

(ਗੁ.ਗ੍ਰੰ.ਸਾ.ਪੰਨਾ : 25)

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।।"

(ਗੁ.ਗ੍ਰੰ.ਸਾ.ਪੰਨਾ : 441)

- ਥਾਂ-ਥਾਂ ਹਰਿਦੁਆਰ, ਕਾਸ਼ੀ, ਬਨਾਰਸ, ਜਗਨਨਾਥ-ਪੁਰੀ, ਕੁਰਕਸ਼ੇਤਰ ਆਦਿ ਤੀਰਥਾਂ 'ਤੇ ਗਏ, ਕਿਸੇ ਤੀਰਥ ਯਾਤਰਾ ਦੇ ਵਿਸ਼ਵਾਸ ਕਰਕੇ ਨਹੀਂ ਬਲਕਿ

"ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।।"

(ਗੁ.ਗ੍ਰੰ.ਸਾ.ਪੰਨਾ : 1116)

ਕਿਉਂਕਿ ਤੀਰਥਾਂ 'ਤੇ ਬ੍ਰਾਹਮਨਇਜ਼ਮ ਦੇ ਫੈਲਾਏ ਭਰਮ-ਜਾਲ ਵਿੱਚ ਫਸੇ ਲੱਖਾਂ ਲੋਕ ਅਗਿਆਨਤਾ ਕਾਰਨ ਫੋਕਟ ਕਰਮ-ਕਾਂਡ ਰਾਹੀਂ ਆਪਣਾ ਸਮਾਂ, ਸ਼੍ਰਮ ਅਤੇ ਸਰਮਾਇਆ ਫਜ਼ੂਲ ਗਵਾ ਰਹੇ ਸਨ, ਵਡਮੁੱਲਾ ਜੀਵਨ ਬੇ-ਅਰਥ ਹੋ ਰਿਹਾ ਸੀ, ਉਨ੍ਹਾਂ ਨੂੰ ਭਰਮ-ਜਾਲ ਵਿਚੋਂ ਕੱਢਿਆ।

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।।"

(ਗੁ.ਗ੍ਰੰ.ਸਾ.ਪੰਨਾ : 687)

"ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ।।"

(ਗੁ.ਗ੍ਰੰ.ਸਾ.ਪੰਨਾ : 262)

ਸ਼ਬਦ ਗੁਰੂ ਹੀ ਮਹਾਨ ਤੀਰਥ ਹੈ ਅਤੇ ਸ਼ਬਦ ਗੁਰੂ ਦੇ ਗਿਆਨ ਉਪਦੇਸ਼ ਨੂੰ ਧਾਰਨ ਕਰਨਾ ਹੀ ਮਹਾਂ ਇਸ਼ਨਾਨ ਹੈ। ਸੂਰਜ ਵੱਲ ਪਾਣੀ ਉਛਾਲ ਕੇ ਸਮਝ ਰਹੇ ਹੋ ਸੂਰਜ ਨੂੰ ਪਾਣੀ ਦੇ ਰਹੇ ਹਾਂ, ਭਲਿਓ ਜੇ ਉਤਰ ਵੱਲ ਉਛਾਲਿਆ ਪਾਣੀ ਕੁਝ ਕੋਹਾਂ 'ਤੇ ਮੇਰੀ ਧਰਤੀ, ਮੇਰੀ ਫਸਲ ਤਕ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਸੂਰਜ ਤਕ ਕਿਵੇਂ ਪੁੱਜੇਗਾ ? ਸਮਾਂ ਨਾ ਗਵਾਉ, "ਲੋਗਨ ਰਾਮ ਖਿਲਉਨਾ ਜਾਨਾ" ਸਮਝ ਕੇ ਇਸ ਛੋਟੇ ਥਾਲ ਦੀ ਆਰਤੀ ਦੀ ਖੇਡ ਨਾ ਖੇਡੋ, ਦੇਖੋ ਬ੍ਰਹਿਮੰਡ ਦੇ ਮਾਲਿਕ ਦੇ ਸਾਹਮਣੇ ਗਗਨ ਰੂਪ ਥਾਲ ਵਿੱਚ ਸੂਰਜ, ਚੰਦਰਮਾ, ਤਾਰੇ ਰਖ ਕੇ ਸਾਰਾ ਬ੍ਰਹਿਮੰਡ ਸਮਰਪਨ ਹੋ ਕੇ ਆਰਤੀ ਗਾ ਰਿਹਾ ਹੈ -

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।।"

(ਗੁ. ਗ੍ਰੰ. ਸਾ. ਪੰਨਾ 663)

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ।।
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ।।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ।।"

(ਗੁ.ਗ੍ਰੰ.ਸਾ.ਪੰਨਾ : 347)

- ਸਭ ਦੇ ਮਨੁੱਖੀ ਹੱਕਾਂ ਲਈ ਆਵਾਜ਼ ਉਠਾਣੀ, ਸਰਬੱਤ ਦਾ ਭਲਾ ਮੰਗਣਾ, ਸੱਚ ਅਤੇ ਧਰਮ ਲਈ ਕੁਰਬਾਨੀ ਦੇ ਵੇਲੇ ਤਤੀਆਂ ਲੋਹਾਂ, ਉਬਲਦੀਆਂ ਦੇਗਾਂ, ਚਲਦੇ ਆਰਿਆਂ ਦੇ ਦੰਦਿਆਂ ਹੇਠ ਵੀ ਹਮੇਸ਼ਾ ਆਤਮਾ ਬਲਵਾਨ ਰੱਖਣੀ ਅਤੇ ਇਕ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਦਾ ਭੈਅ ਨਾ ਮੰਨਣਾ ਤੇ ਨਾ ਹੀ ਦੇਣਾ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।"

(ਗੁ.ਗ੍ਰੰ.ਸਾ.ਪੰਨਾ : 1427)

ਇਉਂ - "**ਗੁਰ ਦਰੀਆਓ ਸਦਾ ਜਲ ਨਿਰਮਲ**" ਵਿੱਚ ਰਹਿ ਕੇ ਆਪੇ ਨੂੰ ਸੰਵਾਰਨਾ ਅਤੇ ਸਤਿਗੁਰ ਗੁਣੀ ਨਿਧਾਨ ਦੇ ਬੇਅੰਤ ਗੁਣਾਂ ਨਾਲ ਆਪੇ ਨੂੰ ਸ਼ਿੰਗਾਰ ਕੇ "**ਸਿਖੀ ਸਿਖਿਆ ਗੁਰ ਵੀਚਾਰ**" ਰਾਹੀਂ ਆਪਾ ਭੇਟ ਕਰਕੇ ਆਖਰ ਸੰਪੂਰਨ ਬਾਣੀ-ਬਾਣੇ ਵਿੱਚ ਗੁਰੂ ਕੋਲੋਂ 'ਸਿੰਘ' ਦੀ ਡਿਗਰੀ ਕਿਵੇਂ ਪ੍ਰਵਾਨ ਕਰਨੀ ਹੈ, ਸਮਝਾਇਆ ਅਤੇ ਐਸਾ ਹੀ ਹੋਇਆ। ਜੋਗੀ ਅਤੇ ਬ੍ਰਾਹਮਣ ਦੇਖਦੇ ਹੀ ਰਹਿ ਗਏ ਕਿ ਲੱਖਾਂ ਹੀ ਲੋਕ ਗੁਰੂ ਨਾਨਕ ਦੇ ਦਸਵੇਂ ਜਾਮੇ ਤਕ "**ਕੀਤੋਸ ਅਪਣਾ ਪੰਥ ਨਿਰਾਲਾ**" ਵਿੱਚ ਖ਼ਾਲਸ ਸਿੰਘ ਸੱਜ ਬੈਠੇ। ਗੁਰੂ ਨਾਨਕ ਨੇ ਦਸਵੇਂ ਜਾਮੇ ਵਿੱਚ ਇਸ ਖ਼ਾਲਸੇ ਦੀ ਸਪਸ਼ਟ ਪਰਿਭਾਸ਼ਾ ਇਉਂ ਦਿੱਤੀ :

"ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨਾ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤਿ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।"

ਬਸ ! ਹੁਣ ਉਸ ਜੋਤਿ ਦੀ ਪੂਰੀ ਜੁਗਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਿੰਘਾਸਣ 'ਤੇ ਬਿਠਾ ਕੇ ਸੰਪੂਰਨ ਖ਼ਾਲਸੇ ਨੂੰ ਇਸ ਰੌਸ਼ਨੀ ਦੁਆਲੇ ਇਕੱਤਰ ਕਰ ਦਿੱਤਾ। ਜਿੱਥੇ ਜੁਗੋ ਜੁਗ ਅਟਲ ਚੌਕੀਆਂ ਝੰਡੇ ਬੁੰਗੇ ਤੇ ਰਣਜੀਤ ਨਗਾਰੇ ਦੀ ਗਰਜ ਨੇ ਮੁਗ਼ਲ ਹਕੂਮਤ ਸਮੇਤ ਬਾਈ ਧਾਰ ਦੇ ਰਾਜਿਆਂ ਦੇ ਸਿੰਘਾਸਣ ਅਤੇ ਸਰਹਿੰਦ ਦੀਆਂ ਦੀਵਾਰਾਂ ਹਿਲਾਂ ਦਿੱਤੀਆਂ, ਜਿੱਥੇ ਚਿਤੌੜ ਕਾਬਲ ਕੰਧਾਰ ਗਜ਼ਨੀ ਤਕ ਪਠਾਨਾਂ ਦੇ ਦਿਲਾਂ ਦੀ ਧੜਕਨ ਰੋਕ ਦਿੱਤੀ, ਉੱਥੇ ਸਾਰੇ ਹਿੰਦੁਸਤਾਨ ਨੂੰ ਗੁਲਾਮ ਕਰਕੇ ਹੰਕਾਰ ਵਿੱਚ ਅੱਗੇ ਵੱਧੇ ਆਉਂਦੇ ਸੰਸਾਰ ਜੇਤੂ ਅੰਗ੍ਰੇਜ਼ ਦੀਆਂ



ਫ਼ੌਜਾਂ ਦੇ ਕਦਮ ਵੀ ਖ਼ਾਲਸੇ ਦੇ ਬੋਲ-ਬਾਲੇ ਅਤੇ ਨਗਾਰੇ ਦੀ ਚੋਟ ਤੋਂ ਦਹਿਲ ਕੇ ਸਤਲੁਜ ਦੇ ਕੰਢੇ ਆ ਕੇ ਰੁਕ ਗਏ। ਇਤਿਹਾਸ ਗਵਾਹ ਹੈ ਕਿ ਚਾਲਬਾਜ਼ ਅੰਗ੍ਰੇਜ਼ ਨੇ ਵੀ ਜੇ ਸਤਲੁਜ ਤੋਂ ਪਾਰ ਕਦਮ ਰੱਖਿਆ ਤਾਂ ਕਿਸੇ ਸ਼ਕਤੀ ਦੇ ਬਲਬੂਤੇ ਨਹੀਂ ਬਲਕਿ ਮੱਕਾਰੀ ਅਤੇ ਗੁਲਾਬ ਸਿੰਘ ਧਿਆਨ ਸਿੰਘ ਡੋਗਰਾ ਵਰਗਿਆਂ ਦੀ ਗੱਦਾਰੀ ਦੇ ਸਹਾਰੇ। ਸੰਪੂਰਨ ਸ਼ਕਤੀਆਂ ਖ਼ਾਲਸੇ ਕੋਲ ਗੁਰੂ ਵੱਲੋਂ ਬਖਸ਼ੇ ਉੱਚੇ ਆਚਰਨ, ਪੰਥਕ ਏਕਤਾ, ਤਿਆਗ ਅਤੇ ਕੁਰਬਾਨੀ ਦੀ ਭਾਵਨਾ ਕਰਕੇ ਹੀ ਆਈਆਂ ਸਨ। ਸੰਸਾਰ ਸਮਾਜ ਵਿੱਚ ਪ੍ਰਚੰਡ ਹੋਇਆ ਇਹ ਖ਼ਾਲਸਾ ਰੂਪ ਅਤੇ ਆਚਰਨ ਕਰਕੇ ਇਕ ਅਨੋਖੀ ਅਤੇ ਮਹਾਨ ਮਿਸਾਲ ਹੋ ਨਿਬੜਿਆ।

"ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥
ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥"

(ਗੁ.ਗ੍ਰੰ.ਸਾ.ਪੰਨਾ : 1412)

ਆਹ ਕਿੱਡਾ ਸੁਹਾਵਣਾ ਦ੍ਰਿਸ਼ ! ਸ਼ੀਤਲ ਅਤੇ ਨਿਰਮਲ ਜਲ ਨਾਲ ਕੰਢਿਆਂ ਤਕ ਭਰਿਆ ਤਾਲਾਬ, ਕਿਸੇ ਜ਼ਾਲਮ ਝੀਵਰ ਦੇ ਜਾਲ ਤੋਂ ਬੇਫਿਕਰ ਨਿਰਮਲ ਜਲ ਵਿੱਚ ਕਲੋਲਾਂ ਕਰਦੀਆਂ ਮਛਲੀਆਂ, ਤਾਲਾਬ ਦੇ ਜਲ ਦੀਆਂ ਡੂੰਘਾਈਆਂ ਤੋਂ ਜੀਵਨ ਲੈ ਕੇ ਖਿੜੇ ਕੰਵਲ ਫੁਲਾਂ ਦੀ ਸੁੰਦਰਤਾ, ਚੁਫੇਰੇ ਦੂਰ-ਦੂਰ ਤਕ ਘਾਹ ਅਤੇ ਬਿਰਛ-ਬੂਟਿਆਂ ਦੀ ਹਰੀਆਵਲ ਕਾਦਰ ਦੀ ਗੋਦ ਦਾ ਇਕ ਰਮਣੀਕ ਤੇ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਸੀ। ਮੁਸਾਫਿਰ ਦਾ ਕਦਮ ਰੁਕਿਆ ਇਸ ਸੁਹਾਵਣੇ ਨਜ਼ਾਰੇ ਨੂੰ ਮਾਨਣ ਲਈ ਅਤੇ ਦਿਲ ਕੀਤਾ ਕਿ ਦੇਖਦਾ ਹੀ ਰਹਾਂ। ਰੁਕ ਕੇ, ਬੈਠ ਕੇ, ਮਾਨ ਕੇ ਸਫਰ ਦੀ ਥਕਾਵਟ ਲਹਿ ਗਈ ਅਤੇ ਇਸ ਦ੍ਰਿਸ਼ ਦੀ ਸੁੰਦਰਤਾ ਅੱਖਾਂ ਅਤੇ ਦਿਲ ਵਿੱਚ ਲੈ ਕੇ ਮੁਸਾਫਿਰ ਅਗਲੇ ਪੰਧ ਲਈ ਤੁਰ ਪਿਆ, ਪਰ ਇਹ ਖ਼ੂਬਸੂਰਤੀ ਮੁਸਾਫਿਰ ਦੇ ਜੀਵਨ ਇਤਿਹਾਸ ਵਿੱਚ ਕੁਝ ਸੁਨਿਹਰੀ ਪੰਨੇ ਲਿੱਖ ਗਈ। ਕੁਝ ਸਮੇਂ ਬਾਅਦ ਵਾਪਸ ਪਰਤਿਆ ਅਤੇ ਉਥੋਂ ਲੰਘਿਆ ਤਾਂ ਅੱਖਾਂ ਬੜੀ ਚਾਹਤ ਨਾਲ ਚੁਫੇਰੇ ਉਸ ਨਜ਼ਾਰੇ ਨੂੰ ਲੱਭ ਰਹੀਆਂ ਸਨ ਪਰ ਉਥੇ ਤਾਂ ਸਭ ਕੁਝ ਬਦਲ ਚੁੱਕਾ ਸੀ। ਮੁਸਾਫਿਰ ਨੇ ਜੀਵਨ ਇਤਿਹਾਸ ਵੱਲ ਨਿਗਾਹ ਮਾਰੀ ਪਰ ਹੁਣ ਤਾਂ ਇਤਿਹਾਸ ਨਾਲ ਮੇਲ ਖਾਂਦਾ ਉਥੇ ਕੁਝ ਵੀ ਨਹੀਂ ਸੀ। ਤਾਲਾਬ ਦਾ ਨਿਰਮਲ ਜਲ ਸੁੱਕ ਚੁੱਕਾ ਸੀ, ਥਲਿਉਂ ਕਾਲੀ ਮਿੱਟੀ ਨਿਕਲ ਆਈ ਸੀ, ਜਲ ਤੋਂ ਬਿਨਾਂ ਮਛਲੀਆਂ ਤੜਪ-ਤੜਪ ਮਰ ਰਹੀਆਂ ਸਨ ਤੇ ਮਰ ਚੁਕੀਆਂ ਮਛਲੀਆਂ ਦੀ ਬਦਬੂ ਕਾਰਨ ਕੋਲ ਖੜਾ ਹੋਣਾ ਵੀ ਮੁਸ਼ਕਿਲ ਜਾਪ ਰਿਹਾ ਸੀ। ਦੂਰ-ਦੂਰ ਤਕ ਕਿਸੇ ਬਿਰਛ 'ਤੇ ਹਰਾ ਪੱਤਾ ਦੇਖਣ ਨੂੰ ਨਹੀਂ ਮਿਲਦਾ ਸੀ, ਹਰ ਪਾਸੇ ਪਤਝੜ ਅਤੇ ਵੀਰਾਨੀ ਛਾਈ ਹੋਈ ਸੀ। ਦੁਖੀ ਅਤੇ ਉਦਾਸ ਦਿਲ ਨਾਲ ਤਾਲਾਬ ਦੇ ਕੰਢੇ ਖਲੋਅ ਕੇ ਮੁਸਾਫਿਰ ਨੇ ਜੋ ਸੁਆਲ ਕੀਤਾ ਅਤੇ ਤਾਲਾਬ ਨੇ ਜੋ ਆਪਣੀ ਵੀਰਾਨੀ ਦਾ ਕਾਰਨ ਦੱਸਿਆ, ਬਸ ਗੁਰੂ ਨਾਨਕ ਜੀ ਦੇ ਉਪਰੋਕਤ ਸ਼ਬਦ ਵਿੱਚ ਐਸਾ ਹੀ ਕੁਝ ਸੁਣਾਈ ਦਿੰਦਾ ਜਾਂ ਨਜ਼ਰੀਂ ਪੈਂਦਾ ਹੈ।

ਹੇ ਪਬਰ (ਤਾਲਾਬ) ! ਮੈਂ ਤੇਰੇ 'ਤੇ ਜੋ ਹਰੀਆਵਲ ਤੇ ਖੇੜੇ ਦੇਖੇ ਅਤੇ ਮਾਣੇ ਹਨ, ਉਹ ਕਦੀ ਭੁੱਲ ਨਹੀਂ ਸਕਦੇ, ਮੇਰਾ ਜੀਵਨ ਇਤਿਹਾਸ ਗਵਾਹ ਹੈ। ਕੀ ਕਾਰਨ ਹੈ ਅੱਜ ਤੇਰੀ ਇਹ ਹਾਲਤ ਹੋ ਗਈ ਹੈ ? ਪਬਰ (ਤਾਲਾਬ) ਦਾ ਜੁਆਬ ਸੀ; ਵੀਰਿਆ ! ਉਹ ਵੇਖ ਮੇਰੇ ਨੇੜੇ ਵੱਗਦਾ ਦਰਿਆ, ਉਸ ਨਾਲ ਮੇਰਾ ਸੰਬੰਧ ਸੀ। ਬਸ ਉਸ ਵਿਚੋਂ ਹਰ ਵਕਤ ਮਿਲਦਾ ਨਿਰਮਲ ਜਲ ਹੀ ਮੇਰਾ ਹਰੀਆਵਲ ਅਤੇ ਖੇੜਿਆਂ ਦਾ ਰਾਜ਼ ਸੀ। ਵੇ ਵੀਰਾ, ਸਮੇਂ ਦੀਆਂ ਅੰਧੇਰੀਆਂ ਨਾਲ ਉੱਡ ਕੇ ਆਈ ਰੇਤ ਕਰਕੇ ਮੇਰੇ ਅਤੇ ਦਰੀਆ ਦੇ ਦਰਮਿਆਨ ਇਕ ਟਿੱਬਾ ਬਣ ਗਿਆ। ਜਿਸ ਕਾਰਨ ਦਰਿਆ ਨਾਲੋਂ ਮੇਰਾ ਸੰਗ ਟੁੱਟ ਗਿਆ, ਤਾਜ਼ਾ ਨਿਰਮਲ ਜਲ ਹੁਣ ਮਿਲਦਾ ਨਹੀਂ। ਬਸ ਦਰਿਆ ਤੋਂ ਵਿਛੁੜ ਕੇ ਇਹ ਹਾਲਤ ਹੋ ਗਈ ਹੈ। ਬੀਤੇ ਸਮੇਂ ਦੀ ਸੁੰਦਰਤਾ ਮੇਰਾ ਇਤਿਹਾਸ ਹੈ, ਅਰਦਾਸ ਕਰ, ਭਲਾ ਮੁੜ ਕਦੀ ਦਰਿਆ ਨਾਲ ਜੁੜ ਜਾਵਾਂ ਅਤੇ ਮੇਰੇ ਖੇੜੇ ਪਰਤ ਆਉਣ, ਬਸ ਇਹੋ ਮੇਰੀ ਆਸ ਹੈ।

ਸਿੰਘੋ ! ਬੀਤੇ ਤਿੰਨ ਸੌ ਸਾਲਾਂ ਤੋਂ ਅੱਜ ਤਕ ਪੰਥ ਦੇ ਬਦਲਦੇ ਆਚਾਰ ਵਿਹਾਰ ਅਤੇ ਹਾਲਾਤਾਂ ਦੀ ਵੀ ਇਹੋ ਕਹਾਣੀ ਦਿੱਸਦੀ ਹੈ।

"ਗੁਰ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ।।"

(ਗੁ.ਗ੍ਰੰ.ਸਾ.ਪੰਨਾ : 1329)

ਗੁਰ ਦਰਿਆਉ ਨੇ ਬ੍ਰਾਹਮਨਇਜ਼ਮ ਦੇ ਸੇਕ ਵਿੱਚ ਸੁੱਕ ਰਹੀ ਧਾਰਮਿਕ ਸੋਚ ਨੂੰ ਗੁਰਬਾਣੀ ਗਿਆਨ ਅੰਮ੍ਰਿਤ ਨਾਲ ਸਿੰਜ ਕੇ ਜਿਸ ਤਾਲਾਬ ਵਿੱਚ ਸੁਰੱਖਿਅਤ ਕੀਤਾ, ਉਹ ਹੈ ਸਤਿਸੰਗਤਿ। ਅਤੇ ਗੁਰੂ, ਬਾਣੀ ਅੰਮ੍ਰਿਤ ਨਾਲ ਜਿਸ ਨੂੰ ਧੋ ਸੰਵਾਰਦਾ ਰਿਹਾ ਉਹ ਸੀ ਸਿੱਖ (ਪੰਥ)।

"ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ।।
ਵਡਭਾਗੀ ਹਰਿ ਸੰਗਤਿ ਪਾਵਹਿ।। ਭਾਗਹੀਨ ਭ੍ਰਮਿ ਚੋਟਾ ਖਾਵਹਿ।।"

(ਗੁ.ਗ੍ਰੰ.ਸਾ.ਪੰਨਾ : 95)

ਇਉਂ ਗੁਰੂ ਨਾਨਕ ਨੇ ਤਕਰੀਬਨ ਦੋ ਸੌ ਸਾਲ ਅਤੇ ਦੱਸ ਜਾਮਿਆਂ ਦੇ ਸਮੇਂ ਵਿੱਚ **"ਸੂਕੇ ਹਰੇ ਕੀਏ ਖਿਨ ਮਾਹਿ।। ਅੰਮ੍ਰਿਤ ਦ੍ਰਿਸਟਿ ਸੰਚ ਜੀਵਾਹਿ।।"** ਅਤੇ **"ਸਤਿਗੁਰ ਸਚ ਦ੍ਰਿੜਾਇਆ ਸਚ ਸੰਜਮ ਰਹਿਨਾ"** ਦੇ ਸੁਭਾਅ ਨਾਲ ਆਪਣੇ ਨਿਰਮਲ ਅਤੇ ਨਿਰਾਲੇ ਪੰਥ ਨੂੰ ਐਨਾ ਸ਼ਿੰਗਾਰਿਆ ਸੰਵਾਰਿਆ ਅਤੇ ਸਜਾਇਆ ਕਿ ਇਸਦੀ ਸੁੰਦਰਤਾ, ਸੂਰਬੀਰਤਾ, ਨਿਰਭੈਤਾ, ਦਿਆਨਤਦਾਰੀ, ਇਮਾਨਦਾਰੀ, ਤਿਆਗ, ਸੇਵਾ, ਸੱਚ, ਆਚਰਨ, ਏਕਤਾ, ਪਿਆਰ ਅਤੇ ਗੁਰੂ ਭਗਤੀ ਦੀਆਂ ਗੱਲਾਂ ਸੱਜਣ ਦੁਸ਼ਮਣ ਹਰ ਮਨੁੱਖੀ ਦਿਲ ਮੂੰਹ ਅਤੇ ਕਲਮ ਤੋਂ ਕਰਨ ਲਈ ਮਜਬੂਰ ਹੋ ਗਿਆ। ਇਸਦੇ ਝੁੱਲਦੇ ਨਿਸ਼ਾਨ ਹਰ ਕਿਸੇ ਦੀ ਇੱਜ਼ਤ ਆਬਰੂ ਧਰਮ, ਈਮਾਨ, ਜਾਨ-ਮਾਲ ਦੀ ਰੱਖਿਆ ਦੇ ਜਾਮਨ ਸਨ। ਜੀਵਨ ਦੇ ਸਫਰ ਵਿੱਚ ਥੱਕੇ-ਟੁੱਟੇ ਜ਼ੁਲਮ ਅਤੇ ਬਰਬਾਦੀਆਂ ਦੇ ਸਤਾਏ ਹੋਏ ਲੋਕ ਇਸਦੀ ਪਨਾਹ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਸਨ। ਕਹਿੰਦੇ ਹਨ ਸਮਾਂ ਕਦੇ ਰੁਕਦਾ ਨਹੀਂ, ਬਦਕਿਸਮਤੀ ਨਾਲ ਪਦਾਰਥਵਾਦ ਦੇ ਤੇਜ਼ ਰਫਤਾਰ ਸਮੇਂ ਦੀਆਂ ਅੰਧੇਰੀਆਂ ਨਾਲ ਮੁੜ ਉਹੋ ਬ੍ਰਾਹਮਨਇਜ਼ਮ ਵੈਰ, ਈਰਖਾ, ਹਉਮੈ, ਹੰਕਾਰ, ਲੋਭ, ਸਿਆਸੀ ਤੇ ਧਾਰਮਿਕ ਪਦਵੀਆਂ ਦਾ



ਲਾਲਚ ਅਤੇ ਹੋਰ ਬਹੁਤ ਕੁਝ ਅੰਧੇਰੀ ਦੀ ਰਾਤ ਵਾਂਗੂੰ ਉੱਡ ਕੇ ਆਇਆ। ਉਸ ਨਾਲ ਇਸ ਪੰਥ ਅਤੇ "**ਗੁਰ ਦਰੀਆਉ ਸਦਾ ਜਲ ਨਿਰਮਲ**" ਦੇ ਦਰਮਿਆਨ ਇਕ ਟਿੱਬਾ ਉਸਰ ਗਿਆ ਅਤੇ ਬਾਣੀ ਗੁਰੂ ਨਾਲੋਂ ਸੰਬੰਧ ਟੁੱਟ ਗਿਆ। ਬਾਬਾ ਫਰੀਦ ਅਵਾਜ਼ਾਂ ਦਿੰਦਾ ਰਹਿ ਗਿਆ :

"ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ।।
ਅਗੈ ਮੂਲਿ ਨ ਆਵਸੀ ਦੋਜਕ ਮੰਦੀ ਭਾਹਿ।।"

(ਗੁ.ਗ੍ਰੰ.ਸਾ.ਪੰਨਾ : 1381)

"ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ।।
ਜੋ ਸੈਤਾਨ ਵੰਞਾਇਆ ਸੇ ਕਿਤ ਫੇਰਹਿ ਚਿਤ।।"

(ਗੁ.ਗ੍ਰੰ.ਸਾ.ਪੰਨਾ : 1378)

ਦਿਨ-ਰਾਤ ਮਿਲਣ ਵਾਲਾ ਵਹਿਣ ਰੁਕ ਗਿਆ। ਸਭ ਕੁਝ ਬਦਲ ਗਿਆ; ਸੁੰਦਰਤਾ, ਕਰੂਪਤਾ ਅਤੇ ਖ਼ੂਬਸੂਰਤੀ ਬਦਸੂਰਤੀ ਬਣ ਗਈ, ਹਰ ਪਾਸੇ ਸੁਕੇਵਾਂ ਦੇਖਿਆਂ ਡਰ ਲਗਦਾ ਹੈ ਕਿ ਕੀ ਬਣੇਗਾ ਇਸ ਪੰਥ ਦਾ ?

ਸਿੱਖ ਅੱਜ ਵੈਦ ਦੀ ਅਨਜਾਣੀ ਪੁੜੀ ਵਾਂਗੂੰ ਧਰਮ ਜਾਣ ਕੇ ਕਰਮ-ਕਾਂਡੀ ਭਰਮਾਂ ਦੇ ਚਿੱਕੜ ਵਿੱਚ ਮੁੜ ਡੂੰਘਾ ਫੱਸ ਗਿਆ ਹੈ। '**ਬਿਪਰਨ ਕੀ ਰੀਤ**' ਰੂਪ ਅਤੇ ਨਾਮ ਬਦਲ ਕੇ ਸਿੱਖ ਵਿੱਚ ਪ੍ਰਵੇਸ਼ ਕਰ ਗਈ ਹੈ। ਅੱਜ ਗੁਰੂ ਦੇ ਨਾਲ ਇਸਨੂੰ ਧੂਪ ਅੱਗ ਦੀ ਜੋਤ, ਪਾਣੀ ਦਾ ਭਰਿਆ ਘੜਾ (ਕੁੰਭ), ਲਾਲ ਗਾਨਾ, ਲਾਲ ਜਾਂ ਚਿੱਟੇ ਕਪੜੇ ਵਿੱਚ ਲਪੇਟਿਆ ਨਾਰੀਅਲ ਆਦਿ ਪੂਜਾ ਲਈ ਬਹੁਤ ਕੁਝ ਚਾਹੀਦਾ ਹੈ। ਇਸ ਸਮੱਗਰੀ ਤੋਂ ਬਿਨਾ ਗੁਰੂ ਵੀ ਇਸਨੂੰ ਅਧੂਰਾ ਹੀ ਦਿੱਸਦਾ ਹੈ, "**ਇਕਾ ਬਾਣੀ ਇਕ ਗੁਰੁ**" 'ਤੇ ਵਿਸ਼ਵਾਸ ਨਹੀਂ। ਸ੍ਰੀ ਅਖੰਡ ਪਾਠ ਜਾਂ ਅਨੰਦ ਕਾਰਜ ਸਮੇਂ ਮਸਲੇ ਖੜ੍ਹੇ ਹੋ ਜਾਂਦੇ ਹਨ ਕਿ ਪ੍ਰਕਾਸ਼ ਕਿਸ ਦਿਸ਼ਾ ਵੱਲ ਕੀਤਾ ਜਾਵੇ। ਵਰਤ ਰੱਖੇ ਜਾਂਦੇ ਹਨ, ਇਕਾਦਸ਼ੀਆਂ, ਦੁਆਦਸ਼ੀਆਂ, ਮੱਸਿਆ, ਸੰਗਰਾਂਦਾਂ ਤੇ ਪੂਰਨਮਾਸੀਆਂ ਰਾਹੀਂ ਸੂਰਜ ਅਤੇ ਚੰਦਰਮਾ ਦੀ ਮਾਨਤਾ ਹੋ ਰਹੀ ਹੈ ਪਰ ਗੁਰੂ ਨਹੀਂ ਮਨਾਇਆ ਜਾਂਦਾ। ਹਾਲਾਂਕਿ ਗੁਰਬਾਣੀ ਸੂਰਜ ਅਤੇ ਚੰਦਰਮਾ ਦੀ ਆਪਣੀ ਬੇਬਸੀ ਦੀ ਕਹਾਣੀ ਦੱਸ ਰਹੀ ਹੈ :

"ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ।।
ਕੁਲ ਜਨ ਮਧੇ ਮਿਲੵੋ ਸਾਰਗ ਪਾਨ ਰੇ।।
ਕਰਮ ਕਰਿ ਕਲੰਕ ਮਫੀਟਸ ਰੀ।। (ਚੰਦਰਮਾ)
ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਰੇ ਬਾਧਵਾ।।
ਕਰਮ ਕਰਿ ਅਰੁਣ ਪਿੰਗੁਲਾ ਰੀ।।" (ਸੂਰਜ)

(ਗੁ.ਗ੍ਰੰ.ਸਾ.ਪੰਨਾ : 665)

"ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ।।
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ।।"

(ਗੁ.ਗ੍ਰੰ.ਸਾ.ਪੰਨਾ : 1349)

"ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ।।"

(ਗੁ.ਗ੍ਰੰ.ਸਾ.ਪੰਨਾ : 300)

ਅੱਜ ਬਿਨਾਂ ਜਾਨਣ ਦੇ ਪਾਲਕੀ-ਚਾਨਣੀ-ਚੌਰ, ਲੰਗਰ-ਕੁਰਸੀਆਂ-ਤੱਪੜ, ਨੀਲੇ-ਪੀਲੇ -ਕਾਲੇ-ਚਿੱਟੇ ਪਹਿਰਾਵੇ, ਸਾੜੀਆਂ-ਪਜਾਮੇ-ਪੈਂਟਾਂ-ਟਾਈਆਂ, ਹਰ ਵਸਤੂ ਧਰਮ ਦੇ ਨਾਮ ਹੇਠ ਸਾਡੇ ਝਗੜਿਆਂ ਦਾ ਕੇਂਦਰ ਬਣੀ ਹੋਈ ਹੈ। ਅਸੀਂ ਗਿਆਨਹੀਨ ਕਰਮ-ਕਾਂਡੀ ਅਤੇ ਭੇਖੀ ਬਣ ਗਏ ਹਾਂ। ਕੀ ਅੱਜ ਸਿੱਖ ਵਿੱਚ ਜਾਤ-ਪਾਤ, ਊਚ-ਨੀਚ ਦਾ ਭੇਦ-ਭਾਵ ਨਹੀਂ ਹੈ ? ਅੱਜ ਤਾਂ ਸਿੱਖ ਨੇ ਗੁਰਦੁਆਰੇ ਵੀ ਵੰਡ ਦਿੱਤੇ ਹਨ। ਇਹ ਜੱਟਾਂ ਦਾ ਗੁਰਦੁਆਰਾ, ਛੀਂਬਿਆਂ ਦਾ ਗੁਰਦੁਆਰਾ, ਨਾਈਆਂ ਖਤਰੀਆਂ ਭਾਪਿਆਂ ਰਾਮਗੜ੍ਹੀਆਂ ਰਵਿਦਾਸੀਆਂ, ਸਭ ਦੇ ਗੁਰਦੁਆਰੇ ਵੱਖ-ਵੱਖ ਹਨ। ਜਿਸ ਅੰਮ੍ਰਿਤ ਰਾਹੀਂ ਗੁਰੂ ਨੇ ਸਿੱਖੀ ਨੂੰ ਇਕ ਕੀਤਾ ਸੀ, ਅੱਜ ਸਿੱਖਾਂ ਦੇ ਅੰਮ੍ਰਿਤ ਵੱਖ-ਵੱਖ ਹਨ। ਇਥੋਂ ਤਕ ਕਿ ਅੱਜ ਸਿੱਖ ਦੀ ਵੀ ਬਹੁਤ ਵੱਖ-ਵੱਖ ਵੈਰਾਇਟੀ (variety) ਆਖੀ ਜਾਂਦੀ ਹੈ। ਇਹ ਅੰਮ੍ਰਿਤ-ਧਾਰੀ ਸਿੱਖ, ਇਹ ਕੇਸਾ-ਧਾਰੀ ਸਿੱਖ, ਨਾਮ-ਧਾਰੀ ਸਿੱਖ, ਸਹਿਜ-ਧਾਰੀ ਸਿੱਖ, ਸ਼ਰਧਾਲੂ ਸਿੱਖ ਅਤੇ ਹੁਣੇ ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਇਕ ਨਵੇਂ ਨਾਮ ਦਾ ਸਿੱਖ ਈਜ਼ਾਦ ਹੋਇਆ ਹੈ, ਜਿਸ ਨੂੰ ਅਸੀਂ ਕਲੀਨ-ਸ਼ੇਵਨ (clean-shaven) ਸਿੱਖ ਆਖਦੇ ਹਾਂ। ਕੌਮ ਦੀ ਇੱਜ਼ਤ-ਆਬਰੂ, ਮਾਨ-ਸਨਮਾਨ, ਕਿਰਦਾਰ ਦੀ ਸੰਭਾਲ ਦਾ ਕਿਸੇ ਨੂੰ ਫਿਕਰ ਹੀ ਨਹੀਂ। ਅੱਜ ਦਾਜ ਦੇ ਲਾਲਚ ਕਾਰਨ ਸਿੱਖ ਪਰਵਿਾਰਾਂ ਵਿੱਚ ਵੀ ਤਾਲਾਕ ਹੋ ਰਹੇ ਹਨ, ਅਬਲਾ ਨੂੰਹਾਂ ਦੇ ਕਤਲ ਜਾਂ ਨੂੰਹਾਂ ਨੂੰ ਸੜ ਕੇ ਜਾਂ ਡੁੱਬ ਕੇ ਮਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਜਿਹੜਾ ਵਿਆਹ ਸਮੇਂ ਗੁਰੂ ਨੂੰ ਦਰਮਿਆਨ ਵਿੱਚ ਸਾਖੀ ਮੰਨ ਕੇ ਪਰਿਕਰਮਾ ਕਰਦਾ ਜੀਵਨ-ਸਾਥੀ ਚੁਣ ਕੇ, ਮੁੜ ਕੇਵਲ ਲੋਭ ਵੱਸ ਪਤਨੀ ਨੂੰ ਤਲਾਕ ਜਾਂ ਕਤਲ ਕਰਦਾ ਹੈ, ਤਾਂ ਕੀ ਉਹ ਸਿੱਖ ਅਖਵਾਉਣ ਦਾ ਹੱਕਦਾਰ ਹੈ ?

ਬਸ ! ਤਾਲਾਬ ਦਾ ਪਾਣੀ ਮੈਲਾ ਹੋ ਗਿਆ ਹੈ, ਅੱਜ ਉਸ ਵਿੱਚ ਸਿੱਖ ਨੂੰ ਆਪਣਾ ਚਿਹਰਾ ਵੀ ਨਹੀਂ ਦਿੱਸਦਾ। ਕਦੀ ਗਜ਼ਨੀ ਦੇ ਬਾਜ਼ਾਰਾਂ ਵਿੱਚ ਵੇਚਣ ਲਈ ਗੱਡਿਆਂ 'ਤੇ ਬੰਨ੍ਹ ਕੇ ਲਿਜਾਈਆਂ ਜਾ ਰਹੀਆਂ ਹਿੰਦੁਸਤਾਨ ਦੀਆਂ ਬਹੂ-ਬੇਟੀਆਂ ਜਿਸ ਸਿੱਖ ਨੂੰ 'ਮੋੜ ਲਿਆਈਂ ਵੇ ਵੀਰਾ' ਦੀਆਂ ਆਵਾਜ਼ਾਂ ਦਿੰਦੀਆਂ ਸਨ, ਅੱਜ ਉਸੇ ਦੀ ਆਪਣੀ ਆਬਰੂ ਦੇਸ਼-ਵਿਦੇਸ਼ਾਂ ਦੇ ਆਨਾਥ ਆਸ਼ਰਮਾਂ ਵਿੱਚ ਜਾਂ ਅਦਾਲਤਾਂ ਵਿੱਚ ਰੁਲ ਰਹੀ ਹੈ। ਕਈ ਥਾਈਂ ਗੁਰਪੁਰਬਾਂ ਸਮੇਂ **'ਗਰੀਬ ਦਾ ਮੂੰਹ ਗੁਰੂ ਦੀ ਗੋਲਕ'** ਆਖਣ ਵਾਲੇ ਸਿੱਖਾਂ ਦੇ ਲੰਗਰ ਚਲਦੇ ਹਨ, ਰੱਜਦੇ-ਪੁੱਜਦੇ ਸਿੱਖ ਪੰਗਤ ਵਿੱਚ ਬੈਠ ਕੇ ਗੌਰਵ ਨਾਲ ਪ੍ਰਸ਼ਾਦਾ ਛੱਕ ਰਹੇ ਹੁੰਦੇ ਹਨ। ਪਰ ਬਿਹਾਰ ਵਰਗੀਆਂ ਗਰੀਬ ਸਟੇਟਾਂ ਵਿੱਚ ਭੁੱਖੇ ਗਰੀਬ ਬੱਚੇ ਤੇ ਬਜ਼ੁਰਗ ਲੰਗਰ ਛੱਕ ਕੇ ਸੁੱਟੇ ਗਏ ਪਤਲਾਂ ਨੂੰ ਚੱਟਣ ਲਈ ਦੌੜ ਤੇ ਲੜ ਰਹੇ ਹੁੰਦੇ ਹਨ ਅਤੇ ਉਹਨਾਂ ਨੂੰ ਕੋਈ ਲੰਗਰ ਵਿੱਚ ਵੜਨ ਨਹੀਂ ਦਿੰਦਾ। **"ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ"** ਪੜ੍ਹਨ ਤੇ ਪੜ੍ਹਾਉਣ ਵਾਲੇ ਸਿੱਖਾਂ ਦੇ ਘਰਾਂ ਵਿੱਚ ਵੀ ਅਕਸਰ ਖੁਸ਼ੀਆਂ ਦੀ ਕਿਸੇ ਪਾਰਟੀ ਸਮੇਂ ਔਰਤਾਂ ਮਰਦਾਂ ਦੇ ਹੱਥਾਂ ਵਿੱਚ ਸ਼ਰਾਬ ਦੇ ਜਾਮ, ਜਾਮ ਤੇ ਜਾਮ ਸੁਸਾਇਟੀ ਦਾ ਗੌਰਵ ਬਣ ਰਿਹਾ ਹੈ। ਧਰਮ ਸਥਾਨਾਂ ਦੇ ਮੁਖ ਪ੍ਰਬੰਧਕ ਤੇ



ਪ੍ਰਚਾਰਕ ਵੀਰ ਜਿਨ੍ਹਾਂ ਨੇ ਲੋਕਾਂ ਨੂੰ ਅੰਮ੍ਰਿਤ ਵੰਡਣਾ ਸੀ, ਉਹ ਕਈ ਥਾਵੇਂ ਸ਼ਰਾਬ ਦੇ ਠੇਕੇ ਖੋਲ੍ਹ ਕੇ ਬੈਠੇ ਹਨ। ਕਦੀ ਗੁਰੂ ਨੇ "**ਤੀਰਥ ਜਾਉ ਤ ਹਉ ਹਉ ਕਰਤੇ, ਪੰਡਿਤ ਪੂਛਉ ਤ ਮਾਇਆ ਰਾਤੇ**" ਦੀ ਸਿੱਖਿਆ ਨੂੰ ਬੇਅਸਰ ਦੇਖ ਕੇ ਹੀ ਸਿੱਖੀ ਲਈ ਸੱਚ ਧਰਮਸਾਲ (ਗੁਰਦੁਆਰੇ) ਬਣਾਏ ਸਨ। ਪਰ ਅੱਜ ਗੁਰੂ ਸਿੱਖ ਦੀ ਸੱਚੀ ਧਰਮਸਾਲ (ਗੁਰਦੁਆਰੇ) ਵਿੱਚ ਵੀ ਉਹੋ ਸਭ ਕੁਝ ਵੇਖ ਰਿਹਾ ਹੈ। ਗੁਰਦੁਆਰੇ ਤੇ ਡੇਰੇ ਕੋਰਪਸ਼ਨ (corruption) ਅਤੇ ਬਦਚਲਨੀ ਦੇ ਅੱਡੇ ਬਣ ਰਹੇ ਹਨ। ਗੁਰਦੁਆਰਿਆਂ ਵਿੱਚ ਕਥਾ ਕੀਰਤਨ ਪਾਠ ਅਨੰਦ-ਕਾਰਜ, ਸਭ ਅੱਜ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੀ ਦੁਕਾਨਦਾਰੀ ਦਾ ਸੌਦਾ ਹਨ। ਗੁਰਦੁਆਰਿਆਂ ਵਿੱਚ ਅੱਜ ਧਰਮ ਨਹੀਂ ਬਲਕਿ ਕਾਬਜ਼ ਲੋਕਾਂ ਦਾ ਧੰਦਾ ਦਿੱਸਦਾ ਹੈ। ਗੁਰਦੁਆਰੇ ਅਤੇ ਗੋਲਕ ਦੇ ਕਬਜ਼ੇ ਕਰਨ ਲਈ ਜ਼ਾਲਮ ਸਾਜਿਸ਼ਕਾਰ ਸਿਆਸੀ ਧੜੇ ਬਣਦੇ ਹਨ। ਪ੍ਰਕਾਸ਼ ਦਾੜ੍ਹੇ, ਉੱਤੋਂ ਦੀ ਕਿਰਪਾਨਾਂ, ਨੀਲੇ ਪੀਲੇ ਚੋਲਿਆਂ ਵਾਲੇ ਅੰਮ੍ਰਿਤ ਧਾਰੀ ਅਖਵਾਉਂਦੇ ਸਿੱਖ ਗੁਰੂ ਦੀ ਹਾਜ਼ਰੀ ਵਿੱਚ ਇਕ ਦੂਜੇ ਦੀਆਂ ਪੱਗਾਂ ਲਾਹੁੰਦੇ, ਦਾੜ੍ਹਿਆਂ ਨੂੰ ਹੱਥ ਪਾਉਂਦੇ ਹਨ। ਕਦੀ ਨਵਾਬੀਆਂ ਦਾ ਤਿਆਗ ਕਰਨ ਵਾਲੇ, ਅੱਜ ਪ੍ਰਧਾਨਗੀਆਂ ਤੇ ਸਕੱਤਰੀਆਂ ਲਈ ਲੜ ਰਹੇ ਹਨ। 'ਸ਼ਕਲ ਮੋਮਨਾਂ ਦੀ ਕੰਮ ਕਾਫਰਾਂ ਦੇ' ਕਈ ਵਾਰ ਕਬਜ਼ੇ ਦੀ ਖਾਤਰ ਗੁਰੂ ਦੀ ਹਜ਼ੂਰੀ ਵਿੱਚ ਸਿੱਖ ਹੀ ਸਿੱਖਾਂ ਨੂੰ ਕਤਲ ਵੀ ਕਰ ਦਿੰਦੇ ਹਨ। ਜੁੱਤੀਆਂ ਸਮੇਤ ਪੁਲਿਸ ਅੰਦਰ ਆਉਂਦੀ ਹੈ, ਬੱਚੇ ਸਹਿਮ ਜਾਂਦੇ ਹਨ, ਮਾਵਾਂ ਬੱਚਿਆਂ ਨੂੰ ਗੋਦੀ ਚੁਕ ਤ੍ਰਾਸ-ਤ੍ਰਾਸ ਕਰਦੀਆਂ ਘਰਾਂ ਨੂੰ ਤੁਰ ਜਾਂਦੀਆਂ ਹਨ। ਬਹੁਤੇ ਗੁਰਦੁਆਰਿਆਂ ਦੇ ਅਦਾਲਤਾਂ ਵਿੱਚ ਕੇਸ ਚਲ ਰਹੇ ਹਨ, ਭੋਲੀਆਂ ਸਿੱਖ ਸੰਗਤਾਂ ਦੀ ਸ਼ਰਧਾ ਨਾਲ ਭੇਟ ਕੀਤੀ ਮਾਇਆ, ਇਹ ਅੱਜ ਦੇ ਮਸੰਦ ਬੜੀ ਬੇਰਹਿਮੀ ਨਾਲ ਅਦਾਲਤਾਂ ਵਿੱਚ ਵਕੀਲਾਂ ਦੀ ਭੇਟ ਕਰਕੇ ਆਪਣਾ ਕਬਜ਼ਾ ਕਾਇਮ ਰੱਖਦੇ ਹਨ।

ਸਿੱਖੀ ਦਾ ਸਰੂਪ ਨਾਈਆਂ ਦੀ ਦੁਕਾਨ 'ਤੇ ਜਾ ਕੇ ਬੈਠ ਰਿਹਾ ਹੈ ਅਤੇ ਸਿਧਾਂਤ ਸਿਆਸਤ ਦੇ ਕਦਮਾਂ ਵਿੱਚ ਰੁਲ ਰਿਹਾ ਹੈ। ਰੋਜ਼ ਦੇ ਸਿਆਸੀ ਦਗ਼ਾਬਾਜ਼ ਕੌਮ ਨਾਲ ਝੂਠੇ ਇਕਰਾਰ ਕਰਕੇ ਮੁਕਰ ਜਾਣ ਵਾਲੇ, ਸਿੱਖ ਪਰਸਨਲ ਲਾਅ (Sikh Personal Law) ਅਤੇ ਅਨੰਦਪੁਰ ਦੇ ਮਤੇ (Anandpur Sahib Resolution) ਜਿਹੇ ਜ਼ਰੂਰੀ ਕੌਮੀ ਹੱਕ ਵੇਚ ਕੇ ਖਾ ਜਾਣ ਵਾਲੇ ਲੀਡਰ "**ਲਬ ਪਾਪ ਦੁਇ ਰਾਜਾ ਮਹਿਤਾ ਕੂੜ ਹੋਆ ਸਿਕਦਾਰ**" ਵਾਂਗੂੰ ਇੱਕਠੇ ਹੋ ਜਾਣ ਤਾਂ ਪੰਥਕ ਏਕਤਾ ਹੈ। ਜੇ ਖੁਦਗਰਜ਼ੀ ਕਾਰਨ ਕੋਈ ਵੱਖ ਧੜਾ ਬਣ ਜਾਵੇ ਤਾਂ ਪੰਥ ਖੇਰੂੰ-ਖੇਰੂੰ ਹੋ ਜਾਂਦਾ ਹੈ। ਬਸ ! ਬ੍ਰਾਹਮਨਇਜ਼ਮ ਵਾਂਗੂੰ ਇਹੋ ਹੀ ਪੰਥ ਹੈ ਅਤੇ ਵੈਦ ਦੀ ਪੁੜੀ ਵਾਂਗੂੰ ਕਿਸੇ ਨੂੰ ਪੁੱਛਣ ਦਾ ਹੱਕ ਨਹੀਂ ਕਿ ਇਸ ਪੁੜੀ ਵਿੱਚ ਕੀ ਹੈ, ਜਿਹੜਾ ਪੁੱਛੇ ਉਹ ਇਨ੍ਹਾਂ ਦੀ ਨਜ਼ਰਾਂ ਵਿੱਚ ਪੰਥ ਦਾ ਗੱਦਾਰ ਹੈ।

ਅੱਜ ਦੇ ਸਿੱਖ ਦਾ ਕੁਰਸੀ-ਪਦਵੀ ਝੂਠੀ ਸ਼ੋਹਰਤ ਅਤੇ ਪੈਸੇ ਦੇ ਲੋਭ ਵਿੱਚ ਧਰਮ-ਈਮਾਨ, ਕੌਮੀ ਵਫਾਦਾਰੀ ਸਭ ਕੁਝ ਵਿਕਾਊ ਹੋ ਗਿਆ ਹੈ। ਪੱਥਰ ਦੀਆਂ ਮੂਰਤੀਆਂ ਅੱਗੇ ਮੱਥਾ ਟੇਕਦਾ, ਰਾਧਾ ਸੁਆਮੀ ਅਤੇ ਨਿਰੰਕਾਰੀਆਂ ਵਰਗੇ ਦੇਹ ਧਾਰੀ ਗੁਰੂਆਂ ਦੇ ਚਰਨ ਚੁੰਮਦਾ, ਕਬਰਾਂ 'ਤੇ ਦੀਵੇ ਜਗਾਉਂਦਾ, ਫਕੀਰਾਂ ਦੀ ਮਜ਼ਾਰਾਂ 'ਤੇ ਸ਼ਰਾਬ ਦੀਆਂ ਬੋਤਲਾਂ ਭੇਟ ਚੜ੍ਹਾਉਂਦਾ, ਫਿਰ

ਸ਼ਰਾਬ ਦੇ ਨਸ਼ੇ ਵਿੱਚ ਭਰਾਵਾਂ ਨੂੰ ਕਤਲ ਕਰਦਾ ਅਤੇ ਗਲੀਆਂ ਵਿੱਚ ਬੇਹੋਸ਼ ਪਿਆ ਅੱਜ ਸਿੱਖ ਸਰੂਪ ਵੀ ਦੇਖਿਆ ਜਾ ਸਕਦਾ ਹੈ।

ਆਚਰਨਹੀਨ, ਲਾਲਚੀ, ਗੱਦਾਰ, ਆਤੰਕਵਾਦੀ, ਕੋਰਪਟ ਅਤੇ ਪਤਾ ਨਹੀਂ ਹੋਰ ਕੀ-ਕੀ ਲਕਬ ਇਸ ਨੂੰ ਮਿਲ ਰਹੇ ਹਨ। ਹੋਰ ਸਭ ਤੋਂ ਖ਼ਤਰਨਾਕ ਮੋੜ ਹੈ ਕਿ ਸਿਆਸੀ ਅਤੇ ਧਾਰਮਿਕ ਪਦਵੀਆਂ 'ਤੇ ਬੈਠੇ ਲੀਡਰ ਅੱਜ ਕੁਰਸੀ ਦੇ ਲਾਲਚ ਵੱਸ ਸਿੱਖ ਵਿਰਸਾ, ਸਿੱਖ ਸ਼ਕਤੀ ਦਾ ਕੇਂਦਰ, ਸਿੱਖ ਧਰਮ ਸਥਾਨ ਅਤੇ ਸਿੱਖ ਧਰਮ ਸਿਧਾਂਤ ਆਰ. ਐਸ. ਐਸ., ਰਾਸ਼ਟਰੀਯ ਸਿੱਖ ਸੰਗਤ ਵਰਗੇ ਐਸੇ ਹੱਥਾਂ ਵਿੱਚ ਦਿੰਦੇ ਚਲੇ ਜਾ ਰਹੇ ਹਨ ਕਿ ਰੱਬ ਨਾ ਕਰੇ, ਇਹ 'ਜਾਦੂਗਰ ਦੀ ਮੁੱਠੀ' ਵਾਂਗ ਕਦੀ ਮੁੱਠੀ ਖੋਲ੍ਹ ਕੇ ਦਿਖਾ ਦੇਣਗੇ ਕਿ ਤੁਹਾਡਾ ਇਥੇ ਕੁਝ ਵੀ ਨਹੀਂ। ਦੇਖ ਲਓ ਇਸ ਤਾਲਾਬ 'ਤੇ ਤੁਹਾਡੇ ਸੱਤ, ਸੰਤੋਖ, ਦਇਆ, ਧਰਮ, ਧੀਰਜ, ਪਰਉਪਕਾਰ, ਸੇਵਾ, ਕਿਰਤ ਕਰਨਾ, ਨਾਮ ਜਪਣਾ, ਵੰਡ ਛੱਕਣਾ, ਬਾਣੀ-ਬਾਣੇ ਸਮੇਤ ਸਭ ਗੁਣਾਂ ਦੇ ਕੰਵਲ ਫੁੱਲ ਸੁੱਕ ਚੁੱਕੇ ਜਾਂ ਕੁਮਲਾਹ ਚੁੱਕੇ ਹਨ, ਹਰੀਆਵਲ ਮੁੱਕ ਗਈ ਹੈ। "**ਗੁਰ ਦਰੀਆਉ ਸਦਾ ਜਲੁ ਨਿਰਮਲੁ**" ਵਿਚੋਂ ਅੰਮ੍ਰਿਤ ਜਲ ਮਿਲਣ ਦੇ ਰਸਤੇ ਬੰਦ ਕਰ ਦਿੱਤੇ ਗਏ ਹਨ। ਹੁਣ ਤਾਂ ਗੁਰਬਾਣੀ ਅੰਮ੍ਰਿਤ ਨਾਲੋਂ ਵਿੱਛੜ ਕੇ ਬੇਮੁਖਤਾ ਦੀ ਮੌਤ ਮਰ ਚੁਕੀਆਂ ਆਤਮਾਵਾਂ (ਮਛਲੀਆਂ) ਵਿਚੋਂ ਹਉਮੈ ਅਤੇ ਖ਼ੁਦਗਰਜ਼ੀ ਦੀ ਬੂ ਆਉਂਦੀ ਹੈ। ਜਾਂ ਫਿਰ ਵਿੱਛੜ ਕੇ ਤੜਪ ਰਹੀਆਂ ਆਤਮਾਵਾਂ ਦੇ ਦੁਖੀ ਹਿਰਦੇ ਦੀ ਕੂਕ ਹੀ ਬਾਕੀ ਹੈ। ਸਿੱਖ ਵਿਦਵਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਨੂੰ ਵਿਛੋੜੇ ਦੀ ਵੇਦਨਾ ਆਖੀ ਹੈ :

'ਸਾਬਨ ਲਾ ਲਾ ਧੋਤਾ ਕੋਲਾ ਦੁਧ ਦਹੀ ਵਿਚ ਪਾਇਆ।
ਖੁੰਬ ਚਾੜ੍ਹ ਰੰਗਨ ਭੀ ਧਰਿਆ ਪਰ ਰੰਗ ਨਾ ਓਸ ਵਟਾਇਆ।
ਵਿਛੜ ਕੇ ਕਾਲਖ ਸੀ ਆਈ ਬਿਨ ਮਿਲਿਆ ਨਹੀਂ ਲਹਿੰਦੀ।
ਅੰਗ ਅਗ ਦੇ ਲਾ ਕੇ ਦੇਖੋ ਚੜ੍ਹਦਾ ਰੂਪ ਸਵਾਇਆ।'

❖

"ਸਤਿਗੁਰੁ ਧਰਤੀ ਧਰਮ ਹੈ

ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ।।"

ਧਰਮ ਦੀ ਨਿਸ਼ਾਨੀ ਕੀ ਹੈ ?

ਧਰਮੀ ਦੀ ਨਿਸ਼ਾਨੀ ਕੀ ਹੈ ?

ਸਤਿਗੁਰੂ ਹੈ

ਧਰਮ ਵਰਗਾ, ਧਰਤੀ ਵਰਗਾ

ਪਰ ਕਿਵੇਂ ?

ਗੁਰੂ ਧਰਮ ਧਰਤੀ

ਸਤਿਗੁਰ ਧਰਮ ਧਰਤੀ ਹੈ, ਉਸ ਦੇ ਘਰ ਵਿੱਚ ਕੋਈ ਬਨਾਵਟ ਨਹੀਂ, ਧਰਤੀ ਵਾਂਗੂ ਉਸ ਦਾ ਸੁਭਾ ਹੈ ਸੱਚ ਬੋਲਣਾ, ਸੱਚ ਦੀ ਪਰਖ ਕਰਨੀ। ਜਿਹੋ ਜਿਹਾ ਕੋਈ ਬੀਜ ਪਾਵੇ ਉਹੋ ਜਿਹਾ ਉਸ ਧਰਤੀ ਵਿੱਚ ਉੱਗਦਾ ਹੈ। ਇਕ ਵਾਰ ਮੈਂ ਅਰਜ ਕੀਤੀ ਸੀ ਕਿ ਕੋਈ ਬੀਜ ਤੇਰੀ ਮੁੱਠੀ ਵਿਚ ਹੋਵੇ ਜਾਂ ਤੂੰ ਉਸ ਨੂੰ ਆਪਣੀ ਪਾਕੇਟ, ਆਪਣੀ ਜੇਬ ਵਿਚ ਪਾ ਕੇ ਰੱਖੇ ਤੇ ਕੋਈ ਤੇਰੇ ਕੋਲੋਂ ਪੁੱਛੇ ਤੇਰੀ ਪਾਕੇਟ ਵਿੱਚ ਕਿਹੜਾ ਬੀਜ ਹੈ। ਤੂੰ ਝੂਠ ਬੋਲ ਸਕਦਾ ਹੈ, ਛੋਲਿਆਂ ਦਾ ਬੀਜ ਹੋਵੇ ਪਰ ਆਖ ਸਕਦਾ ਹੈਂ ਕਣਕ ਦਾ ਦਾਣਾ ਹੈ। ਕਣਕ ਦੇ ਦਾਣੇ ਜੇਬ ਵਿੱਚ ਹੋਣ, ਤੂੰ ਆਖੇਂ ਧਾਨ ਦਾ ਜਾਂ ਚੌਲਾਂ ਦਾ ਬੀਜ ਹੈ। ਆਖ ਸਕਦਾ ਹੈਂ। ਪਰ ਇਕ ਖਿਆਲ ਕਰੀਂ ! ਜਿਸ ਦਿਨ ਤੂੰ ਇਹ ਬੀਜ ਧਰਤੀ ਦੇ ਹਵਾਲੇ ਕਰ ਦਿੱਤਾ, ਧਰਤੀ ਵਿੱਚ ਬੀਜ ਦਿੱਤਾ ਫੇਰ ਝੂਠ ਨਾ ਬੋਲੀਂ। ਜਿਸ ਦਿਨ ਇਹ ਧਰਤੀ ਦੇ ਹਵਾਲੇ ਕਰ ਦੇਵੇਂ ਉਦੋਂ ਤੂੰ ਦੁਨੀਆਂ ਨੂੰ ਭੁਲੇਖੇ ਵਿੱਚ ਨਹੀਂ ਰੱਖ ਸਕੇਂਗਾ। ਫਿਰ ਝੂਠ ਬੋਲਣ ਦੀ ਬਾਕੀ ਕੋਈ ਗੁੰਜਾਇਸ਼ ਨਹੀਂ ਰਹੇਗੀ, ਕੋਈ ਉਹਲਾ ਨਹੀਂ ਰੱਖ ਸਕੇਂਗਾ। ਕਿਉਂਕਿ ਧਰਤੀ ਧਰਮ ਹੈ, ਜਦੋਂ ਉਹ ਹੋਂਠ ਖੋਲੇਗੀ ਉਦੋਂ ਸੱਚ ਬੋਲੇਗੀ ਤੇ ਤੇਰੇ ਝੂਠ ਦਾ ਪਰਦਾ ਅੱਜ ਨਹੀਂ ਤੇ ਕੱਲ, ਕੱਲ ਨਹੀਂ ਤੇ ਪਰਸੋਂ ਫਾਸ਼ ਹੋ ਜਾਵੇਗਾ।

ਬਨਾਵਟ ਬਣੀਂ ਨਹੀਂ ਰਹਿਣੀ ਕਿਉਂਕਿ ਧਰਤੀ ਧਰਮ ਹੈ, ਤੇ ਧਰਮ ਦਾ ਸੁਭਾਅ ਹੈ ਕਿ ਉਹ ਸੱਚ ਬੋਲਦੀ ਹੈ ਝੂਠ ਨਹੀਂ।



"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥"

(ਗੁ.ਗ੍ਰੰ.ਸਾ.ਪੰਨਾ : 488)

ਧਰਤੀ ਦੇ ਹਵਾਲੇ ਬੀਜ ਕਰਕੇ ਫਿਰ ਕਦੀਂ ਚੌਲਾਂ ਦੇ ਦਾਣੇ ਨੂੰ ਕਣਕ ਦਾ ਬੀਜ ਨਾ ਆਖੀਂ। ਕਿਉਂਕਿ ਧਰਤੀ ਜਦੋਂ ਹੋਂਠ ਖੋਲ੍ਹੇਗੀ, ਪੌਧਾ ਜਦੋਂ ਪੈਦਾ ਹੋਏਗਾ ਉਹ ਦੱਸ ਦੇਵੇਗਾ ਕਿ ਇਹਨੇ ਬੀਜ ਕਿਹੜਾ ਪਾਇਆ ਸੀ। ਇਹ ਇਸ ਦਾ ਸੁਭਾ ਹੈ। ਹਜ਼ੂਰ ਨੇ ਬਾਣੀ ਵਿਚ ਆਖਿਆ ਕਹਿਣ ਲੱਗੇ ਧਰਤੀ ਦੀ ਨਿਸ਼ਾਨੀ ਕੀ ਹੈ :

'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥"

(ਗੁ.ਗ੍ਰੰ.ਸਾ.ਪੰਨਾ : 134)

ਇਸੇ ਤਰ੍ਹਾਂ ਗੁਰੂ ਦੇ ਘਰ ਵਿਚ ਵੀ ਕੋਈ ਬੇਇਨਸਾਫੀ ਨਹੀਂ, ਇਹ ਧਰਮ ਦਾ ਘਰ ਹੈ। ਇਥੇ ਕੋਈ ਬਨਾਵਟ ਨਹੀਂ, ਇਥੇ ਕੋਈ ਧੜਾ ਨਹੀਂ "**ਹੰਸ ਸਿ ਹੰਸਾ ਬਗ ਸਿ ਬਗਾ**", ਹੰਸ ਨੂੰ ਹੰਸ ਆਖਿਆ ਜਾਂਦਾ ਹੈ ਤੇ ਬਗਲੇ ਨੂੰ ਬਗਲਾ ਆਖਿਆ ਜਾਂਦਾ ਹੈ, ਕੋਈ ਬਨਾਵਟ ਨਹੀਂ। ਕਪੜੇ ਜਿਹੜੇ ਮਰਜ਼ੀ ਪਾ ਲਵੋ, ਭੇਖ ਜਿਹੜਾ ਮਰਜ਼ੀ ਬਣਾ ਲਵੋ। ਗੁਰੂ ਭੇਖ ਨਹੀਂ, ਕਰਨੀ ਦੇਖਦਾ ਹੈ। ਉਸਦੇ ਘਰ ਵਿੱਚ ਕਰਨੀ ਪ੍ਰਵਾਨ ਹੁੰਦੀ ਹੈ ਅਤੇ ਕਰਨੀ ਵਾਲੇ ਦੀ ਪਛਾਣ ਵਜੋਂ ਬਾਣਾ ਪ੍ਰਵਾਨ ਹੁੰਦਾ ਹੈ।

"ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ॥
ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥"

(ਗੁ.ਗ੍ਰੰ.ਸਾ.ਪੰਨਾ : 960)

ਗੁਰੂ ਆਵਾਜ਼ ਦੇ ਕੇ ਆਖੇਗਾ "**ਬਗਾ ਬਗੇ ਕਪੜੇ**"। ਉਸਨੂੰ ਕਿਸੇ ਲੋਭ ਅਧੀਨ, ਕਿਸੇ ਦੀ ਮੁਥਾਜੀ, ਖ਼ੁਸ਼ਾਮਦ ਜਾਂ ਲਿਹਾਜ ਕੋਈ ਨਹੀਂ, ਧਰਮ ਜੋ ਹੋਇਆ। ਧਰਤੀ ਨੇ ਕਦੀ ਵੀ ਨਹੀਂ ਸੋਚਣਾ ਕਿ ਜਿਸ ਨੇ ਧਰਤੀ ਖਰੀਦੀ ਹੈ ਉਹਨੇ ਬੜੇ ਮਹਿੰਗੇ ਮੁੱਲ ਖਰੀਦੀ ਹੈ। ਪਰ ਖਿਆਲ ਕਰਿਓ ਜਿੰਨੀਂ ਮਰਜ਼ੀ ਕੀਮਤ ਖਰਚ ਕਰਕੇ ਧਰਤੀ ਖਰੀਦ ਲਵੋ, ਧਰਤੀ ਵਿਚੋਂ ਉੱਗੇਗਾ ਉਹੀ ਕੁਝ ਜੋ ਉਸ ਵਿੱਚ ਬੀਜੋਗੇ। ਮਤ ਸੋਚਿਓ ਕਿ ਮੈਂ ਕੀਮਤੀ ਧਰਤੀ ਖਰੀਦੀ ਹੈ, ਮੇਰਾ ਕੁਝ ਲਿਹਾਜ ਕਰੇਗੀ। ਮਤ ਸੋਚਿਓ, ਮੈਂ ਕੀਮਤੀ ਰੁਮਾਲਾ ਗੁਰੂ ਦੀ ਭੇਟ ਕੀਤਾ ਹੈ, ਮੈਂ ਬਹੁਤੀ ਮਾਇਆ ਭੇਟ ਕੀਤੀ ਹੈ, ਇਸ ਲਈ ਗੁਰੂ ਮੇਰਾ ਲਿਹਾਜ਼ ਕਰੇਗਾ ਤੇ ਮੈਨੂੰ ਸ਼ਰਾਬ ਪੀਣ ਦੀ ਛੋਟ ਦੇ ਦੇਵੇਗਾ।

"ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥"

(ਗੁ.ਗ੍ਰੰ.ਸਾ.ਪੰਨਾ : 1379)

"ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ॥
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥"

(ਗੁ.ਗ੍ਰੰ.ਸਾ.ਪੰਨਾ : 302)

ਧਰਤੀ ਧਰਮ ਹੈ, ਤੇ ਧਰਮ ਕਦੀ ਕਿਸੇ ਦੇ ਦਬਾਅ ਥੱਲੇ ਨਹੀਂ ਹੁੰਦਾ, ਧਰਮ ਵਿਕਾਊ ਨਹੀਂ ਹੁੰਦਾ। ਬੇਸ਼ਕ ਕੋਈ ਸਫ਼ੈਦ ਕਪੜਿਆਂ ਵਾਲਾ ਹੋਵੇ, ਬੇਸ਼ਕ ਕੋਈ ਬਾਣੇ ਮੁਤਾਬਿਕ ਕੁਝ ਵੀ ਬਣੀ ਫਿਰੇ, ਉਹ ਆਵਾਜ਼ ਦੇ ਕੇ ਆਖੇਗਾ "**ਬਗ ਸਿ ਬਗਾ**" - ਲਿਹਾਜ ਕੋਈ ਨਹੀਂ। ਧਰਮ ਕਿਸੇ ਦੇ ਦਬਾਅ ਥੱਲੇ ਨਹੀਂ ਆਉਂਦਾ ਅਤੇ ਜਿਹੜਾ ਗੁਰੂ ਨੇ ਅੰਮ੍ਰਿਤ ਦਿੱਤਾ ਹੈ ਉਹ ਇਸੇ ਲਈ ਦਿੱਤਾ ਹੈ ਤਾਂ ਕਿ ਇਹਦੀ ਜ਼ਮੀਰ ਜਿਊਂਦੀ ਹੋ ਜਾਏ। ਮਨੁੱਖ ਦੀ ਜ਼ਮੀਰ ਗੁਲਾਮ ਨਾ ਰਹੇ ਤੇ ਜਿੰਨੀ ਦੇਰ ਜ਼ਮੀਰ ਗੁਲਾਮ ਰਹੇਗੀ ਮਨੁੱਖ ਧਰਮੀ ਨਹੀਂ ਹੋ ਸਕਦਾ। ਗੁਲਾਮ ਜ਼ਮੀਰ ਵਾਲਾ ਸੱਚ ਨਹੀਂ ਬੋਲ ਸਕਦਾ। ਜਿਸ ਧਰਮੀ ਨੇ ਜ਼ਮੀਰ ਹੀ ਕਿਸੇ ਮਨੁੱਖ ਕੋਲ ਗਿਰਵੀ ਰੱਖ ਦਿੱਤੀ ਉਹ ਮਨੁੱਖ ਧਰਮੀ ਨਹੀਂ ਹੋ ਸਕਦਾ।

ਧਰਮੀ ਦੀ ਨਿਸ਼ਾਨੀ ਕੀ ਹੈ ? ਉਸ ਦੀ ਜ਼ਮੀਰ ਗਿਰਵੀ ਨਹੀਂ ਹੋਵੇਗੀ। ਧਰਮ ਉਸ ਨੂੰ ਆਖਦੇ ਹੀ ਨਹੀਂ ਜਿਹੜਾ ਕਿਸੇ ਦੀ ਮੁੱਠੀ ਵਿੱਚ ਚਲਿਆ ਜਾਵੇ।

ਸੜਕਾਂ 'ਤੇ ਅਸੀਂ ਕਈ ਵਾਰ ਵੇਖਦੇ ਹਾਂ ਲੱਕੜਾਂ ਤੇ ਲੋਹੇ ਤੋਲਣ ਵਾਲੇ ਕੰਡੇ ਦਾ ਬੋਰਡ ਲੱਗਾ ਹੁੰਦਾ ਹੈ 'ਧਰਮ ਕੰਡਾ'। ਸਰਾਫਾ ਸੁਨਿਆਰਿਆਂ ਦੀ ਦੁਕਾਨ 'ਤੇ ਛੋਟੇ ਜਿਹੇ ਸ਼ੀਸ਼ੇ ਦੇ ਬਕਸੇ ਵਿੱਚ ਛੋਟਾ ਜਿਹਾ ਤਰਾਜੂ ਪਿਆ ਹੁੰਦਾ ਹੈ ਜਿਸ ਤੇ ਲਿਖਿਆ ਹੁੰਦਾ ਹੈ 'ਧਰਮ ਕੰਡਾ'। ਲੋਕਾਂ ਨੂੰ ਧਰਮ ਦੇ ਨਾਂ 'ਤੇ ਹੀ ਏਡਾ ਵਿਸ਼ਵਾਸ ਹੈ, ਕਿਸੇ ਚੀਜ਼ ਤੇ ਹੋਰ ਵਿਸ਼ਵਾਸ ਕਰਨ ਨਾ ਕਰਨ। ਦੱਸ ਵਾਰ ਸੁਨਾਰ ਪਿਆ ਤੋਲੇ, ਉਸ ਨੂੰ ਕਿਸੇ 'ਤੇ ਵਿਸ਼ਵਾਸ ਨਹੀਂ ਹੁੰਦਾ ਅਤੇ ਛੋਟੇ ਜਿਹੇ ਬਾਕਸ 'ਤੇ ਵਿਸ਼ਵਾਸ ਹੈ ਜਿਸ ਦੇ ਉੱਤੇ ਲਿਖਿਆ ਹੋਇਆ ਹੈ 'ਧਰਮ ਕੰਡਾ'। ਧਰਮ ਸ਼ਬਦ ਹੀ ਮਨੁੱਖ ਨੂੰ ਕਿੱਡਾ ਵਿਸ਼ਵਾਸ ਦਿੰਦਾ ਹੈ, ਉਸ 'ਤੇ ਤੁਲੇ ਹੋਏ ਸੋਨੇ ਤੇ ਸਲਿੱਪ ਨਾਲ ਲਗ ਜਾਵੇ, ਬਸ ਠੀਕ ਹੈ, ਧਰਮ ਨੇ ਤੋਲਿਆ ਹੈ। ਲੋਹਾ-ਲੱਕੜਾਂ ਨੂੰ ਤੋਲਣ ਵਾਲੇ ਨੂੰ ਧਰਮ ਕੰਡਾ, ਸੋਨੇ ਨੂੰ ਤੋਲਣ ਵਾਲਾ ਵੀ ਧਰਮ ਕੰਡਾ। ਅਕਸਰ ਇਕ ਖਿਆਲ ਕਰਿਓ, ਪਹਿਲੋਂ ਵੀ ਕੰਡਾ ਸੀ। ਲੋਕ ਸਦੀਆਂ ਤੋਂ ਵਸਤੂਆਂ ਤੋਲ ਰਹੇ ਹਨ ਅਤੇ ਤੋਲਣ ਲਈ ਤਰਾਜ਼ੂ, ਤਕੜੀ, ਕੰਡਾ ਵਰਤਿਆ ਜਾਂਦਾ ਰਿਹਾ। ਪਰ ਹੁਣ ਉਸ ਨਾਲ 'ਧਰਮ' ਸ਼ਬਦ ਜੁੜ ਗਿਆ, ਹੁਣ ਵੀ ਕੰਡਾ ਹੈ। ਸ਼ਬਦ ਜਿਹੜਾ ਧਰਮ ਕੰਡਾ ਬਣਿਆ ਹੈ ਨਾ ਉਹ ਦੇ ਪਿੱਛੇ ਇਕੋ ਹੀ ਫਿਲਾਸਫੀ ਹੈ ਤੇ ਜਿਹੜਾ ਕੰਡਾ ਸੁਨਾਰ ਦੀ ਮੁੱਠੀ ਵਿਚ ਹੈ ਉਹ ਧਰਮ ਕੰਡਾ ਨਹੀਂ ਹੋ ਸਕਦਾ। ਬੱਸ ਇਹੀਓ ਫਰਕ ਹੈ ਜਿਹੜਾ ਸੁਨਾਰ ਆਪਣੀ ਮੁੱਠੀ ਵਿਚ ਤੋਲਦਾ ਹੈ ਉਹ ਧਰਮ ਕੰਡਾ ਨਹੀਂ, ਉਸ ਨੂੰ ਕਦੀ ਕਿਸੇ ਨੇ ਧਰਮ ਕੰਡਾ ਨਹੀਂ ਆਖਿਆ। ਜੇ ਸੁਨਾਰ ਦੀ ਮੁੱਠੀ ਵਿੱਚੋਂ ਨਿਕਲ ਗਿਆ, ਐਸੇ ਸ਼ੀਸ਼ੇ ਦੇ ਬਕਸੇ ਵਿਚ ਗਿਆ ਜਿਹੜਾ ਪਾਰ-ਦਰਸ਼ੀ ਹੈ, ਬਾਹਰੋਂ ਖਲੋਅ ਕੇ ਵੀ ਉਸਦੇ ਅੰਦਰ ਦੀ ਹਰ ਹਰਕਤ ਨੂੰ ਪਛਾਣਿਆਂ ਜਾ ਸਕਦਾ ਹੈ, ਇਹਨੇ ਆਪਣਾ ਆਪ ਕਦੀ ਛੁਪਾ ਕੇ ਨਹੀਂ ਰੱਖਿਆ, ਆਪਣੇ ਆਪ 'ਤੇ ਪਰਦੇ ਨਹੀਂ ਪਾਏ। ਕਿਸੇ ਦੀ ਮੁੱਠੀ ਵਿੱਚ ਨਹੀਂ ਇਸ ਲਈ ਹੀ ਧਰਮ ਕੰਡਾ ਬਣਿਆ, ਤਾਂ ਹੀ ਉਹਦੇ ਨਾਲ ਧਰਮ ਜੁੜਿਆ।

ਜਿਸ ਦਿਨ ਧਰਮ ਕਿਸੇ ਦੀ ਮੁੱਠੀ ਵਿੱਚ ਚਲਿਆ ਗਿਆ, ਧਰਮੀ ਕਿਸੇ ਦਾ ਗਿਰਵੀ ਹੋ ਗਿਆ ਅਤੇ ਕਿਸੇ ਦੀ ਮਰਜੀ ਨਾਲ ਕੰਮ ਕਰਨ ਲਗ ਪਿਆ, ਜੋ ਕੁਝ ਆਖੇ ਮਨੁੱਖ ਕਿਸੇ



ਕੋਲੋਂ ਪੁੱਛ ਕੇ, ਡਰ ਕੇ ਕੰਮ ਕਰਨ ਲੱਗੇ, ਭੈਅ ਵਿੱਚ ਕੰਮ ਕਰਨ ਲੱਗੇ ਤਾਂ ਇਹ ਜਾਣਿਓ ਕਿ ਜ਼ਮੀਰ ਗੁਲਾਮ ਹੋ ਗਈ।

ਇਕ ਖ਼ਿਆਲ ਕਰਿਓ ਕਿ ਇਹ ਜਿਹੜਾ ਗੁਰੂ ਦਸਮ ਪਾਤਸ਼ਾਹ ਜੀ ਨੇ ਅੰਮ੍ਰਿਤ ਦਿੱਤਾ ਹੈ, ਇਹ ਸਰੀਰ ਨੂੰ ਜਿਉਂਦਾ ਕਰਨ ਲਈ ਨਹੀਂ ਹੈ, ਇਹ ਮਰੀ ਹੋਈ ਜ਼ਮੀਰ ਨੂੰ ਜੀਉਂਦਾ ਕਰਨ ਲਈ ਹੈ। ਇਸ ਦੇ ਨਾਲ ਅਮਰ ਜ਼ਮੀਰ ਹੁੰਦੀ ਹੈ। ਸਰੀਰ ਤਾਂ ਭਾਈ ਦਇਆ ਸਿੰਘ ਜੀ ਦਾ ਵੀ ਅੱਜ ਸਾਡੇ ਵਿਚ ਨਹੀਂ ਹੈ। ਸਰੀਰ ਤਾਂ ਭਾਈ ਧਰਮ ਸਿੰਘ ਜੀ ਦਾ ਵੀ ਸਾਡੇ ਦਰਮਿਆਨ ਵਿਚ ਨਹੀਂ। ਇਹ ਅੰਮ੍ਰਿਤ ਸਰੀਰ ਜੀਉਂਦਾ ਨਹੀਂ ਜਾਂ ਸਰੀਰ ਅਮਰ ਨਹੀਂ ਕਰਦਾ। ਸਰੀਰ ਨਾਲੋਂ ਤਾਂ ਸਿੱਖ ਦਾ ਸੰਬੰਧ ਤੋੜਦਾ ਹੈ। ਕਈ ਮਨੁੱਖ ਕੇਵਲ ਸਰੀਰ ਦੇ ਘੇਰੇ ਵਿਚ ਜੀਊ ਰਹੇ ਹੁੰਦੇ ਹਨ ਕਿ ਇਸ ਸਰੀਰ ਨੂੰ ਅਰੋਗ ਰੱਖਾਂ, ਇਹਨੂੰ ਬਚਾ ਕੇ ਰੱਖਾਂ, ਇਹ ਨੂੰ ਮੋਚ ਨਾ ਆ ਜਾਏ, ਇਹਨੂੰ ਪਾਲਾ ਨਾ ਲੱਗ ਜਾਏ, ਇਹਨੂੰ ਸਰਦੀ ਨਾ ਆ ਜਾਏ ਅਤੇ ਜਦੋਂ ਮਨੁੱਖ ਸਰੀਰ ਤੋਂ ਅੱਗੇ ਵੱਧਦਾ ਹੈ ਤਾਂ ਆਰਾ ਚੀਰ ਜਾਏ, ਬੰਦ-ਬੰਦ ਕੱਟੇ ਜਾਣ, ਉਹ ਕਹਿੰਦਾ ਹੈ ਮੈਂ ਸਰੀਰ ਤਾਂ ਹੈ ਹੀ ਨਹੀਂ, ਬੰਦ ਬੰਦ ਤਾਂ ਸਰੀਰ ਦੇ ਕੱਟੇ ਜਾ ਰਹੇ ਨੇ। ਸਿੱਖ ਸਰੀਰ ਤੇ ਹੈ ਹੀ ਨਹੀਂ।

ਇਸ ਲਈ ਜਿਹੜਾ ਅੰਮ੍ਰਿਤ ਗੁਰੂ ਦਿੰਦਾ ਹੈ, ਜਿਸ ਅੰਮ੍ਰਿਤ ਦੀ ਯਾਦ ਵਿਚ ਉਡੀਕ ਵਿਚ ਅੱਜ ਤੁਸੀਂ ਬੈਠੇ ਹੋ ਉਹ ਅੰਮ੍ਰਿਤ ਸਰੀਰ ਨੂੰ ਨਹੀਂ ਜ਼ਮੀਰ ਨੂੰ ਜੀਉਂਦਾ ਕਰਦਾ ਹੈ ਤੇ ਜਿਉਂਦੀ ਜ਼ਮੀਰ ਕਦੀ ਗੁਲਾਮ ਨਹੀਂ ਹੁੰਦੀ। ਇਸੇ ਲਈ ਤਾਂ ਅੰਮ੍ਰਿਤ ਸਾਡਾ ਧਰਮ ਹੈ। ਇਸੇ ਲਈ ਤੇ ਸਿੱਖ ਦਾ ਧਰਮ ਅੰਮ੍ਰਿਤ ਬਣ ਗਿਆ ਕਿਉਂਕਿ ਅੰਮ੍ਰਿਤ ਨੇ ਜ਼ਮੀਰ ਨੂੰ ਜਿਉਂਦਾ ਕਰ ਦਿੱਤਾ, ਜ਼ਮੀਰ ਅਮਰ ਕਰ ਦਿੱਤੀ। ਹੁਣ ਅੰਮ੍ਰਿਤ ਛੱਕਣ ਵਾਲਾ, ਛਕਾਣ ਵਾਲਾ ਕਿਸੇ ਮਨੁੱਖ ਦਾ ਗੁਲਾਮ ਹੋ ਕੇ ਨਹੀਂ ਚਲਦਾ। ਜਿਹੜਾ ਕਿਸੇ ਦਾ ਗੁਲਾਮ ਵਿਕਾਊ ਹੋ ਜਾਂਦਾ ਹੈ ਉਸ ਕੋਲ ਧਰਮ ਨਹੀਂ ਹੁੰਦਾ। ਧਰਮ ਖਰੀਦਿਆ ਨਹੀਂ ਜਾ ਸਕਦਾ। ਧਰਮ ਹੁੰਦਾ ਹੀ ਤਾਂ ਹੈ ਜਦੋਂ

"ਤਿਸੁ ਵਿਚਿ ਜੇਹਾ ਕੋ ਬੀਜੇ"

ਬੜਾ ਸੱਚ ਆਖਿਆ, ਕੋਈ ਲਿਹਾਜ ਨਾ ਹੋਵੇ ਆਪਣੇ ਜਾਂ ਦੂਜੇ ਦਾ। ਉਥੇ ਕੋਈ ਧੜਾ ਨਾ ਹੋਵੇ ਆਪਣੇ-ਬਿਗਾਨੇ ਦਾ।

ਧਰਮ ਦੀ ਨਿਸ਼ਾਨੀ ਕੀ ਹੈ ? **"ਤਿਸੁ ਵਿਚਿ ਜੇਹਾ ਕੋ ਬੀਜੇ"** ਧਰਮ ਕੰਡਾ ਹੈ ਤੇ ਇਥੇ **"ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ॥"** ਛੁਪਾ ਹੀ ਕੋਈ ਨਹੀਂ। ਸਤਿਗੁਰ ਨੇ ਬਾਣੀ ਵਿੱਚ ਆਖ ਦਿੱਤਾ :

"ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥
ਮੁਹਿ ਚਲੈ ਸੁ ਅਗੈ ਮਾਰੀਐ॥"

(ਗੁ.ਗ੍ਰੰ.ਸਾ. ਪੰਨਾ : 469-470)

ਹੇ ਮਨੁੱਖ ! ਜੇ ਧਰਮ ਧਰਤੀ ਸਤਿਗੁਰੂ ਨਾਲ ਕੋਈ ਸਾਂਝ ਪੈਦਾ ਕਰਨਾ ਚਾਹੁੰਦਾ ਹੈ, ਜੇ ਤੈਨੂੰ ਉਸਦੇ ਦਰਬਾਰ ਦੀ ਕੋਈ ਸੇਵਾ ਮਿਲੀ ਹੈ ਤਾਂ ਗੁਰੂ ਵਾਲੀ ਆਦਤ ਬਣਾ ਲੈ। ਕੋਈ ਤੇਰਾ ਧੜਾ ਨਹੀਂ, ਕਿਸੇ ਦਾ ਕੋਈ ਲਿਹਾਜ ਨਹੀਂ, ਕਿਸੇ ਦਾ ਕੋਈ ਦਬਾਅ ਨਹੀਂ, ਕਿਸੇ ਦਾ ਤੂੰ ਗੁਲਾਮ ਨਹੀਂ। ਧਰਮ ਚਾਕਰ ਨਹੀਂ ਹੁੰਦਾ। ਜਿਸ ਦਿਨ ਧਰਮ ਗੁਲਾਮ ਹੋ ਜਾਏ ਸਮਝ ਲਓ ਧਰਮ ਨਹੀਂ। ਕਹਿਣ ਲੱਗੇ ਗੁਰੂ ਨਾਲ ਸਾਂਝ ਪੈਦਾ ਕਰਨੀ ਹੈ ਤਾਂ ਫਿਰ ਵਿਸ਼ਵਾਸ ਕਰ ਤੈਨੂੰ ਜ਼ਮੀਰ ਜਿਊਂਦੀ ਕਰਨੀ ਪਏਗੀ, ਜ਼ਮੀਰ ਜਿਊਂਦੀ ਰੱਖਣੀ ਪਏਗੀ। ਇਥੇ ਐਸੇ ਲੋਕ ਸੰਸਾਰ ਵਿਚ ਹਨ ਜਿਹੜੇ

"ਇਕਨਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ
ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥"

(ਗੁ.ਗ੍ਰੰ.ਸਾ.ਪੰਨਾ : 303)

ਤੇ ਉਨ੍ਹਾਂ ਦੀ ਸੰਗਤ ਦੇ, ਉਨ੍ਹਾਂ ਦੇ ਦਬਾਅ ਵਿਚ ਉਨ੍ਹਾਂ ਦੀ ਨੇੜਤਾ ਵੀ ਕਰੇਂਗਾ ਉਹ ਤੇਰੀ ਜ਼ਮੀਰ ਨੂੰ ਜਿਊਂਦੀ ਨਹੀਂ ਰਹਿਣ ਦੇਣਗੇ। ਇਸ ਲਈ ਜੇ ਤੂੰ ਆਪਣੀ ਜ਼ਮੀਰ ਜਿਊਂਦੀ ਰੱਖਣੀ ਹੈ ਤਾਂ ਉਨ੍ਹਾਂ ਲੋਕਾਂ ਦਾ ਸਾਥ ਛੱਡ ਦੇ, ਉਨ੍ਹਾਂ ਦਾ ਪਾਸ ਛੱਡ :

"...ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ॥"

(ਗੁ.ਗ੍ਰੰ.ਸਾ.ਪੰਨਾ : 303-304)

ਵਾਲੀ ਗੱਲ ਕਰ। ਛੱਡ ਦੇ ਉਨ੍ਹਾਂ ਦਾ ਸਾਥ ਜਿਹੜੇ ਤੇਰੀ ਜ਼ਮੀਰ ਨੂੰ ਗੁਲਾਮ ਰੱਖਣਾ ਚਾਹੁੰਦੇ ਨੇ ਤੇ ਜਿਹੜੇ ਤੈਨੂੰ ਧਰਮ ਤੋਂ ਤੋੜ ਕੇ ਤੇਰੇ ਤੋਂ ਆਪਣੀ ਮਰਜ਼ੀ ਦਾ ਕੰਮ ਲੈਣਾ ਚਾਹੁੰਦੇ ਨੇ :

"ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥"

(ਗੁ.ਗ੍ਰੰ.ਸਾ. ਪੰਨਾ : 317)

ਜਿਹੜੀ ਗੱਲ ਗੁਰੂ ਨੂੰ ਨਾ ਚੰਗੀ ਲੱਗਦੀ ਹੋਵੇ, ਤੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਹੋਵੇਂ, ਗੁਰੂ ਤਾਂ ਆਖੇ ਤੂੰ ਸੱਚ ਬੋਲ, ਗੁਰੂ ਤਾਂ ਆਖੇ **"ਹੰਸ ਸਿ ਹੰਸਾ ਬਗ ਸਿ ਬਗਾ"** ਵਾਲਾ ਇਨਸਾਫ ਕਰ ਤੇ ਹੋਰ ਮਨੁੱਖ ਤੇਰੇ ਕੋਲੋਂ ਆਪਣੇ ਲਈ ਕੋਈ ਧਰਮੀ ਰੂਪ ਵਿਚ ਫੈਸਲੇ ਲੈਣੇ ਚਾਹੁਣ। ਫਿਰ ਖਿਆਲ ਕਰੀਂ, ਤੈਨੂੰ ਗੁਰੂ ਦੀ ਮਤ ਤੋਂ ਵੱਖ ਕਰਕੇ ਆਪਣੀ ਮਰਜ਼ੀ ਦਾ ਕੰਮ ਕਰਾਉਣਾ ਚਾਹੁਣ, ਤੇ ਛੱਡ ਦੇ, ਕਿਤੇ ਗੁਰੂ ਨਾ ਵਿਸਰ ਜਾਏ। ਗੁਰੂ ਨੇ ਬਾਣੀ ਵਿਚ ਆਖਿਆ ਹੈ ਕਹਿਣ ਲੱਗੇ -

"ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥"

(ਗੁ.ਗ੍ਰੰ.ਸਾ. ਪੰਨਾ : 317)

ਉਸਦੇ ਨੇੜੇ ਤਾਂ ਸਿੱਖ ਬਹਿੰਦਾ ਹੀ ਨਹੀਂ ਜੇ ਉਹਨੇ ਧਰਮੀ ਰਹਿਣਾ ਹੈ, ਉਹਨੇ ਆਪਣੀ ਜ਼ਮੀਰ ਗੁਲਾਮ ਨਹੀਂ ਕਰਨੀ। ਕਿਉਂਕਿ ਗੁਰੂ ਦਾ ਅੰਮ੍ਰਿਤ ਸਰੀਰ ਜਿਊਂਦਾ ਕਰਨ ਲਈ ਨਹੀਂ, ਗੁਰੂ ਦਾ



ਅੰਮ੍ਰਿਤ ਜ਼ਮੀਰ ਜਿਊਂਦੀ ਕਰਨ ਲਈ ਹੈ। ਤੇ ਜ਼ਮੀਰ ਐਨੀ ਜੀਊਂਦੀ ਕਰਦਾ ਹੈ ਕਿ ਇਹ ਗੁਰੂ ਰੂਪ ਹੋ ਜਾਂਦਾ ਹੈ **"ਗੁਰੂ ਸਿੱਖ - ਸਿੱਖ ਗੁਰੂ ਹੈ"** - ਵਾਲੀ ਅਵੱਸਥਾ ਵਿੱਚ ਚਲਾ ਜਾਂਦਾ ਹੈ। **"ਏਕੋ ਗੁਰ ਉਪਦੇਸ਼ ਚਲਾਏ"**, **"ਖ਼ਾਲਸਾ ਮੇਰੋ ਰੂਪ ਹੈ ਖ਼ਾਸ"** ਦੀ ਪਦਵੀ ਮਿਲਦੀ ਹੈ। ਪਰ ਤਾਂ ਮਿਲਦੀ ਹੈ ਜੇ ਜ਼ਮੀਰ ਗੁਰੂ ਵਾਲੀ ਹੋ ਜਾਏ ਕਿਉਂਕਿ ਗੁਰੂ ਵੀ ਧਰਮ ਧਰਤੀ ਹੈ। ਉਹ ਵੀ ਬੇਇਨਸਾਫੀ ਨਹੀਂ ਕਰਦਾ, ਉਹ ਵੀ ਕਿਸੇ ਧੜੇ ਦਾ ਨਹੀਂ, ਉਹ ਵੀ ਕਿਸੇ ਦੇ ਦਬਾਅ ਥੱਲੇ ਨਹੀਂ। ਜਿਹੜਾ ਸਿੱਖ ਉਹਦੇ ਵਰਗਾ ਸੁਭਾਅ ਬਣਾਉਂਦਾ ਹੈ, ਉਸ ਨੂੰ ਗੁਰੂ ਆਪਣੇ ਨਾਲ ਸ਼ਾਮਿਲ ਕਰ ਲੈਂਦਾ ਹੈ। ਗੁਰੂ ਕਹਿੰਦਾ ਹੈ -

"ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ॥
ਗੁਰਸਿਖੀ ਅੰਮ੍ਰਿਤੁ ਬੀਜਿਆ
ਤਿਨ ਅੰਮ੍ਰਿਤ ਫਲੁ ਹਰਿ ਪਾਏ॥
ਓਨਾ ਹਲਤਿ ਪਲਤਿ ਮੁਖ ਉਜਲੇ
ਓਇ ਹਰਿ ਦਰਗਹ ਸਚੀ ਪੈਨਾਏ॥"

ਆਓ ! ਜਿਸ ਅੰਮ੍ਰਿਤ ਦੀ ਮਿੱਠੀ ਤਾਂਘ ਲੈਣ ਲਈ ਬੈਠੇ ਹਾਂ, ਉਹ ਅੰਮ੍ਰਿਤ ਗੁਰੂ ਦੀ ਬਖਸ਼ਿਸ਼ ਹੈ, ਜ਼ਮੀਰ ਜਿਊਂਦਾ ਕਰਨ ਲਈ ਹੈ। ਆਓ ! ਭੇਖ ਨਾ ਰਹਿ ਜਾਏ, ਕੇਵਲ ਪਹਿਰਾਵਾ ਪਾ ਕੇ ਹੀ ਅੰਮ੍ਰਿਤ ਧਾਰੀਆਂ ਵਾਂਗ ਤੁਰਨਾ ਹੋਰ ਗੱਲ ਹੈ ਤੇ ਜ਼ਮੀਰ ਜੀਊਂਦੀ ਕਰ ਕੇ ਤੁਰਨਾ ਹੋਰ ਗੱਲ ਹੈ। ਜ਼ਮੀਰ ਜੀਊਂਦੀ ਹੋਵੇ, ਅਸੀਂ ਧਰਮੀ ਬਣੀਏ ਤੇ ਧਰਮੀ ਨੂੰ ਕੋਈ ਨਿੱਜ ਸੁਆਰਥ ਲਈ ਵਰਤ ਨਾ ਸਕੇ। ਸਾਡੀ ਆਪਣੀ ਜੀਊਂਦੀ ਜ਼ਮੀਰ ਹੋਵੇ, ਜ਼ਮੀਰ ਗੁਲਾਮ ਨਾ ਹੋਵੇ। ਜਿਸ ਦਿਨ ਜ਼ਮੀਰ ਗੁਲਾਮ ਹੋ ਗਈ

"ਓਨਾ ਹਲਤਿ ਪਲਤਿ ਮੁਖ ਉਜਲੇ"

ਨਹੀਂ ਹੋਵੇਗਾ। ਵਿਸ਼ਵਾਸ ਕਰਿਓ, ਉਸ ਦਿਨ ਤਾਂ ਫਿਰ ਮੂੰਹ ਲੁਕਾ-ਲੁਕਾ ਅੰਦਰ ਬੈਠੇਂਗਾ ਤੇ ਕਿਸੇ ਦੇ ਸਾਹਮਣੇ ਨਹੀਂ ਜਾਵੇਂਗਾ। ਫਿਰ ਮੂੰਹ ਉਜਲਾ ਨਹੀਂ ਬਣਦਾ, ਫਿਰ ਮਨੁੱਖ ਆਪਣਾ ਮੂੰਹ ਛੁਪਾਉਂਦਾ ਹੈ ਤੇ ਸਾਹਮਣੇ ਬੈਠਣ ਤੋਂ ਵੀ ਖੌਫ਼ ਖਾਂਦਾ ਹੈ ਕਿਉਂਕਿ ਮੂੰਹ ਉਜਲਾ ਹੁੰਦਾ ਹੈ ਜ਼ਮੀਰ ਜੀਊਣ ਨਾਲ ਤੇ ਧਰਮੀ ਵਾਲੀ ਬਿਰਤੀ ਬਣਨ ਨਾਲ ਅਤੇ ਉਹ ਤਾਂ ਹੀ ਬਣਦੀ ਹੈ ਜੇ ਗੁਰੂ ਦੇ ਇਨ੍ਹਾਂ ਬਚਨਾਂ ਨੂੰ ਧਾਰਨ ਕਰੀਏ। ਗੁਰੂ ਸਾਹਿਬ ਕਹਿੰਦੇ ਨੇ

"ਸਤਿਗੁਰੁ ਧਰਤੀ ਧਰਮ ਹੈ"

ਸਤਿਗੁਰੂ ਹੈ ਧਰਮ ਵਰਗਾ, ਧਰਤੀ ਵਰਗਾ ਧਰਮ ਕਿਉਂਕਿ ਧਰਤੀ ਕਦੀ ਝੂਠ ਨਹੀਂ ਬੋਲਦੀ, ਧਰਤੀ ਕਦੇ ਫਰੇਬ ਨਹੀਂ ਕਰਦੀ, ਉਹਦੇ ਵਿੱਚ ਜੇਹਾ ਕੋਈ ਬੀਜੇ ਤੇਹਾ ਫਲ ਪਾਏ।

ਸੱਚ ਕਹਿਣ ਦੀ ਜੁਰਅਤ ਰੱਖਣੀ ਤੇ ਹਰ ਸਮੇਂ ਬੇਫਿਕਰੀ ਨਾਲ ਸੱਚ ਕਹਿਣਾ ਇਹ ਧਰਤੀ ਦਾ ਕੰਮ ਹੈ। ਬਸ ਜੇ ਇਹ ਅਪਣਾ ਲਓ, ਬਈ ਜਿਸ ਦਿਨ ਸਾਡੀ ਜੁਬਾਨ 'ਤੇ ਸੱਚ ਆ ਜਾਏਗਾ **"ਅੰਦਰ ਸਚ ਮੁਖ ਉਜਲਾ ਖਸਮੇ ਮਾਹਿ ਸਮਾਏ"**, ਜੇ ਅੰਦਰ ਸੱਚ ਹੋਵੇਗਾ ਤਾਂ ਮੂੰਹ ਉਜਲਾ

ਹੋਵੇਗਾ, ਨਹੀਂ ਤਾਂ ਮੂੰਹ ਲੁਕਾ-ਲੁਕਾ ਆਪਣੇ ਆਪ ਨੂੰ ਛੁਪਾ-ਛੁਪਾ ਬੈਠਣਾ ਪਵੇਗਾ, ਜਿਸ ਵਿਚ ਕੋਈ ਰਸ ਤੇ ਉਜਲੇ ਮੁੱਖ ਵਾਲੀ ਜ਼ਿੰਦਗੀ ਨਹੀਂ ਰਹਿਣੀ।

❖

◆

ਮਨੁੱਖ ਦੇ ਜੀਵਨ ਵਿੱਚ
ਰੱਬੀ ਪ੍ਰੇਮ ਦੀ ਖੇਡ ਦਾ ਮੈਦਾਨ ਕਿਹੜਾ ਹੈ?
ਇਸ ਦਾ ਪ੍ਰਬੰਧ ਕਿਸ ਦੇ ਕੋਲ ਹੈ?
ਇਸ ਦਾ ਘੇਰਾ ਕਿੰਨਾ ਹੈ?
ਇਸ ਵਿੱਚ ਦਾਖਲਾ ਕਿਵੇਂ
ਲਿਆ ਜਾ ਸਕਦਾ ਹੈ?

◆

ਪ੍ਰੇਮ ਦੀ ਖੇਡ ਦਾ ਮੈਦਾਨ

"ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਓ।।"

(ਤ੍ਵਪ੍ਰਸਾਦਿ ਸਵੱਯੇ, ਪਾ : 10)

"ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ।।"

(ਗੁ.ਗ੍ਰੰ.ਸਾ.ਪੰਨਾ : 1426)

ਮਨੁੱਖੀ ਜੀਵਨ ਦੀਆਂ ਅਨੇਕਾਂ ਖੇਡਾਂ ਵਿਚੋਂ ਪ੍ਰੇਮ ਇਕ ਮਹਿੰਗੀ ਅਤੇ ਔਖੀ ਖੇਡ ਹੈ। ਪ੍ਰੇਮ ਦੀ ਖੇਡ ਲਈ ਮੈਦਾਨ ਵੀ ਵੱਖ-ਵੱਖ ਹਨ। ਜਿਸ ਤਰ੍ਹਾਂ ਕਿ ਸੰਸਾਰਕ ਖੇਡਾਂ ਵਿੱਚ ਕਾਲਜ ਪੱਧਰ, ਸਟੇਟ ਪੱਧਰ, ਦੇਸ਼ ਪੱਧਰ ਹੈ ਤੇ ਹਰ ਪੱਧਰ ਦਾ, ਹਰ ਮੈਦਾਨ ਦਾ ਮਿਆਰ ਆਪਣਾ ਹੈ, ਆਪਣੀ ਮਹੱਤਤਾ (value) ਹੈ ਅਤੇ ਉਸ ਮਿਆਰ ਅਨੁਸਾਰ ਹੀ ਖਿਡਾਰੀ ਨੂੰ ਮਾਣ-ਸਨਮਾਨ ਤੇ ਇਨਾਮ ਮਿਲਦਾ ਹੈ। ਕਈਆਂ ਦੀ ਖੇਡ ਨਿੱਜੀ ਇਕੱਲਿਆਂ ਦੀ ਹੁੰਦੀ ਹੈ ਅਤੇ ਕਈ ਟੀਮ ਬਣਾ ਕੇ ਖੇਡਦੇ ਹਨ, ਉਹ ਆਪਣੇ ਲਈ ਹੀ ਨਹੀਂ ਬਲਕਿ ਪੂਰੀ ਟੀਮ ਲਈ ਖੇਡਦੇ ਹਨ। ਫਿਰ ਜੇ ਉਹ ਕਿਸੇ ਕਾਲਜ ਦੀ ਟੀਮ ਵਿੱਚ ਖੇਡਦੇ ਹਨ ਤਾਂ ਉਹ ਪੂਰੇ ਕਾਲਜ ਦੀ ਜਿੱਤ ਲਈ ਖੇਡ ਰਹੇ ਹੁੰਦੇ ਹਨ। ਅਤੇ ਜੇ ਉਹ ਇਕ ਸਟੇਟ ਵਲੋਂ ਦੂਜੀ ਸਟੇਟ ਵਿੱਚ ਖੇਡ ਰਹੇ ਹੁੰਦੇ ਹਨ ਤਾਂ ਫਿਰ ਟੀਮ ਦੇ ਹਰ ਖਿਡਾਰੀ ਦੀ ਵੈਲਯੂ ਵੱਧ ਜਾਂਦੀ ਹੈ, ਉਸ ਦੀ ਜਿੱਤ-ਹਾਰ ਸਾਰੀ ਸਟੇਟ ਲਈ ਸਾਂਝੀ ਹੈ। ਪਰ ਜਦੋਂ ਕੋਈ ਖਿਡਾਰੀ ਪੂਰੇ ਦੇਸ਼ ਦੀ ਟੀਮ ਵਿੱਚ ਖੇਡ ਰਿਹਾ ਹੁੰਦਾ ਹੈ, ਤਾਂ ਉਹ ਪੂਰੇ



ਦੇਸ਼ ਦੀ ਨੁਮਾਇੰਦਗੀ ਕਰਦਾ ਹੈ। ਉਸ ਦੇਸ਼ ਵਿੱਚ ਉਹ ਲੋਕ ਵੀ ਰਹਿੰਦੇ ਹਨ ਜਿਨ੍ਹਾਂ ਨੇ ਕਦੀ ਖੇਡ ਦਾ ਮੈਦਾਨ ਵੀ ਨਹੀਂ ਦੇਖਿਆ ਹੁੰਦਾ, ਪਰ ਉਹ ਉਹਨਾਂ ਦੀ ਜਿੱਤ ਲਈ ਪੂਰਾ ਵਾਹ ਲਾ ਦਿੰਦਾ ਹੈ ਕਿਉਂਕਿ ਉਸਦੀ ਖ਼ੂਬਸੂਰਤ ਖੇਡ ਦੇਸ਼ ਦੇ ਹਰ ਵਿਅਕਤੀ ਦੀ ਜਿੱਤ ਅਤੇ ਖ਼ੁਸ਼ੀ ਹੁੰਦੀ ਹੈ। ਜਿਥੇ ਦੇਸ਼ ਦਾ ਹਰ ਵਿਅਕਤੀ ਉਸ ਖਿਡਾਰੀ ਦੀ ਖੇਡ ਨੂੰ ਆਪਣਾ ਗੌਰਵ ਸਮਝਦਾ ਹੈ, ਉਥੇ ਦੇਸ਼ ਦੀ ਸਰਕਾਰ ਵਲੋਂ ਵੱਡਾ ਮਾਣ-ਸਨਮਾਨ ਤੇ ਇਨਾਮ ਵੀ ਦਿੱਤਾ ਜਾਂਦਾ ਹੈ।

ਬਸ ! ਇਹੋ ਕਹਾਣੀ ਹੈ ਮਨੁੱਖ ਦੇ ਜੀਵਨ ਵਿੱਚ ਪ੍ਰੇਮ ਖੇਡ ਦੀ। ਮਨੁੱਖ ਜਿਸ ਨਾਲ ਵੀ ਪ੍ਰੇਮ ਕਰਦਾ ਹੈ ਆਪਣੀਆਂ ਸਾਰੀਆਂ ਸ਼ਕਤੀਆਂ ਉਸੇ ਲਈ ਕੇਂਦ੍ਰਿਤ ਕਰ ਦਿੰਦਾ ਹੈ। ਦੌਲਤ ਨਾਲ, ਮਹਿਲ-ਮਾੜੀਆਂ ਨਾਲ, ਪਦਵੀਆਂ ਨਾਲ ਪ੍ਰੇਮ ਕਰਨ ਵਾਲਾ ਵੀ ਆਪਣਾ ਚੈਨ ਆਰਾਮ ਪਰਿਵਾਰ ਮਿੱਤਰ ਈਮਾਨ ਸਭ ਕੁਝ ਵਾਰ ਦਿੰਦਾ ਹੈ। ਦੌਲਤ ਦੇ ਪ੍ਰੇਮੀ ਆਪਣਾ ਸੁਖ ਆਰਾਮ, ਪਰਿਵਾਰਕ ਜ਼ਿੰਮੇਵਾਰੀਆਂ, ਦੋਸਤੀ ਦੀਆਂ ਵਫ਼ਾਦਾਰੀਆਂ ਸਭ ਕੁਝ ਭੁਲਾ ਕੇ ਕੇਵਲ ਦੌਲਤ ਕਮਾਉਣ, ਬਚਾਉਣ ਤੇ ਸੰਭਾਲਣ ਦੇ ਖਿਆਲ ਨਾਲ ਦੇਸ਼, ਕੌਮ ਅਤੇ ਆਪਣੇ ਮਾਂ-ਬਾਪ ਨਾਲ ਵੀ ਗੱਦਾਰੀ ਕਰਦੇ ਹਨ। ਕਈ ਵਾਰ ਮਨੁੱਖ ਪਰਿਵਾਰ ਦੇ ਜੀਆਂ ਨਾਲ ਪਿਆਰ ਕਰਦਾ ਹੈ ਅਤੇ ਆਪਣੇ ਜੀਵਨ ਦੀਆਂ ਸਾਰੀਆਂ ਸ਼ਕਤੀਆਂ ਉਨ੍ਹਾਂ ਦੀ ਸੇਵਾ-ਸੰਭਾਲ ਵਿੱਚ ਲਗਾ ਦਿੰਦਾ ਹੈ। ਭਾਵੇਂ ਉਹ ਪਰਿਵਾਰ ਉਸਨੂੰ ਚੰਗਾ-ਚੰਗਾ ਆਖੇ, ਪਰ ਬਾਬਾ ਕਬੀਰ ਜੀ ਇਸ ਬਾਰੇ ਇਹ ਆਖਦੇ ਹਨ -

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।। ਸੁਤ ਦਾਰਾ ਪਹਿ ਆਨਿ ਲੁਟਾਵੈ।।
ਮਨ ਮੇਰੇ ਭੂਲੇ ਕਪਟੁ ਨ ਕੀਜੈ।। ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।।"

(ਗੁ.ਗ੍ਰੰ.ਸਾ.ਪੰਨਾ : 656)

ਪਰਿਵਾਰ ਦੇ ਚਾਰ-ਪੰਜ ਮੈਂਬਰਾਂ ਦੀ ਸੇਵਾ-ਸੰਭਾਲ ਹੀ ਉਸਦੇ ਪ੍ਰੇਮ ਦਾ ਕੇਂਦਰ ਹੈ। ਇਸੇ ਤਰ੍ਹਾਂ ਦੇਸ਼ ਪ੍ਰੇਮੀ ਦੇਸ਼ ਤੋਂ ਆਪਣਾ ਸਭ ਕੁਝ ਵਾਰ ਦਿੰਦਾ ਹੈ। ਕੌਮ ਪ੍ਰਸਤ ਮਨੁੱਖ ਦਾ ਤਨ ਮਨ ਧਨ ਕੌਮ ਦੇ ਕੰਮ ਆਉਂਦਾ ਹੈ, ਕੌਮ ਉਸਨੂੰ ਮਾਣ-ਸਨਮਾਨ ਦਿੰਦੀ ਹੈ, ਕੌਮ ਨੂੰ ਉਸ 'ਤੇ ਗੌਰਵ ਹੁੰਦਾ ਹੈ। ਇਸੇ ਤਰ੍ਹਾਂ ਉਸਦੇ ਪ੍ਰੇਮ ਦਾ ਘੇਰਾ ਅਤੇ ਮਿਆਰ ਵੱਡਾ ਹੁੰਦਾ ਚਲਾ ਜਾਂਦਾ ਹੈ। ਫਿਰ ਜਦੋਂ ਉਹ ਸਭ ਤੋਂ ਵੱਡੇ ਮੈਦਾਨ ਵਿੱਚ ਪ੍ਰੇਮ ਦੀ ਖੇਡ ਖੇਡਣਾ ਚਾਹੇ ਤਾਂ ਉਸਨੂੰ ਪ੍ਰਭੂ ਪ੍ਰੇਮ ਆਖਦੇ ਹਨ। ਇਸ ਖੇਡ ਦੇ ਮੈਦਾਨ ਦਾ ਪ੍ਰਬੰਧ ਗੁਰੂ ਕੋਲ ਹੈ। ਇਸ ਮੈਦਾਨ ਵਿੱਚ ਖੇਡਣ ਦਾ ਦਾਖਲਾ ਵੀ ਸਿਰ ਭੇਟ ਕਰਨਾ, ਆਪਣੀ ਮਤ ਦਾ ਤਿਆਗ ਕਰਨਾ ਹੈ।

"ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।"

(ਗੁ.ਗ੍ਰੰ.ਸਾ.ਪੰਨਾ : 1412)

ਕਿਉਂਕਿ ਪ੍ਰਭੂ ਦੇ ਘੇਰੇ ਵਿੱਚ ਸਾਰਾ ਸੰਸਾਰ ਆ ਜਾਂਦਾ ਹੈ।

"ਸਭ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ।।
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।।"

(ਗੁ.ਗ੍ਰੰ.ਸਾ.ਪੰਨਾ : 86)

"ਸਭ ਮਹਿ ਜੋਤਿ ਜੋਤਿ ਹੈ ਸੋਇ।। ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।।"

(ਗੁ.ਗ੍ਰੰ.ਸਾ.ਪੰਨਾ : 663)

ਇਸ ਲਈ ਪ੍ਰਭੂ ਦੇ ਘੇਰੇ ਅਨੁਸਾਰ ਹੀ ਪ੍ਰਭੂ ਪ੍ਰੇਮੀ ਦੀ ਖੇਡ ਦਾ ਘੇਰਾ ਵੀ ਵੱਡਾ ਹੋ ਜਾਂਦਾ ਹੈ।

ਪ੍ਰਭੂ ਪ੍ਰੇਮੀ ਆਪਣੇ ਜੀਵਨ ਦੀਆਂ ਸਾਰੀਆਂ ਸ਼ਕਤੀਆਂ ਸਾਰੇ ਸੰਸਾਰ ਦੇ ਭਲੇ ਅਤੇ ਸੇਵਾ-ਸੰਭਾਲ ਲਈ ਲਗਾ ਦਿੰਦਾ ਹੈ। ਜਾਤ-ਪਾਤ, ਰੰਗ-ਨਸਲ, ਅਮੀਰ-ਗਰੀਬ, ਆਪਣੇ-ਬੇਗਾਨੇ ਦਾ ਭੇਦ-ਭਾਵ ਮਿਟਾ ਕੇ ਮਨੁੱਖ ਮਾਤਰ ਦੀ ਸੰਭਾਲ ਲਈ ਆਪਣਾ ਸਭ ਕੁਝ ਵਾਰ ਦੇਵੇ, ਇਹ ਪ੍ਰਭੂ ਪ੍ਰੇਮ ਦੀ ਨਿਸ਼ਾਨੀ ਹੈ।

'ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।।
ਚੜਿਆ ਸੋਧਣਿ ਧਰਤਿ ਲੁਕਾਈ।।'

(ਭਾਈ ਗੁਰਦਾਸ ਜੀ)

ਇਉਂ ਪ੍ਰਭੂ ਪ੍ਰੇਮੀ ਸਰਬੱਤ ਦਾ ਭਲਾ ਮੰਗਦਾ ਹੈ। ਜਿਹੜਾ ਸਰਬੱਤ ਦਾ ਭਲਾ ਨਹੀਂ ਮੰਗਦਾ, ਉਹ ਪ੍ਰਭੂ ਪ੍ਰੇਮੀ ਰੱਬ ਦਾ ਆਸ਼ਕ ਨਹੀਂ ਹੋ ਸਕਦਾ। ਸਤਿਗੁਰੂ ਜੀ ਦਾ ਫੁਰਮਾਨ ਹੈ -

"ਸਭਨਾ ਮਨ ਮਾਣਿਕ ਠਾਹਣੁ ਮੂਲ ਮਚਾਂਗਵਾ।।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।।"

(ਗੁ.ਗ੍ਰੰ.ਸਾ.ਪੰਨਾ : 1384)

"ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ।।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।।
ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।।
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।।"

(ਗੁ.ਗ੍ਰੰ.ਸਾ.ਪੰਨਾ : 671)

ਇਉ ਪ੍ਰਭੂ ਪ੍ਰੇਮ ਦੀ ਖੇਡ ਵਿੱਚ ਸਫਲਤਾ ਮਿਲਦੀ ਹੈ, ਗੁਰੂ ਦੇ ਦਰ 'ਤੇ ਵੀ ਪ੍ਰਵਾਨ ਚੜ੍ਹਦੀ ਹੈ, ਸੰਸਾਰ ਦਾ ਸਿਰ ਵੀ ਝੁੱਕਦਾ ਹੈ ਅਤੇ ਪ੍ਰਭੂ-ਪ੍ਰੇਮੀ ਪ੍ਰਭੂ ਰੂਪ ਹੋ ਜਾਂਦਾ ਹੈ।

"ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ।।
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।।"

(ਗੁ.ਗ੍ਰੰ.ਸਾ.ਪੰਨਾ : 1382)

"ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।।"

(ਗੁ.ਗ੍ਰੰ.ਸਾ.ਪੰਨਾ : 655)

❖

◆

ਕੀ ਉਹ ਸਾਰੇ ਲੋਕ ਖ਼ੁਸ਼

(ਅਨੰਦ 'ਚ) ਹੁੰਦੇ ਹਨ

ਜਿਨ੍ਹਾਂ ਕੋਲ ਸੁੱਖ ਹੁੰਦੇ ਹਨ?

ਸੰਸਾਰਕ ਸੁੱਖਾਂ ਦੀ ਆਦਤ ਵੀ

ਅੱਗ ਵਾਂਗ ਹੈ ਅਤੇ

ਕੀ ਕਦੇ ਬਾਲਣ ਨਾਲ ਅੱਗ

ਦੀ ਭੁੱਖ ਮਿੱਟਦੀ ਹੈ?

◆

ਅਬਿਨਾਸੀ ਖੇਮ

ਹਮੇਸ਼ਾ ਧੁਰ ਅੰਦਰ ਦੀ ਖ਼ੁਸ਼ੀ, ਮਨ ਦੀ ਨਿਰੰਤਰ ਪ੍ਰਸੰਨਤਾ, ਜੀਵਨ ਅਨੰਦਪੁਰ ਹੋ ਜਾਣਾ, ਸਦਾ ਪ੍ਰਸੰਨ ਚਿਤ ਕ੍ਰੋਧ ਈਰਖਾ ਰਹਿਤ ਹੋਣਾ, ਆਪਣੇ-ਬੇਗਾਨੇ ਹਰੇਕ ਦੇ ਰਾਹਾਂ ਵਿੱਚ ਹਮੇਸ਼ਾਂ ਖੁਸ਼ੀਆਂ ਖੇੜੇ ਹਾਸਿਆਂ ਦੇ ਫੁੱਲ ਵਿਛਾਉਂਦੇ ਜਾਣਾ - ਇਸੇ ਨੂੰ ਅਬਿਨਾਸੀ ਖੇਮ (ਸੰਪੂਰਨ ਅਨੰਦ) ਕਹਿੰਦੇ ਹਨ। ਇਕ ਹੋਰ ਅਰਜ਼ ਕਰਾਂ, ਸੁੱਖ ਹੋਰ ਚੀਜ਼ ਹੈ ਅਤੇ ਖ਼ੁਸ਼ੀ (ਅਨੰਦ) ਹੋਰ ਚੀਜ਼ ਹੈ। ਬਹੁਤ ਲੋਕਾਂ ਕੋਲ ਸੁਖ ਹੁੰਦੇ ਹਨ ਪਰ ਉਹ ਸਾਰੇ ਲੋਕ ਖ਼ੁਸ਼ (ਅਨੰਦ) ਨਹੀਂ ਹੁੰਦੇ। ਬਹੁਤ ਲੋਕ ਮਖਮਲੀ ਨਰਮ ਬਿਸਤਰ 'ਤੇ ਵੀ ਰਾਤ ਭਰ ਬੇਚੈਨ ਰਹਿੰਦੇ ਹਨ, ਉਨ੍ਹਾਂ ਨੂੰ ਸੁਖ ਦੀ ਨੀਂਦ ਨਹੀਂ ਆਉਂਦੀ। ਸੁਖੀ ਹੋਣਾ ਬਹੁਤ ਮੁਸ਼ਕਲ ਨਾਲ ਕਿਸੇ ਵਿਰਲੇ ਭਾਗਾਂ ਵਾਲੇ ਮਨੁੱਖ ਦੇ ਹਿੱਸੇ ਹੀ ਆਉਂਦਾ ਹੈ। ਸੰਸਾਰ ਦਾ ਹਰ ਮਨੁੱਖ ਇਸ ਸਦਾ ਅਨੰਦ ਨੂੰ ਦਿਨ ਰਾਤ ਲੱਭ ਰਿਹਾ ਹੈ। ਦਿਨ ਦੇ ਚਾਨਣ ਵਿੱਚ ਲੱਭ ਰਿਹਾ ਹੈ, ਰਾਤ ਦੇ ਅੰਧੇਰੇ ਵਿੱਚ ਲੱਭ ਰਿਹਾ ਹੈ ਅਤੇ ਜੰਗਲਾਂ, ਪਹਾੜਾਂ, ਮਾਰੂਥਲਾਂ, ਦਰਿਆਵਾਂ ਦੇ ਕੰਢੇ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਤੀਰਥਾਂ ਤੇ ਡੇਰਿਆਂ ਵਿੱਚ ਵੀ ਨੀਲੇ-ਪੀਲੇ ਕਾਲੇ-ਚਿੱਟੇ ਚੋਲਿਆਂ ਵਾਲਿਆਂ ਕੋਲੋਂ ਆਖਰ 'ਅਬਿਨਾਸੀ ਖੇਮ' ਲੱਭਣ ਹੀ ਤਾਂ ਜਾਂਦਾ ਹੈ। ਗੁਰੂ ਸਾਹਿਬ ਸਮਝਾ ਰਹੇ ਹਨ :

"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ।।"

(ਗੁ.ਗ੍ਰੰ.ਸਾ.ਪੰਨਾ : 411)



ਕਈ ਸਾਲਾਂ ਰਾਤਾਂ ਜਾਗਦਾ, ਓਵਰ-ਟਾਈਮ ਲਗਾਉਂਦਾ ਹੈ ਕਿ ਅੱਜ ਔਖੇ ਹੋ ਕੇ ਕਮਾਏ ਹੋਏ ਧਨ ਨਾਲ ਕਲ ਸੁਖ ਭੋਗਾਂਗਾ। ਚੋਰ ਵੀ ਰਾਤੀਂ ਜਾਗਦਾ ਹੈ, ਹਨ੍ਹੇਰੇ ਵਿੱਚ ਠੇਡੇ ਖਾਂਦਾ ਹੈ, ਕਿਸੇ ਦੇ ਘਰ ਨੂੰ ਸਨ੍ਹ ਲਾਉਂਦਾ ਹੈ ਅਤੇ ਸੋਚਦਾ ਹੈ ਕਿ ਰਾਤੋ-ਰਾਤ ਅਮੀਰ ਹੋ ਜਾਵਾਂਗਾ, ਸੁਖ ਭੋਗਾਂਗਾ ਪਰ ਸਨ੍ਹ ਲਾਉਂਦਾ ਫੜਿਆ ਜਾਂਦਾ ਹੈ ਤੇ ਅਦਾਲਤ ਵਲੋਂ ਸਜ਼ਾ ਹੋ ਜਾਂਦੀ ਹੈ।

"ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ।।"

(ਗੁ.ਗ੍ਰੰ.ਸਾ.ਪੰਨਾ : 1247)

ਇਉਂ ਸੁਖ ਲੱਭਦਾ-ਲੱਭਦਾ ਦੁਖਾਂ ਵਿੱਚ ਪੈ ਜਾਂਦਾ ਹੈ।

ਇਕ ਅਜੀਬ ਘਟਨਾ ਹੈ ਕਿ ਜਿਸਨੂੰ ਮਨੁੱਖ ਦਿਨ-ਰਾਤ ਲੱਭ ਰਿਹਾ ਹੈ, ਅਸਲ ਵਿੱਚ ਨਾ ਤਾਂ ਮਨੁੱਖ ਉਸ ਅਬਿਨਾਸੀ ਖੇਮ (ਸਦਾ ਅਨੰਦ) ਨੂੰ ਪਛਾਣਦਾ ਹੀ ਹੈ ਅਤੇ ਨਾ ਉਸਦੇ ਮਿਲਣ ਦੇ ਸਥਾਨ (ਟਿਕਾਣੇ) ਨੂੰ ਹੀ ਜਾਣਦਾ ਹੈ।

"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ।।
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।।
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ।।
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ।।
ਕਹੈ ਨਾਨਕੁ ਇਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ।।"

(ਗੁ.ਗ੍ਰੰ.ਸਾ.ਪੰਨਾ : 918-919)

ਅਬਿਨਾਸੀ ਖੇਮ (ਸਦਾ ਅਨੰਦ) ਦਾ ਅਰਥ ਹੈ ਸਹਿਜ, ਸੰਤੁਸ਼ਟਤਾ, ਰੱਜ। ਅਤੇ ਉਸਦਾ ਟਿਕਾਣਾ ਤੇਰੇ ਅੰਦਰ ਹੈ, ਅੰਦਰੋਂ ਹੀ ਮਿਲੇਗਾ ਤੇ ਤੂੰ ਬਾਹਰ ਇਸਨੂੰ ਭਾਲ ਰਿਹਾ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ :

"ਕਤ ਜਾਈਐ ਰੇ ਘਰਿ ਲਾਗੋ ਰੰਗੁ।।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।।"

(ਗੁ.ਗ੍ਰੰ.ਸਾ.ਪੰਨਾ : 1195)

"ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ।।
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ।।"

(ਗੁ.ਗ੍ਰੰ.ਸਾ.ਪੰਨਾ : 644)

"ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ।।
ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ।।"

(ਗੁ.ਗ੍ਰੰ.ਸਾ.ਪੰਨਾ : 425)

ਅੰਤਰ ਮੁਖੀ ਹੋ ਕੇ ਅੰਦਰੋਂ ਸਹਿਜ ਸੰਤੋਖ ਨੂੰ ਪ੍ਰਗਟ ਕਰ, ਬਸ ਸਹਿਜ ਸੰਤੋਖ ਹੀ ਤੇਰਾ ਅਬਿਨਾਸੀ ਖੇਮ ਹੈ। ਵਿਸ਼ਵਾਸ ਕਰ, ਭੁੱਖ ਹੀ ਦੁੱਖ ਹੈ ਤੇ ਸੰਤੋਖ ਹੀ ਸੁੱਖ ਹੈ। ਮਨੁੱਖ ਦਿਨ-ਰਾਤ ਮਾਇਕੀ ਪਦਾਰਥ - ਸੋਨਾ-ਚਾਂਦੀ, ਮਹਿਲ-ਮਾੜੀਆਂ, ਧਨ-ਦੌਲਤ ਨੂੰ ਇਕੱਠਿਆਂ ਕਰਕੇ ਭੁੱਖ

ਮਿਟਾਉਣਾ ਚਾਹੁੰਦਾ ਹੈ ਤਾਂ ਕਿ ਸੁਖੀ ਹੋ ਜਾਵਾਂ ਪਰ ਭੁੱਖ ਮਿਟਦੀ ਨਹੀਂ, ਸੁਖੀ ਹੁੰਦਾ ਨਹੀਂ। ਸਤਿਗੁਰੂ ਆਖਦੇ ਹਨ :

"ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥"

(ਗੁ.ਗ੍ਰੰ.ਸਾ.ਪੰਨਾ : 672)

"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥"

(ਗੁ.ਗ੍ਰੰ.ਸਾ.ਪੰਨਾ : 213)

ਸੰਸਾਰਕ ਪਦਾਰਥਾਂ ਨਾਲ ਭੁੱਖ ਨਹੀਂ ਮਿਟ ਸਕਦੀ। ਕੀ ਕਦੀ ਬਾਲਣ ਨਾਲ ਅੱਗ ਦੀ ਭੁੱਖ ਮਿਟੀ ਹੈ ? ਬਾਲਣ ਪਾਈ ਜਾਓ, ਨਾਲ-ਨਾਲ ਭਸਮ ਹੋਈ ਜਾਂਦਾ ਹੈ। ਬਾਲਣ ਅੱਗ ਵਿੱਚ ਟਿੱਕਿਆ ਨਹੀਂ ਰਹਿੰਦਾ, ਜਲ ਕੇ ਖ਼ਤਮ ਹੋਈ ਜਾਂਦਾ ਹੈ। ਇਸੇ ਲਈ ਅੱਗ ਦੀ ਭੁੱਖ ਮਿਟਦੀ ਨਹੀਂ ਅਤੇ ਸੰਸਾਰਕ ਸੁੱਖਾਂ ਦੀ ਵੀ ਇਹੋ ਆਦਤ ਹੈ। ਪਦਾਰਥ, ਸੁੱਖ ਕਦੀ ਇਕ ਥਾਂ ਟਿਕੇ ਨਹੀਂ ਰਹਿੰਦੇ, ਚਲਦੇ ਰਹਿੰਦੇ ਹਨ। ਵੈਸੇ ਤਾਂ ਸੰਸਾਰ ਵਿੱਚ ਹਰੇਕ ਚੀਜ਼ ਚਲਦੀ ਹੀ ਰਹਿੰਦੀ ਹੈ - 'ਦਿਨ ਰਵ ਚਲੈ', 'ਨਿਸ ਸਸ ਚਲੈ', ਰਗਾਂ ਵਿੱਚ ਲਹੂ (ਖ਼ੂਨ) ਚਲ ਰਿਹਾ ਹੈ, ਸ਼ਰੀਰ ਵਿੱਚ ਸੁਆਸ ਚਲ ਰਹੇ ਹਨ ਅਤੇ ਜੀਵਾਂ ਦਾ ਆਣ-ਜਾਣ ਵੀ ਇਸੇ ਤਰ੍ਹਾਂ ਹੈ।

"ਪੰਦ੍ਰਹ ਥਿੰਤੀ ਤੈ ਸਤ ਵਾਰ॥
ਮਾਹ ਰੁਤੀ ਆਵਹਿ ਵਾਰ ਵਾਰ॥
ਦਿਨਸੁ ਰੈਣਿ ਤਿਵੈ ਸੰਸਾਰੁ॥"

(ਗੁ.ਗ੍ਰੰ.ਸਾ.ਪੰਨਾ : 842)

"ਦਿਨ ਤੇ ਸਰਪਰ ਪਉਸੀ ਰਾਤਿ॥
ਰੈਣਿ ਗਈ ਫਿਰਿ ਹੋਇ ਪਰਭਾਤਿ॥"

(ਗੁ.ਗ੍ਰੰ.ਸਾ.ਪੰਨਾ : 375)

ਕੁਝ ਵੀ ਤਾਂ ਟਿੱਕ ਨਹੀਂ ਰਿਹਾ, ਕੋਈ ਸੂਖਸ਼ਮ ਚਲ ਰਿਹਾ ਹੈ ਤੇ ਕੋਈ ਪ੍ਰਗਟ ਚਲ ਰਿਹਾ ਹੈ। ਇਸੇ ਲਈ ਇਸ ਦੁਨੀਆ ਨੂੰ ਚਲਾਇਮਾਨ ਆਖਦੇ ਹਨ। ਗੁਰੂ ਨੇ ਇਹਨਾਂ ਚਲਾਇਮਾਨ ਪਦਾਰਥਾਂ ਨੂੰ ਵੇਖ ਕੇ ਹੀ ਆਖਿਆ ਸੀ -

"ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ॥"

(ਗੁ.ਗ੍ਰੰ.ਸਾ.ਪੰਨਾ : 597)

ਪਦਾਰਥ ਆਪਣੇ ਸੁਭਾਅ ਮੁਤਾਬਿਕ ਦੌੜ ਰਹੇ ਹਨ ਅਤੇ ਮਨੁੱਖ ਇਹਨਾਂ ਦੇ ਪਿਛੇ-ਪਿਛੇ ਦੌੜ ਰਿਹਾ ਹੈ। ਦਿਨ ਰਾਤ ਦੀ ਦੌੜ ਸਪੀਡ ਵੱਧਦੀ ਹੀ ਚਲੀ ਜਾਂਦੀ ਹੈ। ਜਿਵੇਂ ਸੁਖ ਨਹੀਂ ਟਿੱਕਦੇ ਤਿਵੇਂ ਮਨੁੱਖ ਵੀ ਬੇਟਿਕਾਣਾ ਹੋ ਗਿਆ ਹੈ। ਅੱਜ ਦਾ ਮਨੁੱਖ ਖ਼ੂਬਸੂਰਤ ਘਰ ਬਣਾਉਂਦਾ ਹੈ, ਉਸਨੂੰ ਫਰਨੀਚਰ ਅਤੇ ਹੋਰ ਸਾਮਾਨ ਨਾਲ ਸਜਾਉਂਦਾ ਹੈ। ਘਰ ਵਿੱਚ ਪਤਨੀ ਹੈ, ਪਰਿਵਾਰ ਹੈ, ਬੱਚੇ



ਹਨ ਜੋ ਉਸਨੂੰ ਉਡੀਕਦੇ ਹਨ। ਪਰ ਕਦੀ ਮਨੁੱਖ ਨੇ ਸੋਚਿਆ ਹੈ ਕਿ ਉਹ ਘਰ ਵਿੱਚ ਕਿੰਨਾ ਕੁ ਰਹਿੰਦਾ ਹੈ ? ਰਹਿੰਦਾ ਤਾਂ ਕਾਰਾਂ, ਹਵਾਈ ਜਹਾਜ਼ਾਂ, ਦਫਤਰਾਂ, ਹੋਟਲਾਂ ਵਿੱਚ ਹੈ। ਪਦਾਰਥਾਂ ਦੀ ਪਕੜ ਲਈ ਦਿਨ-ਰਾਤ ਐਨਾ ਫਾਸਟ ਚਲ ਰਿਹਾ ਹੈ ਕਿ ਇਕ ਥਾਂ ਬੈਠ ਕੇ ਚੈਨ ਨਾਲ ਭੋਜਨ ਵੀ ਨਹੀਂ ਛੱਕ ਸਕਦਾ। ਇਸੇ ਲਈ ਫਾਸਟ ਫੂਡ ਰੈਸਟੋਰੈਂਟ ਖੁਲ੍ਹ ਗਏ ਹਨ ਤਾਂ ਕਿ ਭੋਜਨ ਲੈ ਕੇ ਤੁਰਿਆ ਜਾਂਦਾ ਖਾ ਸਕੇ। ਹੁਣ ਤਾਂ ਇਸ ਨਾਲ ਗੱਲ ਵੀ ਘਰ ਦੇ ਫੋਨ 'ਤੇ ਨਹੀਂ ਬਲਕਿ ਮੋਬਾਈਲ (mobile) ਫੋਨ 'ਤੇ ਹੀ ਕਰਨੀ ਪੈਂਦੀ ਹੈ। ਮੋਬਾਈਲ ਫੋਨ ਦੀ ਕਾਢ ਮਨੁੱਖ ਦੇ ਬੇ-ਟਿਕਾਣਾ ਹੋਣ ਦਾ ਪ੍ਰਤੀਕ ਹੈ। ਪੁੱਛਣਾ ਪੈਂਦਾ ਹੈ ਕਿ ਇਸ ਵਕਤ ਕਿੱਥੇ ਹੋ, ਇਸਦਾ ਜੀਵਨ ਹੀ ਮੋਬਾਈਲ ਬਣ ਗਿਆ ਹੈ - ਨਾ ਸੁਖ ਟਿੱਕਦੇ ਹਨ ਤੇ ਨਾ ਇਹ ਟਿੱਕਦਾ ਹੈ। ਕਦੀ ਗੁਰੂ ਕੋਲੋਂ ਪੁੱਛੇ ਜੀ ਮੈਨੂੰ ਟਿਕਣ ਵਾਲੇ ਸੁੱਖ ਦੱਸੋ ਤਾਂ ਕਿ ਮੈਂ ਵੀ ਟਿੱਕ ਜਾਵਾਂ ਅਤੇ ਸੁਖੀ ਹੋ ਜਾਵਾਂ, ਤਾਂ ਗੁਰੂ ਸਾਹਿਬ ਆਖਣਗੇ -

"ਸਭ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥"

(ਗੁ.ਗ੍ਰੰ.ਸਾ.ਪੰਨਾ : 102)

ਬਾਹਰੀ ਪਦਾਰਥਾਂ ਦਾ ਸੁਖ ਅਨੰਦ ਕਦੀ ਸਦੀਵੀ ਨਹੀਂ - ਦੌਲਤ ਮਿਲ ਗਈ ਸੁਖੀ ਤੇ ਜੇ ਚਲੀ ਗਈ ਤਾਂ ਦੁਖੀ, ਤਨ ਅਰੋਗ ਹੋਇਆ ਸੁਖੀ ਤੇ ਜੇ ਰੋਗੀ ਹੋਇਆ ਤਾਂ ਦੁਖੀ, ਪੁੱਤਰ ਮਿਲ ਗਿਆ ਸੁਖੀ ਤੇ ਜੇ ਵਿੱਛੜ ਗਿਆ ਤਾਂ ਦੁਖੀ। ਇਹ ਸਾਰੇ ਸੁਖ ਤੇਰੇ ਆਪਣੇ ਨਹੀਂ ਸਨ, ਇਹ ਤਾਂ ਕਿਸੀ ਦੇ ਸਨ। ਦੌਲਤ ਗਈ ਆਪਣੇ ਸੁਖ ਨਾਲ ਲੈ ਗਈ, ਅਰੋਗਤਾ ਗਈ ਸੁਖ ਨਾਲ ਲੈ ਗਈ, ਪੁੱਤਰ ਗਿਆ ਸੁਖ ਨਾਲ ਹੀ ਲੈ ਗਿਆ ਤੇ ਤੂੰ ਫਿਰ ਦੁਖੀ। ਜੇ ਇਹ ਸੁਖ ਤੇਰੇ ਆਪਣੇ ਹੁੰਦੇ ਤਾਂ ਤੇਰੀ ਮਰਜ਼ੀ ਨਾਲ ਹਮੇਸ਼ਾ ਸਦੀਵੀ ਤੇਰੇ ਕੋਲ ਰਹਿੰਦੇ।

ਦੇਖ ਲੈ, ਗੁਰੂ ਅਨੰਦ ਦੇ ਖਜ਼ਾਨੇ ਦਾ ਮਾਲਕ ਹੈ, ਉਸ ਕੋਲ ਸਦਾ ਅਨੰਦ ਹੈ। ਹਰਿਮੰਦਰ ਸਾਹਿਬ ਦੇ ਸਿੰਘਾਸਨ 'ਤੇ ਵੀ ਅਨੰਦ ਹੈ, ਤੱਤੀਆਂ ਲੋਹਾਂ 'ਤੇ ਵੀ ਅਨੰਦ ਹੈ। ਅਨੰਦ ਪੁਰ ਦੇ ਸਿੰਘਾਸਨ 'ਤੇ ਵੀ ਅਨੰਦ ਹੈ, ਚਾਂਦਨੀ ਚੌਂਕ ਵਿੱਚ ਵੀ ਅਨੰਦ ਹੈ। ਜਿਸ ਸ਼ਹਿਰ ਵਿੱਚ ਵੱਸੇ ਉਸ ਸ਼ਹਿਰ ਦਾ ਨਾਮ ਵੀ ਅਨੰਦ ਪੁਰ, ਉਸ ਘਰ ਦਾ ਨਾਮ ਵੀ ਅਨੰਦ ਗੜ੍ਹ ਹੈ। ਗੁਰੂ ਦਾ ਅਨੰਦ ਰਾਜ-ਭਾਗ, ਮਹਿਲ-ਮਾੜੀਆਂ, ਧਨ-ਦੌਲਤ, ਪਰਿਵਾਰ-ਪੁੱਤਰ, ਘੋੜੇ-ਜੋੜੇ, ਕਲਗੀਆਂ-ਤਖ਼ਤ-ਸਿੰਘਾਸਨ ਦੇ ਮੁਥਾਜ ਨਹੀਂ। ਜੇ ਇਹ ਸਭ ਕੁਝ ਹੋਵੇ ਤਦ ਵੀ ਅਨੰਦ ਹੈ ਤੇ ਜੇ ਇਹ ਸਭ ਕੁਝ ਛੱਡ ਕੇ ਪੁੱਤਰਾਂ ਪਰਿਵਾਰ ਤੋਂ ਵਿੱਛੜ ਕੇ ਇਕੱਲਿਆਂ ਕੰਡਿਆਂ ਦੀ ਧਰਤੀ ਮਾਛੀਵਾੜੇ ਵਿੱਚ ਦੇਖੋਗੇ ਤਦ ਵੀ ਅਨੰਦ ਹੈ, ਸਦੀਵੀ ਅਨੰਦ ਹੈ, ਨਿਜ ਘਰ ਦਾ ਅਨੰਦ ਹੈ। ਤੂੰ ਸੁਖ ਸਾਗਰ ਨਿਰੰਕਾਰ ਕੋਲੋਂ ਨਹੀਂ, ਬਲਕਿ "ਨਾਨਕ ਦੁਖੀਆ ਸਭ ਸੰਸਾਰ" ਕੋਲੋਂ ਸੁਖ ਲੱਭ ਰਿਹਾ ਸੀ। ਪਰ ਹੁਣ ਗੁਰੂ ਕੋਲ ਆ ਕੇ ਕੀ ਹੋਇਆ ?

"ਬਾਹਰਿ ਢੂੰਢਨ ਤੇ ਛੂਟਿ ਪਰੀ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥"

(ਗੁ.ਗ੍ਰੰ.ਸਾ.ਪੰਨਾ : 1002)

"ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ।।"

(ਗੁ.ਗ੍ਰੰ.ਸਾ.ਪੰਨਾ : 702)

"ਮਾਈ ਮੈ ਧਨੁ ਪਾਇਓ ਹਰਿ ਨਾਮੁ।।
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।।"

(ਗੁ.ਗ੍ਰੰ.ਸਾ.ਪੰਨਾ : 1186)

ਬਿਸਰਾਮ ਦਾ ਅਰਥ ਹੈ ਟਿਕਣਾ। ਦਿਨ ਦਾ ਸਫਰ ਦਾ ਥੱਕਿਆ ਮੁਸਾਫਿਰ ਰਾਤ ਕਿਤੇ ਬਿਸਰਾਮ ਕਰਦਾ ਹੈ, ਟਿਕਦਾ ਹੈ। ਗੁਰੂ ਬਚਨ ਕਰਦਾ ਹੈ ਕਿ ਜਦੋਂ ਤੂੰ ਹਿਰਦੇ ਵਿੱਚ ਪ੍ਰਭੂ ਚਰਨਾਂ ਨਾਲ ਜੁੜ ਜਾਵੇਂਗਾ ਤਾਂ ਦੇਖੇਂਗਾ ਉਥੇ ਸਾਰੇ ਸੁਖ ਬਿਸਰਾਮ ਭਾਵ ਟਿਕੇ ਹੋਏ ਹਨ। ਫਿਰ ਤੇਰੀ ਭਟਕਣਾ ਵੀ ਮਿਟੇਗੀ ਤੇ ਆਖੇਂਗਾ - "ਮਨ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ"।

ਸੁੱਖ, ਅਨੰਦ ਤਾਂ ਤੇਰੇ ਅੰਦਰ ਹਨ, ਤੇਰੀ ਵਿਰਾਸਤ ਹਨ। ਜ਼ਰਾ ਨਿਜ ਘਰ ਵਿੱਚ ਝਾਤ ਮਾਰ ਕੇ ਦੇਖ, ਅੰਦਰ ਤਾਂ ਰੰਗ ਲੱਗੇ ਹੋਏ ਹਨ। ਫਿਰ ਨਿਜ ਘਰ ਵਿਚੋਂ ਪ੍ਰਾਪਤ ਸੁਖ, ਅਨੰਦ ਤੇਰਾ ਆਪਣਾ ਹੈ, ਸਦੀਵੀ ਅਨੰਦ ਹੈ, ਅਬਿਨਾਸੀ ਖੇਮ ਹੈ।

❖

ਪਤਾ ਨਹੀਂ ਕਿਉਂ
ਅੱਜ ਦਾ ਸਿੱਖ ਨਾ ਹੀ
ਤਨ ਮਨ ਧਨ
ਗੁਰੂ ਨੂੰ ਸੌਂਪਣਾ ਚਾਹੁੰਦਾ ਹੈ ਅਤੇ
ਨਾ ਹੀ ਗੁਰੂ ਦਾ
ਤਨ ਮਨ ਧਨ
ਇਸ ਨੂੰ ਪ੍ਰਵਾਨ ਹੈ?

ਤਨ ਮਨ ਧਨ

ਮਨੁੱਖਤਾ ਜੀਵਨ ਦੀ ਸੰਪੂਰਨਤਾ ਅਤੇ ਸਫਲਤਾ ਵਿੱਚ ਤਨ, ਮਨ ਤੇ ਧਨ - ਇਹ ਤਿੰਨੋਂ ਸ਼ਕਤੀਆਂ ਤਰਤੀਬ ਨਾਲ ਇਕ ਦੂਜੇ ਦੇ ਪਿੱਛੇ ਖੜੀਆਂ ਹਨ। ਜੀਵਨ ਇਹਨਾਂ ਤਿੰਨਾਂ 'ਤੇ ਆਧਾਰਿਤ ਹੈ। ਹਰ ਕਿਸੇ ਦੇ ਤਨ ਮਨ ਧਨ ਦਾ ਰੂਪ, ਆਕਾਰ ਅਤੇ ਮਿਕਦਾਰ ਦਾ ਘੇਰਾ ਆਪਣਾ ਵੱਖ-ਵੱਖ ਹੈ। ਕਿਸੇ ਦਾ ਤਨ ਮਧਰਾ, ਕਿਸੇ ਦਾ ਲੰਮਾ, ਕਿਸੇ ਦਾ ਮੋਟਾ ਤੇ ਕਿਸੇ ਦਾ ਪਤਲਾ ਹੈ। ਇਸੇ ਤਰ੍ਹਾਂ ਗੁਰੂ ਨੇ ਕਿਸੇ ਦਾ ਮਨ ਭਗਵਾਨ ਦਾ ਮੰਦਰ ਅਤੇ ਕਿਸੇ ਦਾ ਮਨ ਸ਼ੈਤਾਨ ਦਾ ਘਰ ਆਖਿਆ ਹੈ। ਤਨ ਅਤੇ ਮਨ ਦਾ ਸੰਜੋਗ ਹੈ :

"ਤਨ ਮਹਿ ਮਨੂਆ ਮਨ ਮਹਿ ਸਾਚਾ॥
ਸੋ ਸਾਚਾ ਮਿਲਿ ਸਾਚੇ ਰਾਚਾ॥"

(ਗੁ.ਗ੍ਰੰ.ਸਾ.ਪੰਨਾ : 686)

ਤਨ ਅਤੇ ਮਨ ਨੇ ਮਿਲ ਕੇ ਸਫਲਤਾ ਲਈ ਤੀਜੀ ਸ਼ਕਤੀ ਧਨ ਨੂੰ ਨਾਲ ਜੋੜਨਾ ਹੈ। ਹੁਣ ਦੇਖੋਗੇ ਹਰ ਕਿਸੇ ਦਾ ਧਨ ਵੀ ਵੱਖ-ਵੱਖ ਹੈ। ਗੁਰੂ ਨੇ ਧਨ ਦੇ ਮੁੱਢਲੇ ਦੋ ਰੂਪ ਬਿਆਨ ਕੀਤੇ ਹਨ - ਕਾਚਾ ਧਨ ਅਤੇ ਸਾਚਾ ਧਨ।

"ਸਾਚਾ ਧਨੁ ਗੁਰਮਤੀ ਪਾਏ॥ ਕਾਚਾ ਧਨੁ ਫੁਨਿ ਆਵੈ ਜਾਏ॥"

(ਗੁ.ਗ੍ਰੰ.ਸਾ.ਪੰਨਾ : 665)



ਅੱਗੇ ਫਿਰ ਕਚੇ ਧਨ ਦੀਆਂ ਅਤੇ ਸੱਚੇ ਧਨ ਦੀਆਂ ਬਹੁਤ ਵੱਖ-ਵੱਖ ਕਿਸਮਾਂ ਹਨ। ਇਹ ਇਕ ਵੱਖਰਾ ਵਿਸ਼ਾ ਹੈ। ਇਹਨਾਂ ਤਿੰਨਾਂ ਸ਼ਕਤੀਆਂ ਦੀ ਕਾਰ ਗੁਜ਼ਾਰੀ ਨਾਲ ਹੀ ਮਨੁੱਖ ਸ਼ੈਤਾਨ ਵੀ ਬਣਦਾ ਹੈ ਅਤੇ ਭਗਵਾਨ ਵੀ ਬਣ ਸਕਦਾ ਹੈ। ਇਸ ਤਨ ਨਾਲ ਚੋਰੀ ਵੀ ਕੀਤੀ ਜਾ ਸਕਦੀ ਹੈ, ਵਿਭਚਾਰ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਤਨ ਨਾਲ ਸੇਵਾ ਵੀ ਕੀਤੀ ਜਾ ਸਕਦੀ ਹੈ ਤੇ ਪਰਉਪਕਾਰ ਵੀ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਮਨ ਦੇ ਬੁਰੇ ਵਿਚਾਰਾਂ ਰਾਹੀਂ ਸੰਸਾਰ ਨੂੰ ਤੇ ਸਮਾਜ ਨੂੰ ਬਰਬਾਦ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਮਨ ਦੇ ਪਵਿੱਤਰ ਵਿਚਾਰਾਂ ਰਾਹੀਂ **'ਤੇਰੇ ਭਾਣੇ ਸਰਬੱਤ ਦਾ ਭਲਾ'** ਵੀ ਮੰਗਿਆ ਜਾ ਸਕਦਾ ਹੈ। ਇਸ ਧਨ ਨਾਲ ਸ਼ਰਾਬ ਵੀ ਖਰੀਦੀ ਜਾ ਸਕਦੀ ਹੈ, ਜੂਆ ਵੀ ਖੇਡਿਆ ਜਾ ਸਕਦਾ ਹੈ ਪਰ ਇਸ ਧਨ ਨਾਲ ਕਿਸੇ ਗਰੀਬ ਦਾ ਪੇਟ ਵੀ ਭਰਿਆ ਜਾ ਸਕਦਾ ਹੈ, ਤਨ ਵੀ ਕੱਜਿਆ ਜਾ ਸਕਦਾ ਹੈ।

ਬਸ ! ਇਹਨਾਂ ਤਿੰਨਾਂ ਸ਼ਕਤੀਆਂ ਨੂੰ ਗੁਰੂ ਸੋਧ ਦੇ ਕੇ ਸੋਧ ਦਿੰਦਾ ਹੈ। ਪਰ ਇਸ ਕੰਮ ਲਈ ਤਨ ਮਨ ਧਨ ਗੁਰੂ ਨੂੰ ਸੌਂਪਣਾ ਪਵੇਗਾ :

"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥"

(ਗੁ.ਗ੍ਰੰ.ਸਾ.ਪੰਨਾ : 918)

ਫਿਰ ਗੁਰੂ ਇਹਨਾਂ ਤਿੰਨ ਸ਼ਕਤੀਆਂ ਨੂੰ ਸੋਧ ਕੇ ਤੈਨੂੰ ਵਾਪਸ ਪਰਤਾ ਦੇਵੇਗਾ।

ਬਸ, ਜਿਸ ਭਾਗਾਂ ਵਾਲੇ ਨੂੰ ਗੁਰੂ ਰਾਹੀਂ ਸੋਧਿਆ ਤਨ ਮਨ ਧਨ ਪ੍ਰਾਪਤ ਹੋ ਜਾਏ ਉਸੇ ਦਾ ਨਾਮ ਸਾਧੂ ਹੈ, ਉਸੇ ਦਾ ਨਾਮ ਗੁਰਮੁਖ ਹੈ, ਗੁਰਸਿੱਖ ਹੈ ਭਾਵੇਂ ਉਹ ਗ੍ਰਹਿਸਥੀ ਹੀ ਕਿਉਂ ਨਾ ਹੋਵੇ। ਹੋਰ ਸਾਧੂ ਕਿਸੇ ਭੇਖ ਦਾ ਨਾਮ ਨਹੀਂ। ਜਿਹੜਾ ਗੁਰਸਿੱਖ ਗੁਰੂ ਨੂੰ ਤਨ ਮਨ ਧਨ ਸੌਂਪ ਦਿੰਦਾ ਹੈ, ਫਿਰ ਗੁਰੂ ਵੀ ਉਸ ਨੂੰ ਆਪਣਾ ਤਨ ਮਨ ਧਨ ਬਖਸ਼ਿਸ਼ ਕਰ ਦਿੰਦਾ ਹੈ :

"ਮੋ ਗ੍ਰਿਹਿ ਮਹਿ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭਹੀ ਇਨਹੀ ਕੋ ॥"

ਕੈਸਾ ਪਿਆਰਾ ਸੌਦਾ ਹੈ, ਕਿੰਨਾ ਲਾਹੇਵੰਦ ਸੌਦਾ ਹੈ।

"ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥"

(ਗੁ.ਗ੍ਰੰ.ਸਾ.ਪੰਨਾ : 268)

ਪਰ ਪਤਾ ਨਹੀਂ ਅੱਜ ਦਾ ਬਹੁਤਾਤ ਸਿੱਖ ਇਸ ਪਵਿੱਤਰ ਸੌਦੇ ਤੋਂ ਕਿਉਂ ਮੂੰਹ ਮੋੜ ਰਿਹਾ ਹੈ ? ਨਾ ਹੀ ਤਨ ਮਨ ਧਨ ਗੁਰੂ ਨੂੰ ਸੌਂਪਣਾ ਚਾਹੁੰਦਾ ਹੈ ਅਤੇ ਨਾ ਹੀ ਗੁਰੂ ਦਾ ਤਨ ਮਨ ਧਨ ਇਸਨੂੰ ਪ੍ਰਵਾਨ ਹੈ। ਅੱਜ ਤਾਂ ਮਨੁੱਖ ਸੋਚਦਾ ਹੈ ਕਿ ਜੇ ਤਨ ਗੁਰੂ ਦਾ ਹੋ ਗਿਆ ਤਾਂ ਨਾਈ ਕੋਲ ਜਾ ਕੇ ਉਸਦੀ ਸ਼ਕਲ ਨਹੀਂ ਵਿਗਾੜੀ ਜਾ ਸਕੇਗੀ।

ਜੇ ਮਨ ਗੁਰੂ ਦਾ ਹੋ ਗਿਆ ਤਾਂ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਿੰਦਾ ਚੁਗਲੀ ਬਖੀਲੀ ਈਰਖਾ ਝੂਠ ਕਿਥੇ ਰਹਿਣਗੇ ? ਇਹਨਾਂ ਦੇ ਬਿਨਾਂ ਤਾਂ ਮੇਰਾ ਗੁਜ਼ਾਰਾ ਹੀ ਨਹੀਂ,

ਇਨ੍ਹਾਂ ਨੂੰ ਤਾਂ ਮੈਂ ਹਰ ਵਕਤ ਨਾਲ ਰਖਦਾ ਹਾਂ, ਇਹ ਤਾਂ ਮੇਰੇ ਜੀਵਨ ਸਾਥੀ ਹਨ। ਹੇ ਗੁਰੂ ! ਜਦੋਂ ਮੈਂ ਗੁਰਦੁਆਰੇ ਵੀ ਜਾਂਦਾ ਹਾਂ ਤਾਂ ਵੀ ਇਹ ਮੇਰੇ ਨਾਲ ਹੁੰਦੇ ਹਨ। ਇਹਨਾਂ ਦੇ ਸਹਾਰੇ ਹੀ ਤਾਂ ਮੈਂ ਗੁਰਦੁਆਰੇ ਵਿੱਚ ਡਾਂਗ ਖੜਕਾ ਕੇ ਗੋਲਕ 'ਤੇ ਕਬਜ਼ਾ ਕਰਦਾ ਹਾਂ, ਇਹਨਾਂ ਦੇ ਸਹਾਰੇ ਹੀ ਤਾਂ ਮੈਂ ਗੁਰਦੁਆਰੇ ਦਾ ਪ੍ਰਧਾਨ ਬਣਦਾ ਹਾਂ, ਜੱਥੇਦਾਰ ਬਣਦਾ ਹਾਂ, ਲੀਡਰ ਬਣਦਾ ਹਾਂ। ਇਹ ਮੇਰੀ ਸ਼ਕਤੀ ਬਣ ਕੇ ਆਵਾਜ਼ ਦਿੰਦੇ ਹਨ ਕਿ ਬਸ ਹੁਣ ਇਹ ਪਦਵੀ ਨਾ ਛੱਡੀਂ, ਅਸੀਂ ਤੇਰੇ ਨਾਲ ਹਾਂ। **"ਗੁਰੂ ਮੇਰੇ ਸੰਗਿ ਸਦਾ ਹੈ ਨਾਲੇ"** ਤਾਂ ਮੈਂ ਐਵੇਂ ਲੋਕ ਦਿਖਾਵੇ ਲਈ ਊਪਰੋਂ-ਊਪਰੋਂ ਹੀ ਪੜ੍ਹਦਾ ਹਾਂ, ਮੇਰੇ ਅਸਲ ਸਾਥੀ ਤਾਂ ਇਹੋ ਹਨ ਜਿਹੜੇ ਨਾਲ ਹਨ -

"ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ।।
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ।।
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ।।"

(ਗੁ.ਗ੍ਰੰ.ਸਾ.ਪੰਨਾ : 971)

ਸੋ ਜੇ ਮਨ ਗੁਰੂ ਨੂੰ ਦੇ ਦੇਵਾਂ ਤਾਂ ਇਹ ਮੇਰੇ ਸਾਥੀ ਕਿਥੇ ਰਹਿਣਗੇ। ਇਸ ਲਈ ਮੈਂ ਤੈਨੂੰ ਮਨ ਵੀ ਨਹੀਂ ਦੇ ਸਕਦਾ।

ਬਾਕੀ ਰਹਿ ਗਿਆ ਧਨ। ਹੇ ਗੁਰੂ, ਧਨ ਤੂੰ ਆਪੇ ਹੀ ਦੋ ਕਿਸਮ ਦੇ ਦੱਸੇ ਹਨ - ਸਾਚਾ ਧਨ ਅਤੇ ਕਾਚਾ ਧਨ। ਸਾਚਾ ਧਨ ਮੇਰੇ ਕੋਲ ਹੈ ਹੀ ਨਹੀਂ। ਬਸ ਉਹ ਜਿਹੜਾ ਕਾਚਾ ਧਨ ਹੈ ਨਾ, ਇਸਦਾ ਸੌਦਾ ਤੇਰੇ ਮੇਰੇ ਵਿੱਚ ਜ਼ਰੂਰ ਚਲਦਾ ਰਹੇ ਤਾਂ ਕਿ ਲੋਕ ਇਹ ਵੀ ਨਾ ਆਖਣ ਕਿ ਇਹ ਗੁਰੂ ਦਾ ਸਿੱਖ ਨਹੀਂ। ਤੇਰਾ ਮੇਰਾ ਸੰਬੰਧ ਬਣਿਆ ਰਹੇ ਇਸ ਲਈ ਮੈਂ ਝੂਠ-ਫਰੇਬ ਕਾਲੇ-ਧੰਦੇ ਰਾਹੀਂ ਪਰਾਇਆ ਹੱਕ ਮਾਰ ਕੇ ਕਮਾਇਆ ਕਾਚਾ ਧਨ ਤੇਰੀ ਭੇਟ ਬਹੁਤ ਕਰਾਂਗਾ। ਉਸ ਨਾਲ ਮਾਰਬਲ ਲਾ-ਲਾ ਤੇਰੇ ਉੱਚੇ ਸੁਹਣੇ ਗੁਰਦੁਆਰੇ ਬਣਾਵਾਂਗਾ, ਨਿਸ਼ਾਨ ਸਾਹਿਬ ਝੁਲਾਵਾਂਗਾ, ਸੋਨੇ ਚਾਂਦੀ ਦੀਆਂ ਪਾਲਕੀਆਂ ਵਿੱਚ ਤੇਰਾ ਪ੍ਰਕਾਸ਼ ਕਰਾਂਗਾ ਤੇ ਲੰਗਰ ਚਲਣਗੇ (ਭਾਵੇਂ ਕਿਸੇ ਭੁੱਖੇ ਗਰੀਬ ਨੂੰ ਰੋਟੀ ਨਾ ਮਿਲੇ)। ਇਸ ਧਰਤੀ ਮਾਂ ਦੀ ਗੋਦ ਵਿੱਚ ਖੰਨੀ-ਖੰਨੀ ਰੋਟੀ ਨੂੰ ਤਰਸਦੇ ਭਾਵੇਂ ਹਜ਼ਾਰਾਂ ਬੱਚੇ ਰੋਜ਼ ਮਰ ਜਾਣ ਪਰ ਤੇਰੇ ਅੱਗੇ ਕੀਤੀ ਜਾਂਦੀ ਅਰਦਾਸ ਅਨੁਸਾਰ ਮੀਰ ਮੰਨੂੰ ਦੀ ਜੇਲ੍ਹ ਵਿੱਚ ਬੀਬੀਆਂ ਖੰਨੀ-ਖੰਨੀ ਰੋਟੀ ਤੇ ਸਵਾ-ਸਵਾ ਮਣ ਪੀਸਣ ਪੀਸਦੀਆਂ ਰਹਿਣਗੀਆਂ। ਪਰ ਮੈਨੂੰ ਇਹ ਸਮਝਣ ਦੀ ਲੋੜ ਨਹੀਂ ਕਿ ਇਹ ਮਹਾਨ ਬੀਬੀਆਂ ਅੱਜ ਤਕ ਕਿਨ੍ਹਾਂ ਲਈ ਪੀਸ ਰਹੀਆਂ ਹਨ ਅਤੇ ਪੀਸਦੀਆਂ ਰਹਿਣਗੀਆਂ। ਇਸ ਮੇਰੇ ਭੇਟ ਕੀਤੇ ਧਨ ਨਾਲ ਤੇਰੇ ਦਰਬਾਰ ਸਜਣਗੇ ਅਤੇ ਇਸੇ ਧਨ ਨਾਲ ਰਾਗੀ, ਪ੍ਰਚਾਰਕ, ਗੁਣੀ-ਗਿਆਨੀ, ਢਾਡੀ, ਕਵੀਸ਼ਰ ਕੁਝ ਮੇਰੇ ਤੇ ਕੁਝ ਤੇਰੇ ਗੀਤ ਗਾਉਂਦੇ ਰਹਿਣਗੇ। ਇਹ ਸਾਰਾ ਕਰਿਸ਼ਮਾ ਮੇਰੇ ਵੱਲੋਂ ਭੇਟ ਕੀਤੇ ਕਾਚੇ ਧਨ ਦਾ ਹੋਵੇਗਾ। ਫਿਰ ਹੇ ਗੁਰੂ ! ਮੈਂ ਵੀ ਤਾਂ ਤੇਰੇ ਕੋਲੋਂ ਹੋਰ ਕੁਝ ਨਹੀਂ ਮੰਗਦਾ, ਬਦਲੇ ਵਿੱਚ ਕਾਚਾ ਧਨ ਹੀ ਮੰਗਦਾ ਹਾਂ ਬਸ, ਆਪਣੇ ਕੀਤੇ ਹੋਏ ਇਕਰਾਰ ਮੁਤਬਿਕ :

"ਉਸ ਤੇ ਚਉਗੁਨ ਕਰੈ ਨਿਹਾਲ।। ਨਾਨਕ ਸਾਹਿਬੁ ਸਦਾ ਦਇਆਲ।।"

ਜਿੰਨਾ ਧਨ ਮੈਂ ਭੇਟ ਕਰਾਂ, ਤੂੰ ਉਸ ਤੋਂ ਚਉਗੁਣਾ ਮੈਨੂੰ ਦੇਈ ਜਾਈਂ ਤਾਂ ਕਿ ਜਿਵੇਂ ਧਰਮ



ਦੇ ਨਾਮ ਹੇਠ ਤੇਰਾ ਮੇਰਾ ਇਹ ਧੰਦਾ (ਕੱਚਾ ਵਪਾਰ) ਚਲ ਰਿਹਾ ਹੈ, ਅੱਗੇ ਵੀ ਚਲਦਾ ਰਹੇ। ਹੋਰ

"ਸਚ ਵਾਪਾਰ ਕਰੋ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥"


ਦੀ ਗੱਲ ਮੈਨੂੰ ਨਾ ਆਖੀਂ ਕਿਉਂਕਿ 'ਇਹ ਜਗ ਮਿੱਠਾ ਅਗਲਾ ਕਿਨ ਡਿੱਠਾ' ਹੈ।

ਬਸ ਇਹ ਕਹਾਣੀ ਅੱਜ ਦੇ ਪਦਾਰਥਵਾਦੀ ਸਿੱਖ ਦੀ ਨਜ਼ਰ ਆ ਰਹੀ ਹੈ ਅਤੇ ਇਉਂ **"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"** ਦੀ ਗੱਲ **"ਕਹਿਤੋ ਕਹਿਤੀ ਸੁਣੀ ਰਹਿਤ ਕੋ ਖੁਸੀ ਨਾ ਆਇਓ"** ਬਣ ਕੇ ਰਹਿ ਗਈ ਹੈ।

❖

ਉਜਾਰੋ ਦੀਪਾ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਵਕਤ, ਸਮੇਂ ਵਾਂਗ
ਬਦਲਦੀ ਹੋਈ ਚੀਜ਼ ਦੀ ਵਿਚਾਰ
ਬਹੁਤ ਜ਼ਰੂਰੀ ਹੈ ਕਿ ਕੀ ਇਹ ਕਰਮ
ਸਾਨੂੰ ਮੰਜ਼ਿਲ ਵੱਲ ਲਿਜਾ ਰਿਹਾ ਹੈ ਜਾਂ ਨਹੀਂ ?
ਕੀ ਸਾਨੂੰ ਇਸ ਵਕਤ ਨਾਲ ਪੈਦਾ ਹੋਏ
ਨਵੇਂ ਸਾਧਨਾਂ ਦੀ ਵਰਤੋਂ ਨਹੀਂ
ਕਰਨੀ ਚਾਹੀਦੀ ?

ਵਖਤੁ ਵੀਚਾਰੇ ਸੁ ਬੰਦਾ ਹੋਇ

ਵਕਤ ਦੀ ਵਿਚਾਰ, ਸਮੇਂ ਦੀ ਪਛਾਣ ਮਨੁੱਖੀ ਚੇਤਨਾ ਦਾ ਪ੍ਰਤੀਕ ਹੈ ਕਿਉਂਕਿ ਸਮਾਂ (ਵਕਤ) ਰੁਕਦਾ ਨਹੀਂ, ਆਪਣੀ ਚਾਲੇ ਤੁਰਿਆ ਜਾਂਦਾ ਹੈ। ਇਸੇ ਲਈ ਸਮੇਂ ਦੀ ਰਫਤਾਰ ਨੂੰ ਜਾਨਣ ਲਈ ਘੜੀ ਨੂੰ ਵੀ ਉਸੇ ਰਫਤਾਰ ਨਾਲ ਚਲਣਾ ਪੈਂਦਾ ਹੈ। ਰੁੱਕ ਚੁੱਕੀ ਘੜੀ ਚਲਦੇ ਵਕਤ ਬਾਰੇ ਕੁਝ ਨਹੀਂ ਦੱਸ ਸਕਦੀ।

ਸਮਾਂ ਤਾਂ ਆਦਿ ਤੋਂ ਚਲ ਰਿਹਾ ਹੈ, ਕਦੀ ਰੁਕਿਆ ਜਾਂ ਥੱਕਿਆ ਨਹੀਂ, ਬਿਨਾ ਆਹਟ ਇਕ ਰਸ ਚਲ ਰਿਹਾ ਹੈ। ਜਿਵੇਂ ਚਲਦੀ ਹੋਈ ਗੱਡੀ ਜਾਂ ਮੋਟਰ-ਕਾਰ ਵਿੱਚ ਬੈਠੇ ਆਸ-ਪਾਸ ਵੇਖਿਓ, ਹਰ ਪਲ ਕੋਈ ਦ੍ਰਿਸ਼ ਬਦਲ ਰਿਹਾ ਹੈ। ਇਸੇ ਤਰ੍ਹਾਂ ਜੀਵਨ ਦੀ ਗੱਡੀ ਸਮੇਂ ਦੇ ਸਾਧਨ ਨਾਲ ਚਲ ਰਹੀ ਹੈ (ਚਲਦੇ ਸੁਆਸ ਵੀ ਚਲਦੇ ਸਮੇਂ ਦੀ ਹੀ ਤਾਂ ਮਿਨਤੀ ਕਰ ਰਹੇ ਹਨ)। ਜਦੋਂ ਜੀਵਨ ਲਈ ਮਿਲਿਆ ਸਮਾਂ ਮੁੱਕ ਜਾਏ, ਸੁਆਸ ਰੁੱਕ ਜਾਂਦੇ ਹਨ, ਇਸ ਲਈ ਜੀਵਨ ਦੀ ਚਲਦੀ ਗੱਡੀ ਵਿੱਚ ਬੈਠਿਆਂ ਮਨੁੱਖ ਨੂੰ ਵੀ ਸਮੇਂ ਨਾਲ ਆਸ-ਪਾਸ ਬਦਲਦੇ ਹਾਲਾਤਾਂ (ਦ੍ਰਿਸ਼ਾਂ) ਵਿੱਚੋਂ ਲੰਘਣਾ ਪੈਂਦਾ ਹੈ। ਚਲਦੇ ਸਮੇਂ ਬੜੀ ਚੇਤਨਤਾ ਚੌਕਸੀ ਦੀ ਲੋੜ ਹੈ, ਚਲਦੀ ਗੱਡੀ ਨੂੰ ਹੀ ਖ਼ਤਰਾ ਹੈ ਕਿ ਕਿਤੇ ਵੀ ਦੁਰਘਟਨਾ (accident) ਹੋ ਸਕਦੀ ਹੈ, ਕਿਸੇ ਪਲ ਵੀ ਕੋਈ ਭਿਆਨਕ ਮੋੜ ਆ ਸਕਦਾ ਹੈ ਅਤੇ ਕਿਸੇ ਮੋੜ ਤੇ ਵੀ ਮੁਸਾਫਿਰ ਭੁੱਲ ਸਕਦਾ ਹੈ, ਹਰ ਸਮੇਂ ਦੇ ਮੋੜ ਤੋਂ ਸੁਰੱਖਿਅਤ ਲੰਘਣ ਲਈ ਨਾਲ-ਨਾਲ ਫੈਸਲੇ ਕਰਨੇ, ਬਸ ਇਸੇ ਦਾ ਨਾਮ ਹੀ ਵਕਤ



ਵਿਚਾਰਨਾ ਹੈ।

ਇਹ ਖ਼ਤਰਾ ਰੁੱਕੀ ਹੋਈ ਗੱਡੀ ਨੂੰ ਨਹੀਂ, ਪਰ ਮੁਸਾਫਿਰ ਦੀ ਗੱਡੀ ਆਪਣੀ ਮੰਜ਼ਲ 'ਤੇ ਪਹੁੰਚ ਕੇ ਹੀ ਰੁੱਕੇਗੀ। ਮੰਜ਼ਿਲ ਨਹੀਂ ਭੁੱਲਣੀ, ਮੰਜ਼ਲ 'ਤੇ ਪਹੁੰਚ ਕੇ ਫਿਰ ਤੈਨੂੰ ਵੀ ਟਿਕਾਅ ਮਿਲੇਗਾ, ਜਿਵੇਂ ਸੁਆਮੀ ਰਾਮਾਨੰਦ ਜੀ ਨੇ ਵੀ ਆਖਿਆ ਹੈ :

"ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।।",

(ਗੁ.ਗ੍ਰੰ.ਸਾ.ਪੰਨਾ : 1195)

"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।।"

(ਗੁ.ਗ੍ਰੰ.ਸਾ.ਪੰਨਾ : 1186)

ਪਰ ਮੰਜ਼ਿਲ ਮਿਲਣ ਤੋਂ ਪਹਿਲਾਂ ਬਿਸਰਾਮ ਆਲਸ ਦਾ ਪ੍ਰਤੀਕ ਹੈ। ਉਥੇ "**ਉਦਮ ਕਰੇਦਿਆਂ ਜੀਉ ਤੂੰ**" ਅਤੇ "**ਰਾਮ ਪਿਆਰੇ ਸਦਾ ਜਾਗੇ ਹਰਿ ਨਾਮ ਸਿਮਰਹਿ ਅਨਦਿਨੋ**" ਹੈ, ਅਜੇ ਬਿਸਰਾਮ ਨਹੀਂ ਹੈ, ਅਜੇ ਸਫਰ ਹੈ।

ਮੰਜ਼ਿਲ 'ਤੇ ਪਹੁੰਚ ਮੰਤਵ (cause) ਹੈ, ਸਫਰ ਸਾਧਨ ਹੈ। ਪ੍ਰਭੂ ਮਿਲਾਪ ਕਾੱਜ਼ (ਮੰਤਵ) ਹੈ, ਕਰਮ ਸਾਧਨ ਹੈ। ਕਰਮ ਬਦਲਦਾ ਹੈ, ਕਾੱਜ਼ ਨਹੀਂ ਬਦਲਦਾ। ਕਰਮ ਅਨੇਕ ਹਨ, ਕਾੱਜ਼ ਇੱਕ ਹੈ। ਇਸੇ ਲਈ ਹੀ ਆਖਿਆ ਹੈ "**ਕਰਮੀ ਆਪੋ ਅਪਣੀ ਕੇ ਨੇੜੈ ਕੇ ਦੂਰਿ**" ਜਾਂ ਫਿਰ "**ਜੇਵੇਹੇ ਕਰਮ ਕਮਾਂਵਦੇ ਤਵੇਹੇ ਫਲਤੇ**", ਕਰਮ ਬਦਲਦਾ ਹੈ। ਇਸ ਲਈ ਸਮੇਂ ਵਾਂਗ ਬਦਲਦੀ ਚੀਜ਼ ਦੀ ਵਿਚਾਰ ਬਹੁਤ ਜ਼ਰੂਰੀ ਹੈ ਕਿ ਕੀ ਇਹ ਕਰਮ ਮੈਨੂੰ ਮੇਰੇ ਕਾੱਜ਼ (ਮੰਜ਼ਿਲ) ਵੱਲ ਲਿਜਾ ਰਿਹਾ ਹੈ ? ਇਸੇ ਲਈ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ:

"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।।
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ।।"

(ਗੁ.ਗ੍ਰੰ.ਸਾ.ਪੰਨਾ : 146)

ਕਰਮਾਂ ਦੀ ਵਿਚਾਰ, ਕਿਉਂਕਿ ਗੁਰਮਤਿ ਗਿਆਨ ਵਿਚਾਰ ਅਧੀਨ ਕੀਤਾ ਹਰ ਕਰਮ ਹੀ ਧਰਮ ਬਣ ਜਾਂਦਾ ਹੈ ਅਤੇ ਫਿਰ ਉਹ 'ਗਿਆਨ ਹੀਨੰ ਅਗਿਆਨ ਪੂਜਾ' ਨਹੀਂ ਰਹਿੰਦਾ। ਧਰਮ ਪ੍ਰਭੂ ਮੰਜ਼ਿਲ ਦਾ ਰਾਹਿ ਰਾਸ ਹੈ। ਇਸ ਲਈ ਜੀਵਨ ਰੂਪ ਵਕਤ ਦੇ ਨਾਲ-ਨਾਲ ਚਲਦਿਆਂ ਬਦਲਦੇ ਹੋਏ ਸਾਧਨਾਂ ਦੀ ਵਿਚਾਰ ਬਹੁਤ ਜ਼ਰੂਰੀ ਹੈ। ਸਾਧਨ ਬੇਸ਼ਕ ਬਦਲਣ ਪਰ ਕਾੱਜ਼ ਨਹੀਂ ਬਦਲਣਾ ਚਾਹੀਦਾ, ਮੇਰੀ ਮੰਜ਼ਿਲ ਵੱਲ ਜਾਂਦਾ ਹਰ ਸਾਧਨ ਮੈਨੂੰ ਪ੍ਰਵਾਨ ਹੈ।

ਇਕ ਹੋਰ ਅਰਜ਼ ਕਰਾਂ, ਸਾਰੀ ਕੁਦਰਤ ਸਾਧਨ ਹੈ। ਕਾਦਰ ਕਾੱਜ਼ ਹੈ ਜਿਹੜਾ "**ਕੁਦਰਤਿ ਕਰ ਕੇ ਵਸਿਆ ਸੋਇ**" ਜਾਂ "**ਬਲਿਹਾਰੀ ਕੁਦਰਤਿ ਵਸਿਆ**" ਹੈ। ਕੁਦਰਤ ਸਫਰ ਹੈ, ਕਾਦਰ ਮੰਜ਼ਿਲ ਹੈ। ਕੁਦਰਤ ਦੀ ਸੰਭਾਲ ਕਰਨੀ ਹੈ ਪੂਜਾ ਨਹੀਂ। ਪੂਜਾ ਕਾਦਰ (ਮੰਜ਼ਿਲ) ਦੀ ਕਰਨੀ ਹੈ ਕਿਉਂਕਿ ਕਾਦਰ ਏਕ ਹੈ ਕੁਦਰਤ ਅਨੇਕ ਹੈ। ਕਾੱਜ਼ ਇੱਕ ਹੈ, ਕਰਮ (ਸਾਧਨ) ਅਨੇਕ ਹਨ ਜੋ ਚਲਦੇ ਸਮੇਂ ਦੇ ਦ੍ਰਿਸ਼ਾਂ ਵਾਂਗ ਬਦਲਦੇ ਵੀ ਹਨ। ਸਤਿਗੁਰੂ ਜੀ ਨੇ ਬਾਣੀ ਵਿੱਚ ਵੀ ਸਮੇਂ ਨਾਲ ਬਦਲਦੇ ਸਾਧਨਾਂ ਦਾ ਜ਼ਿਕਰ ਕੀਤਾ ਹੈ :

"ਸਤਿਜੁਗ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥"

(ਗੁ.ਗ੍ਰੰ.ਸਾ.ਪੰਨਾ : 346)

ਇਕੋ ਪ੍ਰਭੂ ਦੀ ਭਗਤੀ ਦੇ ਸਾਧਨ ਸਮੇਂ-ਸਮੇਂ ਨਾਲ ਬਦਲਦੇ ਗਏ। ਪ੍ਰਭੂ ਕਾੱਜ਼ ਇੱਕ ਹੈ, ਇਸ ਲਈ ਸਭ ਦਾ ਸਾਂਝਾ ਹੈ। ਪਰ ਕਰਮ ਸਾਧਨ ਅਨੇਕ ਹਨ, ਇਸ ਲਈ ਸਮੇਂ ਸਥਾਨ ਅਤੇ ਪਹੁੰਚ ਮੁਤਾਬਿਕ ਹਰ ਕਿਸੇ ਦੇ ਵੱਖ-ਵੱਖ ਹਨ ਅਤੇ ਹਰ ਸਮੇਂ ਬਦਲਦੇ ਰਹਿੰਦੇ ਹਨ। ਉਦਾਹਰਣ ਵਜੋਂ ਭੁੱਖ ਕਾੱਜ਼ ਹੈ, ਸਭ ਦੀ ਸਾਂਝੀ ਹੈ, ਸਭ ਨੂੰ ਲਗਦੀ ਹੈ। ਪਰ ਭੁੱਖ ਨੂੰ ਮਿਟਾਉਣ ਦੇ ਸਾਧਨ ਕਰਮ ਸਮੇਂ, ਸਥਾਨ ਅਤੇ ਪਹੁੰਚ ਮੁਤਾਬਿਕ ਹਰ ਕਿਸੇ ਦੇ ਆਪਣੇ-ਆਪਣੇ ਵੱਖ ਹਨ। ਕੋਈ ਚੂਰੀ ਖਾ ਕੇ ਭੁੱਖ ਮਿਟਾ ਰਿਹਾ ਹੈ ਅਤੇ ਕੋਈ ਰੋਟੀ ਖਾ ਕੇ, ਕੋਈ ਚਾਵਲ ਖਾ ਕੇ ਅਤੇ ਕੋਈ ਡਬਲ-ਰੋਟੀ ਖਾ ਕੇ। ਤਨ ਢੱਕਣਾ ਇਕ ਕਾੱਜ਼ ਹੈ ਪਰ ਕਿਸ ਅਤੇ ਕਿਹੋ ਜਿਹੇ ਕਪੜੇ ਨਾਲ ਢੱਕਣਾ ਹੈ, ਇਹ ਹਰ ਵਿਅਕਤੀ ਦਾ ਸਮੇਂ ਰੁੱਤ ਜਾਂ ਦੇਸ਼ ਦੇ ਪਹਿਰਾਵੇ ਅਨੁਸਾਰ ਬਦਲਦਾ ਰਹਿੰਦਾ ਹੈ। ਸਫਰ ਮਨੁੱਖ ਸਦੀਆਂ ਤੋਂ ਕਰ ਰਿਹਾ ਹੈ ਕਦੀ ਪੈਦਲ, ਕਦੀ ਘੋੜਿਆਂ ਤੇ ਕਦੀ ਸਾਈਕਲਾਂ 'ਤੇ ਚਲਦਾ-ਚਲਦਾ ਅੱਜ ਕਾਰਾਂ, ਟਰੇਨਾਂ ਤੇ ਹਵਾਈ ਜਹਾਜ਼ਾਂ 'ਤੇ ਪਹੁੰਚ ਗਿਆ ਹੈ। ਬਦਲਵੇਂ ਸਾਧਨਾਂ ਦੀ ਵਰਤੋਂ ਕਰਕੇ ਮਾਣ ਪ੍ਰਤੀਤ ਕਰਦਾ ਹੈ। ਹਰ ਕਾੱਜ਼ ਲਈ ਨਵੇਂ-ਨਵੇਂ ਸਾਧਨ ਈਜ਼ਾਦ ਹੁੰਦੇ ਰਹਿੰਦੇ ਹਨ। ਕਦੀ ਰੋਗੀਆਂ ਦੀ ਆਸ ਕੇਵਲ ਵੈਦਾਂ ਹਕੀਮਾਂ ਦੀਆਂ ਅਨਜਾਣੀਆਂ ਪੁੜੀਆਂ ਹੀ ਸਨ ਪਰ ਅੱਜ ਹੋਮਿਓਪੈਥੀ, ਐਲੋਪੈਥੀ ਅਤੇ ਮੈਡੀਕਲ ਰਿਸਰਚ ਰਾਹੀਂ ਅਨੇਕ ਤਰ੍ਹਾਂ ਦੀ ਸਰਜਰੀ (surgery) ਈਜ਼ਾਦ ਹੋਈ ਤਾਂ ਕੀ ਇਸ ਵਕਤ ਨਾਲ ਪੈਦਾ ਹੋਏ ਨਵੇਂ ਸਾਧਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ? ਨਹੀਂ ਐਸਾ ਨਹੀਂ ਕਿਉਂਕਿ ਰੋਗੀ ਦਾ ਕਾੱਜ਼ ਕੇਵਲ ਅਰੋਗਤਾ ਹੈ। ਇਸ ਲਈ ਹਰ ਬਦਲਵੇਂ ਸਾਧਨ ਦੀ ਵਰਤੋਂ ਯੋਗ ਹੈ।

ਕਰਮ ਅਤੇ ਕਾੱਜ਼ ਦਾ ਇਹ ਸੂਖਮ ਭੇਦ ਸਮਝਣਾ ਬਹੁਤ ਜ਼ਰੂਰੀ ਹੈ।

ਸਾਡੇ ਵਿੱਚ 'ਪਰੰਪਰਾ' ਸ਼ਬਦ ਬੜਾ ਪ੍ਰਚਲਿਤ ਹੋ ਗਿਆ ਹੈ। ਕਈ ਵਾਰ ਅਸੀਂ ਪਰੰਪਰਾ ਵੱਸ ਹੋ ਕੇ ਸਮੇਂ ਨਾਲ ਬਦਲਦੇ ਕਰਮ ਸਾਧਨ ਨੂੰ ਵੀ ਪ੍ਰਵਾਨ ਨਹੀਂ ਕਰਦੇ ਅਤੇ ਕਰਮ ਨੂੰ ਹੀ ਕਾੱਜ਼ ਬਣਾ ਬਹਿੰਦੇ ਹਾਂ। ਇਉਂ ਕਰਮਕਾਂਡੀ ਬਣ ਜਾਂਦੇ ਹਾਂ। ਇਸੇ ਤੋਂ ਦੁਖਾਂਤ ਵਾਪਰ ਜਾਂਦੇ ਹਨ ਜਿਵੇਂ ਕਿ ਲੋੜਵੰਦਾਂ ਨੂੰ ਬਿਨਾ ਕਿਸੇ ਜਾਤ-ਪਾਤ, ਊਚ-ਨੀਚ ਦੇ ਵਿਤਕਰੇ ਦੇ ਭੋਜਨ ਛਕਾਉਣਾ ਲੰਗਰ ਹੈ। ਪਰ ਤੱਪੜਾਂ ਤੇ ਜਾਂ ਕੁਰਸੀਆਂ 'ਤੇ ਬਿਠਾ ਕੇ, ਹੱਥ ਤੇ ਜਾਂ ਪਤਲਾਂ ਤੇ ਜਾਂ ਥਾਲਾਂ ਵਿੱਚ ਇਕ ਮਾਹ ਦੀ ਦਾਲ ਨਾਲ ਜਾਂ ਦੋ ਸਬਜ਼ੀਆਂ ਦੇ ਨਾਲ ਜਾਂ ਘਿਉ ਵਾਲੀ ਖੀਰ ਨਾਲ, ਇਹ ਸਭ ਲੰਗਰ ਦੇ ਸਾਧਨ ਹਨ। ਇਸ ਲਈ ਸਮੇਂ, ਸਥਾਨ ਅਨੁਸਾਰ ਸਭ ਥਾਵੇਂ ਵੱਖ-ਵੱਖ ਹਨ, ਬਦਲਦੇ ਹਨ। ਬਸ, ਬਦਲਦੇ ਹੋਏ ਵਕਤ ਨਾਲ ਬਦਲਦੇ ਕਰਮ ਸਾਧਨ ਨੂੰ ਵਿਚਾਰਨਾ ਕਿ ਉਸਦੀ ਦਿਸ਼ਾ ਠੀਕ ਕਾੱਜ਼ ਵੱਲ ਹੀ ਹੋਵੇ।

ਗੁਰਬਾਣੀ ਵਿੱਚ ਅਨੇਕਾਂ ਐਸੀਆਂ ਉਦਾਹਰਣਾਂ ਮਿਲਦੀਆਂ ਹਨ ਜਿਸ ਰਾਹੀਂ ਕਾੱਜ਼ ਤੇ ਕਰਮ ਦੇ ਵਿਸ਼ੇ ਨੂੰ ਸਮਝਣ ਵਿੱਚ ਸੌਖ ਹੋ ਜਾਂਦੀ ਹੈ। ਇਕ ਥਾਵੇਂ ਸਤਿਗੁਰੂ ਕਹਿੰਦੇ ਹਨ -



"ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ॥"

(ਗੁ.ਗ੍ਰੰ.ਸਾ.ਪੰਨਾ : 212)

ਭਾਵ ਅਗਿਆਨਤਾ ਦੀ ਰਾਤ ਅੰਧੇਰੀ ਹੈ, ਪ੍ਰੀਤਮ ਦਾ ਮਿਲਾਪ ਨਹੀਂ ਹੋ ਰਿਹਾ, ਮੈਨੂੰ ਕੋਈ ਜੁਗਤ ਦੱਸੋ ਕਿ ਦਿਨ ਚੜ੍ਹ ਜਾਵੇ, ਮੈਨੂੰ ਰਾਤ ਨਹੀਂ ਚਾਹੀਦੀ ਕਿਉਂਕਿ ਜੀਵਨ ਦਾ ਕਾੱਜ਼ ਪ੍ਰਭੂ ਮਿਲਾਪ ਹੈ। ਸਮਾਂ ਬਦਲਿਆ, ਅੱਜ ਕੁਝ ਹੋਰ ਆਖ ਰਹੇ ਹਨ -

"ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ॥
ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ॥"

(ਗੁ.ਗ੍ਰੰ.ਸਾ.ਪੰਨਾ : 544)

ਪਹਿਲੇ ਵਿਛੋੜੇ ਦੀ ਰਾਤ ਸੀ, ਸੋਚਦਾ ਸਾਂ ਕਦੋਂ ਮੁੱਕੇ। ਪਰ ਹੁਣ ਮਿਲਾਪ ਦੀ ਰਾਤ ਹੈ, ਸਮਾਂ ਬਦਲਿਆ ਹੈ। ਇਸ ਲਈ ਸੋਚਦਾ ਹਾਂ ਰਾਤ ਕਿਤੇ ਮੁੱਕ ਨਾ ਜਾਵੇ, ਹੇ ਰਾਤ ਤੂੰ ਲੰਮੀ ਹੋ ਜਾ, ਤੇਰੇ ਜਿਹੀ ਰਾਤ ਮੈਨੂੰ ਚਾਹੀਦੀ ਹੈ ਕਿਉਂਕਿ ਮਿਲਾਪ ਦੀ ਰਾਤ ਹੈ। ਪਰ ਹੇ ਨੀਂਦ, ਅੱਜ ਤੂੰ ਨਾ ਆਵੀਂ, ਕਿਤੇ ਮਿਲਾਪ ਦੀ ਰਾਤ ਸੌਂ ਕੇ ਹੀ ਨਾ ਬੀਤ ਜਾਵੇ। ਮਿਲਾਪ ਦੀ ਰਾਤ ਨੂੰ ਨੀਂਦ ਨਹੀਂ ਚਾਹੀਦੀ। ਹੁਣ ਸਮਾਂ ਫਿਰ ਬਦਲਿਆ, ਗੁਰੂ ਜੀ ਆਖਣ ਲਗੇ -

"ਸੁਣ ਸਖੀਏ ਮੇਰੀ ਨੀਦ ਭਲੀ
ਮੈ ਆਪਨੜਾ ਪਿਰੁ ਮਿਲਿਆ॥"

(ਗੁ.ਗ੍ਰੰ.ਸਾ.ਪੰਨਾ : 249)

ਹੇ ਸਖੀ, ਦਿਨ ਨਾਲੋਂ ਰਾਤ, ਜਾਗਣ ਨਾਲੋਂ ਤਾਂ ਨੀਂਦ ਹੀ ਚੰਗੀ ਹੈ ਜਿਸ ਨੀਂਦ ਵਿੱਚ ਪ੍ਰੀਤਮ ਦੇ ਮਿਲਾਪ ਦਾ ਸੁਪਨਾ ਆਇਆ।

"ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥"

(ਗੁ.ਗ੍ਰੰ.ਸਾ.ਪੰਨਾ : 816)

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ -

'ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ ਅਸੀਂ ਧਾ ਗਲਵਕੜੀ ਪਾਈ।'

ਭਾਵ ਹੇ ਸਖੀ ਪ੍ਰੀਤਮ ਦਾ ਮਿਲਾਪ ਹੀ ਮੇਰਾ ਕਾੱਜ਼ ਹੈ ਤੇ ਮਿਲਾਪ ਲਈ ਰਾਤ-ਦਿਨ, ਜਾਗਨ-ਨੀਂਦ, ਸੁਪਨਾ ਕੋਈ ਵੀ ਬਦਲਵਾਂ ਸਾਧਨ ਮੇਰਾ ਸਹਾਇਕ ਹੋਵੇ ਮੈਨੂੰ ਪ੍ਰਵਾਨ ਹੈ।

"ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ
ਸਭਨਾ ਕੇ ਦਾਤਾਰਾ ਜੀਉ॥"

(ਗੁ.ਗ੍ਰੰ.ਸਾ.ਪੰਨਾ : 97)

ਸੋ ਪਰੰਪਰਾਵਾਦੀ ਆਖ ਕੇ ਸਭ ਪਾਸਿਓਂ ਅੱਖਾਂ ਬੰਦ ਕਰਕੇ ਤੁਰਨ ਨਾਲੋਂ ਵਕਤ ਨਾਲ ਬਦਲਵੇਂ ਸਾਧਨਾਂ ਨੂੰ ਗੁਰਮਤਿ ਅਨੁਸਾਰ ਵਿਚਾਰ ਕੇ ਕਾੱਜ਼ (ਮੰਜ਼ਿਲ ਜਾਂ ਮੰਤਵ) ਲਈ ਸਹਾਇਕ

ਸਾਧਨਾਂ ਦੀ ਵਰਤੋਂ ਕਰਨੀ

“ਵਖਤੁ ਵੀਚਾਰੇ ਸੁ ਬੰਦਾ ਹੋਇ”

ਦੀ ਪ੍ਰਤੀਕ ਹੈ।

❖

ਗੁਰੂ ਤੇ ਗੁਰਦੁਆਰੇ
ਵਿੱਚ ਕੀ ਅੰਤਰ ਹੈ?
ਗੁਰਦੁਆਰਾ ਸਾਡੇ ਲਈ ਕੀ ਹੈ?
ਇਸ ਨੂੰ ਗੁਰਦੁਆਰਾ ਕਿਉਂ ਆਖਿਆ ਜਾਂਦਾ ਹੈ?
ਗੁਰਦੁਆਰੇ ਦੇ ਰੂਪ ਨੂੰ
ਜਾਣਨਾ ਹੈ।

ਗੁਰੂ ਤੇ ਗੁਰਦੁਆਰਾ

ਗੁਰੂ ਨਿਰਮਲ ਜਲ ਦੀ ਵਹਿੰਦੀ ਧਾਰਾ ਦਾ ਇੱਕ ਦਰਿਆ ਹੈ ਤੇ ਉਸ ਵਿੱਚ ਮਨ ਦੀ ਮੈਲ ਧੋਣ ਦਾ ਸਾਧਨ ਸ਼ਬਦ ਹੈ। ਗੁਰੂ ਅਮਰਦਾਸ ਜੀ ਅਨੰਦ ਸਾਹਿਬ 'ਚ ਆਖਦੇ ਹਨ -

"ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।।"

(ਗੁ.ਗ੍ਰੰ.ਸਾ.ਪੰਨਾ : 919)

ਪਰ ਦਰਿਆ ਤਾਂ ਬੜਾ ਲੰਮਾ ਵਹਿਣ ਲੈ ਕੇ ਤੁਰਿਆ ਜਾਂਦਾ ਹੈ। ਪਤਾ ਨਹੀਂ ਗੰਗਾ ਕਿੱਥੋਂ ਨਿਕਲੀ ਹੈ - ਗੰਗੋਤਰੀ ਤੋਂ, ਉੱਥੋਂ ਉਤਰੀ ਹੈ ਗੰਗਾ, ਇਸ ਲਈ ਉਸ ਦਾ ਨਾਂ ਹੈ ਗੰਗੋਤਰੀ। ਪਤਾ ਨਹੀਂ ਚਲਦੇ-ਚਲਦੇ ਕਿਵੇਂ ਤਿੰਨ ਵੱਖ-ਵੱਖ ਦਰਿਆ ਦੇ ਵਹਿਣਾਂ ਵਿੱਚ ਸੰਮਿਲਤ ਹੋ ਗਈ ਹੈ। ਜਿੱਥੇ ਸੰਮਿਲਤ ਹੋਈ ਹੈ ਉੱਥੇ ਤ੍ਰਿਵੇਣੀ ਬਣ ਗਈ ਹੈ। ਚਲਦੀ-ਚਲਦੀ ਪਤਾ ਨਹੀਂ ਕਿੱਥੇ ਜਾ ਕੇ ਸਾਗਰ ਵਿੱਚ ਮਿਲ ਗਈ ਹੈ। ਐਨਾ ਲੰਮਾ ਸਫਰ ਕਰਨ 'ਤੇ ਵੀ ਗੰਗਾ ਤਾਂ ਆਖਰ ਗੰਗਾ ਹੀ ਹੈ। ਜਿਥੋਂ ਲੰਘੀ ਹਰ ਥਾਵੇਂ ਉਸ ਨੂੰ ਗੰਗਾ ਹੀ ਆਖਿਆ ਗਿਆ। ਪਰ, ਜੇ ਸਾਰੀ ਗੰਗਾ ਹੈ, ਹਜ਼ਾਰਾਂ ਮੀਲਾਂ 'ਚ ਤੁਰੀ ਜਾਂਦੀ ਗੰਗਾ ਹੈ ਤੇ ਹਰ ਥਾਵੇਂ ਗੰਗਾ ਦਾ ਪਵਿੱਤਰ ਜਲ ਗੰਗਾ ਦਾ ਪਵਿੱਤਰ ਜਲ ਹੀ ਹੈ। ਤਾਂ ਫਿਰ ਹਰਿਦੁਆਰ ਦਾ ਕਿਨਾਰਾ ਬਣਾਉਣ ਦੀ ਕੀ ਲੋੜ ਹੈ ? ਕੀ ਜ਼ਰੂਰਤ ਹੈ ? ਉਸੇ ਗੰਗਾ ਦੇ ਕੰਢੇ 'ਤੇ ਕੁਝ ਟਿਕਾਣੇ ਐਸੇ ਕਿਉਂ ਨਿਸਚਿਤ ਕੀਤੇ ਗਏ ਜਿਨ੍ਹਾਂ ਨੂੰ ਲੋਕਾਂ ਨੇ ਤੀਰਥ ਆਖਿਆ ਹੈ ?



ਕੀ ਹਰਿਦੁਆਰ ਤੋਂ ਪੰਜਾਹ-ਸੌ ਮੀਲ ਪਿੱਛੇ ਗੰਗਾ ਨਹੀਂ, ਪੰਜਾਹ-ਸੌ ਮੀਲ ਅੱਗੇ ਤੁਰ ਜਾਈਏ ਗੰਗਾ ਨਹੀਂ ? ਉਹੀ ਗੰਗਾ ਉੱਥੇ ਵਗ੍ਹਦੀ ਹੈ ਜਿਹੜੀ ਸੌ ਮੀਲ ਪਿੱਛੇ ਵਗ੍ਹਦੀ ਹੈ। ਪਰ ਤੀਰਥ ਕਿਨਾਰੇ ਬਨਾਉਣ ਵਾਲੇ ਸਿਆਣਿਆਂ ਨੇ ਬੜੀ ਸਿਆਣਪ ਤੇ ਸੋਝੀ ਨਾਲ ਇਹ ਫੈਸਲੇ ਕੀਤੇ ਹਨ। ਜਿਸਨੇ ਇਸ਼ਨਾਨ ਕਰਨ ਆਉਣਾ ਹੈ, ਉਸ ਇਸ਼ਨਾਨ ਕਰਨ ਵਾਲੇ ਨੇ ਭਾਵੇਂ ਗੰਗਾ ਵਿੱਚ ਹੀ ਕਰਨਾ ਹੈ ਪਰ ਉਸਨੂੰ ਕਿਨਾਰਾ ਵੀ ਖ਼ੂਬਸੂਰਤ ਚਾਹੀਦਾ ਹੈ। ਜੇ ਕਿਨਾਰਾ ਰੇਤਲਾ ਹੀ ਹੋਵੇ ਜਿਹੜਾ ਕਿ ਸਾਰੀ ਗੰਗਾ ਦੇ ਕਿਨਾਰੇ-ਕਿਨਾਰੇ ਹੈ ਹੀ, ਕੋਈ ਨਹਾ ਕੇ ਬਾਹਰ ਨਿਕਲੇ ਤੇ ਫੇਰ ਰੇਤੇ ਵਿੱਚ, ਭੂਬਲ ਵਿੱਚ, ਮਿੱਟੀ ਵਿੱਚ ਲਿੱਬੜੇ ਹੋਏ ਕਪੜੇ ਜਿਹੜੇ ਰੇਤੇ 'ਚ ਕਿਨਾਰੇ ਤੇ ਲਾਹ ਕੇ ਰੱਖ ਗਿਆ ਹੋਵੇ ਮੁੜ ਪਾਣੇ ਪੈ ਜਾਣ ਤਾਂ ਇਕ ਨਹੀਂ ਅਨੇਕਾਂ ਮੁਸ਼ਕਿਲਾਂ ਆਉਣਗੀਆਂ। ਇਸੇ ਲਈ ਸਿਆਣਿਆਂ ਨੇ ਕੁਝ-ਕੁਝ ਥਾਵੇਂ ਸੋਚ ਕੇ, ਫੈਸਲਾ ਕਰ ਕੇ ਵਿਸ਼ੇਸ਼ (special) ਪੱਕੇ ਸਾਫ ਸੁਥਰੇ ਕਿਨਾਰੇ ਬਣਾ ਦਿੱਤੇ।

ਹਾਲਾਂਕਿ ਕਿਨਾਰਾ ਗੰਗਾ ਨਹੀਂ, ਗੰਗਾ ਦਾ ਕਿਨਾਰਾ ਹੈ। ਕਿਨਾਰਾ ਵਹਿਣ ਨਹੀਂ ਹੁੰਦਾ, ਕਿਨਾਰਾ ਦਰਿਆ ਨਹੀਂ ਹੁੰਦਾ, ਦਰਿਆ ਦਾ ਕਿਨਾਰਾ ਹੁੰਦਾ ਹੈ ਤੇ ਕਿਨਾਰਾ ਹੁੰਦਾ ਵੀ ਤਾਂ ਹੀ ਹੈ। ਜਦ ਗੰਗਾ ਹੈ ਅਤੇ ਕਿਨਾਰੇ ਦੀ ਹੋਂਦ ਇਸ ਗੱਲ ਦੀ ਪ੍ਰਤੀਕ ਹੈ ਕਿ ਇਥੇ ਕੋਈ ਦਰਿਆ ਵਗ੍ਹਦਾ ਹੈ। ਦਰਿਆ ਨਾ ਵਗ੍ਹੇ ਤਾਂ ਕਿਸੇ ਨੇ ਕਿਨਾਰਾ ਆਖਣਾ ਹੀ ਨਹੀਂ। ਕਿਨਾਰੇ ਦੇ ਨਾਮ ਨੂੰ ਵੀ ਜਨਮ ਦਿੱਤਾ ਹੈ ਤਾਂ ਗੰਗਾ ਨੇ ਹੀ ਦਿੱਤਾ ਹੈ। ਪਰ ਕਿਨਾਰਾ ਗੰਗਾ ਨਹੀਂ ਹੋ ਜਾਣਾ, ਗੰਗਾ ਲਈ ਕਿਨਾਰਾ ਜਰੂਰੀ ਹੈ ਤਾਂ ਕਿ ਜਿਸ ਨੇ ਗੰਗਾ ਵਿੱਚ ਇਸ਼ਨਾਨ ਕਰਨਾ ਹੋਵੇ, ਉਸਨੂੰ ਪਤਾ ਲਗੇ ਕਿ ਸੌ ਮੀਲ ਪਿੱਛੇ ਇਸ਼ਨਾਨ ਕਰਨ ਵਿੱਚ ਤੇ ਇਸ ਪੱਕੇ ਵਿਸ਼ੇਸ਼ ਬਣਾਏ ਕਿਨਾਰੇ ਵਿੱਚ ਇਸ਼ਨਾਨ ਕਰਨ ਵਿੱਚ ਕੀ ਅੰਤਰ ਹੈ ਕਿਉਂਕਿ ਇਥੇ ਇਸ਼ਨਾਨ ਕਰਨ ਦਾ ਮਾਹੌਲ ਪੈਦਾ ਕੀਤਾ ਗਿਆ ਹੈ। ਇਥੇ ਕੋਈ ਸਾਫ-ਸੁਥਰਾ ਕਿਨਾਰਾ ਹੈ ਜਿਸਦੀ ਹਮੇਸ਼ਾ ਦੇਖ-ਭਾਲ ਰਹਿੰਦੀ ਹੈ ਜਿਹੜੀ ਸੌ ਮੀਲ ਪਿੱਛੇ ਨਹੀਂ ਰਹਿੰਦੀ, ਹਰ ਵਕਤ ਐਸਾ ਮਾਹੌਲ ਪੈਦਾ ਕੀਤਾ ਜਾਂਦਾ ਹੈ, ਦੇਖ-ਭਾਲ ਕੀਤੀ ਜਾਂਦੀ ਹੈ ਤਾਂ ਕਿ ਇਸ਼ਨਾਨ ਕਰਨ ਵਾਲੇ ਨੂੰ ਕੋਈ ਦਿੱਕਤ ਨਾ ਆਵੇ, ਕੋਈ ਪਰੇਸ਼ਾਨੀ ਨਾ ਆਵੇ। ਉਹ ਆਸਾਨੀ ਨਾਲ ਖ਼ੁਸ਼ੀ-ਖ਼ੁਸ਼ੀ ਇੱਥੇ ਆਪਾ ਧੋ ਸਕੇ। ਬਸ, ਇਹੀ ਫਰਕ ਹੈ ਗੁਰੂ ਵਿੱਚ ਤੇ ਗੁਰਦੁਆਰੇ ਵਿੱਚ।

ਗੁਰੂ ਦਰਿਆ ਹੈ ਤੇ ਬਾਣੀ ਗੁਰੂ ਹੈ। ਉਹੀ ਬਾਣੀ ਘਰ ਦੇ ਬਿਸਤਰੇ ਵਿੱਚ ਵੀ ਬੈਠ ਕੇ ਪੜ੍ਹੀ ਜਾ ਸਕਦੀ ਹੈ। ਜੇ ਭਲਾ ਘਰ ਦੇ ਬਿਸਤਰੇ ਵਿੱਚ ਬੈਠ ਕੇ ਪੜ੍ਹੀਏ ਤਾਂ ਬਾਣੀ ਬਾਣੀ ਨਹੀਂ, ਉਹਦੀ ਪਵਿੱਤਰਤਾ ਵਿੱਚ ਕੋਈ ਅੰਤਰ ਆ ਜਾਵੇਗਾ- ਐਸਾ ਬਿਲਕੁਲ ਨਹੀਂ। ਬਾਣੀ 'ਕਾਰ' ਵਿੱਚ ਬੈਠ ਕੇ ਟੇਪ ਰਿਕਾਰਡਰ ਰਾਹੀਂ ਵੀ ਲੋਕ ਸੁਣ ਲੈਂਦੇ ਹਨ, ਬਾਣੀ ਕਿਸੇ ਵਿਵਹਾਰਿਕ ਸਥਾਨ 'ਤੇ ਬੈਠ ਕੇ, ਜੇ ਸਮਾਂ ਮਿਲੇ ਤਾਂ ਪੜ੍ਹੀ ਜਾ ਸਕਦੀ ਹੈ। ਦਰਿਆ ਹੈ, ਵਗ੍ਹ ਰਿਹਾ ਹੈ - ਜਿੱਥੇ ਕੋਈ ਮਰਜ਼ੀ ਇਸ਼ਨਾਨ ਕਰ ਲੇਵੇ। ਪਰ ਉਹ ਭਲਿਆ ਲੋਕਾਂ, ਕਦੀ ਉਸ ਕਿਨਾਰੇ 'ਤੇ ਇਸ਼ਨਾਨ ਕਰ ਕੇ ਵੇਖ ਜਿਹੜਾ ਕਿਨਾਰਾ ਬਣਿਆ ਹੀ ਇਸ ਲਈ ਹੈ। ਬਸ, ਇਹੀ ਫਰਕ ਹੈ ਗੁਰਦੁਆਰੇ ਜਾ ਕੇ।

ਗੁਰਦੁਆਰੇ ਬਾਣੀ ਪੜ੍ਹਨ ਸੁਨਣ ਤੇ ਸਮਝਣ ਦਾ ਸਤਸੰਗ ਵਿੱਚ ਬੈਠ ਕੇ, ਇਸ ਬਾਣੀ ਦੇ ਦਰਿਆਓ ਲਈ ਇਕ ਕਿਨਾਰਾ ਬਣਿਆ ਹੈ ਤੇ ਬਣਾਏ ਗਏ ਹਨ। ਬਹੁਤ ਖ਼ੂਬਸੂਰਤ ਸੋਚ ਹੈ ਕਿ ਇਥੇ ਬੈਠ ਕੇ ਕੋਈ ਇਸ਼ਨਾਨ ਕਰਨ ਲੱਗੇ ਤਾਂ ਉਸਨੂੰ ਉਹ ਮਾਹੌਲ ਮਿਲੇ ਜਿਹੜਾ ਘਰ ਦੇ ਬਿਸਤਰੇ ਵਿੱਚ ਨਹੀਂ ਮਿਲ ਸਕਦਾ, 'ਕਾਰ' ਚਲਾਉਂਦਿਆਂ (Drive ਕਰਦਿਆਂ) ਨਹੀਂ ਮਿਲ ਸਕਦਾ, ਕਾਰੋਬਾਰ ਵਿੱਚ ਨਹੀਂ ਮਿਲ ਸਕਦਾ।

ਬਾਣੀ ਤਾਂ ਬਾਣੀ ਹੈ - ਉਸਦੇ ਵਿੱਚ ਕੋਈ ਅੰਤਰ ਨਹੀਂ। ਬਾਣੀ ਤਾਂ ਗੁਰੂ ਹੈ - ਇਸਦੇ ਵਿੱਚ ਵੀ ਕੋਈ ਦੋਰਾਵਾਂ ਨਹੀਂ। ਮਨੁੱਖ ਨੇ ਗੁਰਦੁਆਰੇ ਤਾਂ ਬਾਣੀ ਲਈ ਹੀ ਆਉਣਾ ਹੈ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਵੇ, ਇਥੇ ਬਾਣੀ ਨਾ ਗਾਈ ਜਾਂਦੀ ਹੋਵੇ ਤੇ ਇਸ ਨੂੰ ਗੁਰਦੁਆਰਾ ਹੀ ਕਿਸੇ ਨੇ ਨਹੀਂ ਆਖਣਾ। ਇਹ ਖ਼ੂਬਸੂਰਤ ਕਿਨਾਰਾ ਮਾਰਬਲ ਲਗਾ ਕੇ, ਪੱਥਰ ਲਗਾ ਕੇ, ਇੱਟਾਂ ਲਗਾ ਕੇ ਤੇ ਸੇਵਾ ਦੀਆਂ ਭਾਵਨਾਵਾਂ ਨਾਲ ਦਿਨ-ਰਾਤ ਸਫਾਈ ਕਰ ਕੇ ਇਸ ਤਰ੍ਹਾਂ ਰਖਿਆ ਗਿਆ ਹੈ ਕਿ ਕੋਈ ਇਸ ਕਿਨਾਰੇ 'ਤੇ ਪੈਰ ਧਰੇ, ਉਸ ਨੂੰ ਵਾਤਾਵਰਣ ਮਿਲ ਜਾਏ ਤੇ ਉਸ ਦਾ ਦਿਲ ਕਰੇ ਇਸ਼ਨਾਨ ਕਰਨ ਦਾ - ਗੁਰਦੁਆਰੇ ਇਸ ਲਈ ਬਣੇ ਹਨ।

ਗੁਰਦੁਆਰੇ ਬਣੇ ਹਨ ਬਾਣੀ ਕਰਕੇ, ਬਾਣੀ ਗੁਰਦੁਆਰਿਆਂ ਕਰਕੇ ਨਹੀਂ। ਜਿਵੇਂ ਗੰਗਾ ਕਰਕੇ ਕਿਨਾਰਾ ਬਣਿਆ ਹੈ, ਕਿਨਾਰੇ ਕਰਕੇ ਗੰਗਾ ਨਹੀਂ। ਗੰਗਾ ਦਾ ਹੀ ਤੇ ਕਿਨਾਰਾ ਹੈ, ਇਸੇ ਤਰ੍ਹਾਂ ਗੁਰੂ ਦਾ ਹੀ ਤੇ ਦੁਆਰਾ ਹੈ। ਭਾਵੇਂ ਅੱਜ-ਕਲ ਬਹੁਤੇ ਦੁਆਰੇ ਵੱਖ-ਵੱਖ ਜੱਥੇ, ਮਜ਼ਹਬ, ਧੜਿਆਂ ਅਤੇ ਪ੍ਰਬੰਧਕਾਂ ਦੇ ਹੀ ਬਣੇ ਹੋਏ ਹਨ, ਗੁਰੂ ਦੇ ਨਹੀਂ ਹਨ।

ਪਰ ਦੁਆਰਾ - ਇਹ ਇਕ ਲਫਜ਼ ਸਮਝ ਲੈਣਾ ਹੈ। ਸ਼ਬਦਾਵਲੀ ਗੁਰੂ ਘਰ ਦੀ, ਗੁਰਮਤਿ ਦੀ ਸ਼ਬਦਾਵਲੀ ਨੂੰ ਸਮਝਣਾਂ ਹੀ ਗੁਰਮਤਿ ਦੇ ਨੇੜੇ ਢੁੱਕਣਾ ਹੈ। ਇਸਦਾ ਨਾਮ ਗੁਰਦੁਆਰਾ ਹੈ, ਜਦੋਂ ਇਸਦੇ ਅਰਥ ਗੁਰੂ ਦੁਆਰਾ ਆਖ ਕੇ ਗੁਰੂ ਦੇ ਰਾਹੀਂ ਕਰਦੇ ਹਾਂ ਤਾਂ ਫਿਰ ਤਕਰੀਬਨ ਅਰਥ ਉਹੀ ਰਹਿੰਦਾ ਹੈ। ਜੇ ਗੁਰਦੁਆਰਾ ਆਖ ਦੇਈਏ, ਦੁਆਰ ਤੋਂ ਭਾਵ ਹੈ ਰਸਤਾ, ਦੁਆਰਾ ਦਰਵਾਜ਼ੇ ਨੂੰ ਕਹਿੰਦੇ ਹਨ।

ਬਸ, ਇਸ ਵਿਸ਼ੇ ਤੇ ਤੁਹਾਡੇ ਨਾਲ ਇਕ-ਦੋ ਗੱਲਾਂ ਸਾਂਝੀਆਂ ਕਰਨਾ ਚਾਹੁੰਦਾ ਹਾਂ। ਸਾਨੂੰ ਪਤਾ ਲੱਗ ਜਾਏ ਕਿ ਗੁਰਦੁਆਰਾ ਸਾਡੇ ਲਈ ਕੀ ਹੈ ? ਦੁਆਰ ਦਾ ਅਰਥ ਹੁੰਦਾ ਹੈ ਦਰਵਾਜ਼ਾ - ਘਰ ਵਿੱਚ ਪ੍ਰਵੇਸ਼ ਕਰਨ ਦਾ ਰਸਤਾ। ਘਰ ਜਿੰਨਾ ਮਰਜ਼ੀ ਖ਼ੂਬਸੂਰਤ ਹੋਵੇ, ਉਸਨੂੰ ਕੋਈ ਦਰਵਾਜ਼ਾ ਹੀ ਨਾ ਰੱਖੇ, ਕੀ ਉਸ ਘਰ ਦਾ ਕੋਈ ਲਾਭ ਹੈ ? ਜਿਸ ਘਰ ਵਿੱਚ ਕੋਈ ਪ੍ਰਵੇਸ਼ ਹੀ ਨਹੀਂ ਕਰ ਸਕਦਾ, ਜਿੱਥੇ ਆਣ-ਜਾਣ ਦਾ ਕੋਈ ਰਸਤਾ ਹੀ ਕੋਈ ਨਹੀਂ, ਉਸ ਘਰ ਦਾ ਕੀ ਫਾਇਦਾ ? ਬਲਕਿ ਦੁਆਰ ਦਾ ਧਿਆਨ ਤੇ ਆਣ-ਜਾਣ ਵਾਲੇ 'ਤੇ ਨਿਰਭਰ ਹੈ। ਲੋਕਾਂ ਨੇ ਐਵੇਂ ਹੀ ਨਹੀਂ ਕਹਾਵਤ ਬਣਾ ਦਿੱਤੀਆਂ - 'ਊਠਾਂ ਵਾਲਿਆਂ ਨਾਲ ਦੋਸਤੀ ਪਾਉਣੀ ਤੇ ਦੁਆਰ ਛੋਟਾ'। ਹਰ ਗੱਲ ਵਿੱਚ, ਕਹਾਵਤ ਵਿੱਚ ਕੋਈ ਰਾਜ਼ ਹੈ, ਕੋਈ ਰਮਜ਼ ਹੈ, ਕਿਉਂਕਿ ਪ੍ਰਵੇਸ਼ - ਕਿਸਦਾ ਪ੍ਰਵੇਸ਼ ਹੈ, ਕਿਸਨੇ ਬਾਹਰ ਆਉਣਾ ਹੈ, ਕਿਸਨੇ ਅੰਦਰ ਜਾਣਾ ਹੈ,



ਉਸਦੇ ਲਈ ਹੀ ਦਰ ਬਣਦਾ ਹੈ।

ਬਾਬਾ ਕਬੀਰ ਜੀ ਦੇ ਦੋ ਸਲੋਕਾਂ ਨੂੰ ਪੜ੍ਹ ਕੇ ਹੈਰਾਨੀ ਹੋਈ। ਕਹਿੰਦੇ -

"ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ।।
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ।।"

(ਗੁ.ਗ੍ਰੰ.ਸਾ.ਪੰਨਾ : 509)

ਮੁਕਤੀ ਦਾ ਦੁਆਰ ਛੋਟਾ ਹੈ। ਪਤਾ ਨਹੀਂ ਇਸ ਲਈ ਉਸ ਮੁਕਤੀ ਨੂੰ ਗੁਰੂ ਨੇ ਪ੍ਰਵਾਨ ਹੀ ਨਹੀਂ ਕੀਤਾ ਜਿਸਦੇ ਰਾਹ ਹੀ ਛੋਟੇ ਹੋਣ, ਰਾਈ ਦੇ ਦਾਨੇ ਦੇ ਦੱਸਵੇਂ ਹਿੱਸਾ ਜਿਤਨਾ। ਕਹਿਣ ਲਗੇ ਬੜੀ ਮੁਸ਼ਕਿਲ ਬਣ ਆਈ ਹੈ, ਬੜੀ ਪਰੇਸ਼ਾਨੀ ਹੈ - "**ਮਨੁ ਤਉ ਮੈਗਲੁ ਹੋਇ ਰਹਾ**" ਮਨ ਹਾਥੀ ਹੋ ਗਿਆ ਅਹੰਕਾਰ ਨਾਲ, ਗੌਰਵ ਨਾਲ। ਮਨ ਹਾਥੀ ਹੋਇਆ ਹੈ ਤੇ ਉਸ ਰਾਈ ਦੇ ਦੱਸਵੇਂ ਹਿੱਸੇ ਜਿਤਨੇ ਦੁਆਰ ਤੋਂ ਮਨ ਹਾਥੀ ਕਿਵੇਂ ਲੰਘੇ ? ਮੁਕਤੀ ਦੇ ਘਰ ਵਿੱਚ ਕਿਵੇਂ ਪ੍ਰਵੇਸ਼ ਕਰੇ ?

"ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ।।"

ਗੁਰੂ ਨੇ ਜੁਆਬ ਦਿੱਤਾ, ਇਹ ਜੁਆਬ ਸਮਝਣਾ। ਗੁਰੂ ਆਖਦੇ ਨੇ ਕਬੀਰ, ਤੇਰੀ ਗੱਲ ਬਿਲਕੁਲ ਠੀਕ ਹੈ, ਮਨ ਗਰਬ ਕਰ ਕੇ ਹਾਥੀ ਹੋ ਗਿਆ ਹੈ। ਕਿੰਨੀ ਕੁ ਦੁਨੀਆ ਦਰਵਾਜ਼ੇ ਅੱਗੇ ਤੜਫਦੀ ਰਹੇਗੀ, ਕਿਵੇਂ ਹਾਥੀ ਛੋਟਾ ਕਰੋਗੇ। ਕਹਿਣ ਲੱਗੇ - ਗੁਰੂ ਦਇਆਲ ਹੈ ('**ਗੁਰ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ**")

"ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ।।
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ।।"

(ਗੁ.ਗ੍ਰੰ.ਸਾ.ਪੰਨਾ : 509)

ਹਾਥੀ ਛੋਟਾ ਨਾ ਹੋਵੇ ਤਾਂ ਦੁਆਰਾ ਵੱਡਾ ਕਰ ਲੈ। ਗੁਰੂ ਕਿੰਨਾ ਤੁੱਠਦਾ ਹੈ ਦੁਨੀਆ ਤੇ। ਗੁਰੂ ਤਾਂ ਕਿਸੇ ਹਾਥੀ ਵਰਗੇ ਮਨ ਨੂੰ ਵੀ ਲੰਘਾ ਲੈਣਾ ਚਾਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਆ ਜਾ ਅੰਦਰ, ਇਕ ਵਾਰ ਮੇਰੇ ਘਰ ਆ ਸਹੀ, ਮੈਂ ਦਰਵਾਜ਼ੇ ਵੱਡੇ ਕਰ ਦਿੰਦਾ ਹਾਂ, ਤੂੰ ਫਿਰ ਪ੍ਰਵੇਸ਼ ਕਰ। ਗੁਰੂ ਦੇ ਦੁਆਰ ਵਿੱਚ ਇਹੋ ਅੰਤਰ ਹੈ। ਸਤਿਗੁਰੂ ਕਹਿੰਦੇ ਨੇ -

"ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ"

ਦੁਆਰਾ ਵੱਡਾ ਕਰ ਲੈ।

ਇਕ ਗੱਲ ਤਾਂ ਸਾਬਤ ਹੁੰਦੀ ਹੈ ਕਿ ਦੁਆਰ ਚਾਹੀਦਾ ਹੈ। ਜਿਸ ਦਾ 'ਦਰ' ਨਹੀਂ ਉਸ ਘਰ ਦਾ ਕੋਈ ਫਾਇਦਾ ਨਹੀਂ। ਇਹੋ ਕਾਰਣ ਹੈ ਕਿ ਜਦੋਂ ਰੱਬ ਦੇ ਘਰ ਵਿੱਚ ਜਾਉਣ ਦਾ ਮਸਲਾ ਆਇਆ ਤਾਂ ਪਹਿਲੇ ਨਾਂ 'ਦਰ' ਦਾ ਲਿਆ। ਇਸੇ ਲਈ ਬਾਨੀ ਦਾ ਨਾਂ 'ਸੋ ਦਰੁ' ਹੈ, ਘਰ ਦੀ ਗੱਲ ਤਾਂ ਬਾਅਦ ਵਿੱਚ ਹੈ। ਘਰ ਤਾਂ ਦਰ ਲੰਘ ਕੇ ਜਾਇਆ ਜਾਣਾ ਹੈ। ਘਰ ਜਾਨਣਾ ਤਾਂ ਪ੍ਰਵੇਸ਼ ਦੇ ਬਾਅਦ ਦੀ ਗੱਲ ਹੈ, ਪਹਿਲੇ ਤਾਂ 'ਦਰ' ਹੀ ਜਾਨਣਾ ਪਵੇਗਾ। ਇਸ ਲਈ ਗੱਲ ਭਾਵੇਂ ਘਰ ਦੀ ਹੈ ਪਰ ਸਿਰਲੇਖ (Heading) 'ਸੋ ਦਰੁ' ਹੀ ਹੈ। ਇਸੇ ਲਈ ਆਖਿਆ ਹੈ 'ਸੋ ਦਰੁ',

ਜ਼ਿਕਰ ਵੀ ਪਹਿਲੇ 'ਸੋ ਦਰੁ' ਦਾ ਆਉਂਦਾ ਹੈ :

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਾਲੇ ॥"

(ਗੁ.ਗ੍ਰੰ.ਸਾ.ਪੰਨਾ : 347)

"ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥"

(ਗੁ.ਗ੍ਰੰ.ਸਾ.ਪੰਨਾ : 877)

'ਦਰ' ਦੀ ਬੜੀ ਮਹਾਨਤਾ ਹੈ, ਦੁਆਰ ਬੜੀ ਵੱਡੀ ਗੱਲ ਹੈ। ਦੁਆਰ ਦਾ ਹੀ ਸੰਖੇਪ ਕੀਤਾ ਗਿਆ ਲਫਜ਼ 'ਦਰ' ਹੈ। ਉਹ ਘਰ ਕਿਸੇ ਲੇਖੇ ਨਹੀਂ ਜਿਸਦਾ ਕੋਈ ਦੁਆਰ ਨਹੀਂ, ਦੁਆਰ ਤਾਂ ਚਾਹੀਦਾ ਹੈ। ਸਗੋਂ ਲੋਕ ਦੁਆਰ ਖ਼ੂਬਸੂਰਤ ਬਣਾਉਂਦੇ ਹਨ ਕਿਉਂਕਿ ਸਭ ਤੋਂ ਪਹਿਲਾਂ ਤਾਂ ਦੁਆਰ ਹੀ ਦਿੱਸਣਾ ਹੈ। ਘਰ ਦੀ ਖ਼ੂਬਸੂਰਤੀ ਦਾ ਤਾਂ ਬਾਅਦ ਵਿੱਚ ਪਤਾ ਲਗਣਾ ਹੈ ਜਦੋਂ ਕਿਸੇ ਨੇ ਅੰਦਰ ਪ੍ਰਵੇਸ਼ ਕਰਨਾ ਹੈ। ਬਾਹਰੋਂ ਖਲੋਤਿਆਂ ਤਾਂ ਪਹਿਲੇ ਦੁਆਰ ਹੀ ਦਿੱਸਣਾ ਹੈ। ਦੁਆਰ ਖ਼ੂਬਸੂਰਤ ਹੀ ਹੋਣਾ ਚਾਹੀਦਾ ਹੈ। ਇਹ ਬਖਸ਼ਿਸ਼ ਸਿੰਘਾਂ 'ਤੇ ਹੀ ਹੈ, ਜਿੱਥੇ ਵੀ ਬਣਾਉਂਦੇ ਨੇ, ਦੁਆਰ - ਬੜਾ ਖ਼ੂਬਸੂਰਤ ਬਣਾਉਂਦੇ ਨੇ ਤੇ ਦੁਆਰ ਖ਼ੂਬਸੂਰਤ ਹੀ ਹੋਣਾ ਚਾਹੀਦਾ ਹੈ।

ਪਰ ਇਕ ਖਿਆਲ ਕਰਿਓ ! ਦੁਆਰ ਘਰ ਵਿੱਚ ਪ੍ਰਵੇਸ਼ ਦਾ ਸਾਧਨ ਹੈ, ਦੁਆਰ 'ਤੇ ਰੁਕਣਾ ਨਹੀਂ। ਦੁਆਰ ਵਿੱਚ ਕਦੇ ਕੋਈ ਖੜ੍ਹਾ ਨਹੀਂ ਹੁੰਦਾ। ਇਹ ਗੁਰਮਤਿ ਫਲਸਫਾ (Philosophy) ਹੈ, ਇਸ ਇਕ ਲਫਜ਼ ਨੂੰ ਖੋਲ੍ਹ ਕੇ ਸਮਝੀਏ। ਗੁਰਮਤਿ ਦਾ ਪਤਾ ਲਗ ਜਾਵੇਗਾ ਕਿ ਇਸਨੂੰ ਦਰ ਕਿਉਂ ਆਖਿਆ ਹੈ ? ਇਸ ਨੂੰ ਗੁਰਦੁਆਰਾ ਕਿਉਂ ਆਖਿਆ ਹੈ ਕਿਉਂਕਿ ਇਹ ਦੁਆਰਾ ਹੈ, ਦਰਵਾਜ਼ਾ ਹੈ, ਪ੍ਰਵੇਸ਼ ਦਾ ਸਾਧਨ ਹੈ ਤੇ ਘਰ ਅੱਗੇ ਹੈ। ਜਿਹੜਾ ਘਰ ਹੈ, ਉਸਦੇ ਵਿੱਚ ਪ੍ਰਵੇਸ਼ ਉਸ ਦਰ ਦੇ ਰਾਹੀਂ ਹੋਣਾ ਹੈ। ਜਿਹੜਾ ਮਨੁੱਖ ਦਰ 'ਤੇ ਕਦੇ ਗਿਆ ਹੀ ਨਹੀਂ ਉਸਨੇ ਘਰ ਵੀ ਕਦੇ ਨਹੀਂ ਪਹੁੰਚਣਾ।

ਪਰ ਇਹ ਕੁਝ ਹੋਣ ਦੇ ਬਾਵਜੂਦ ਇਕ ਗੱਲ ਇਸ ਤੋਂ ਅਗਲੀ ਵੀ ਸਮਝਣੀ ਹੈ। ਦਰਵਾਜ਼ੇ 'ਤੇ ਪੁੱਜ ਗਿਆ, ਦਰਵਾਜ਼ਾ ਬਹੁਤ ਖ਼ੂਬਸੂਰਤ ਹੈ, ਦਰਵਾਜ਼ਾ ਪ੍ਰਵੇਸ਼ ਦਾ ਸਾਧਨ ਹੈ ਅਤੇ ਘਰ ਅੰਦਰ ਹੈ। ਦਰ ਆਪਣੇ ਆਪ ਵਿੱਚ ਕੁਝ ਨਹੀਂ ਹੁੰਦਾ, ਕੇਵਲ ਪ੍ਰਵੇਸ਼ ਹੈ। ਕਿਸੇ ਨੂੰ ਮਿਲਣ ਜਾਈਏ ਤੇ ਦਰਵਾਜ਼ੇ ਤੋਂ ਲੰਘ ਕੇ ਹੀ ਜਾਣਾ ਪੈਣਾ ਹੈ। ਪਰ ਜੇ ਰੋਜ਼ ਦਰ ਤੋਂ ਹੋ ਕੇ ਮੁੜ ਆਈਏ ਦਰਵਾਜ਼ਾ ਵੇਖ ਕੇ, ਅੰਦਰ ਨਾ ਪ੍ਰਵੇਸ਼ ਕਰੀਏ ਤਾਂ ਕੀ ਘਰ ਦਾ ਮਾਲਕ ਮਿਲ ਪਵੇਗਾ ?

ਦਰਵਾਜ਼ੇ ਤੋਂ ਜਾ ਕੇ ਮੁੜ ਆਉਣਾ ਜਾਂ ਦਰਵਾਜ਼ੇ ਵਿੱਚ ਰੁੱਕ ਜਾਣਾ ਕੁਝ ਨਹੀਂ ਸੰਵਾਰਦਾ ਬਲਕਿ ਦਰ ਵਿੱਚ ਤਾਂ ਖੜੋਈ ਦਾ ਹੀ ਨਹੀਂ, ਅੰਦਰ ਲੰਘੀ ਦਾ ਹੈ। ਜੇ ਕੋਈ ਆਦਮੀ ਦਰਵਾਜ਼ੇ ਵਿੱਚ ਖਲੋਤਾ ਹੋਵੇ ਭਾਵੇਂ ਘਰ ਦਾ ਮਾਲਕ ਹੀ ਹੋਵੇ, ਆਖੀਦਾ ਹੈ - ਭਈ ! ਦਰਵਾਜ਼ੇ ਵਿੱਚ ਨਹੀਂ ਖਲੋਈਦਾ, ਜ਼ਰਾ ਪਾਸੇ ਹੱਟ ਜਾ। ਇਹ ਪ੍ਰਵੇਸ਼ ਦਾ ਸਾਧਨ ਹੈ - ਕੋਈ ਆਵੇਗਾ, ਕੋਈ ਜਾਵੇਗਾ ਤੇ ਕਿੱਥੋਂ ਲੰਘੇਗਾ ? ਕਿਉਂਕਿ ਦਰ ਖਲੋਣ ਦੀ ਥਾਂ ਨਹੀਂ, ਦਰ ਟਿੱਕਣ ਦੀ ਥਾਂ ਨਹੀਂ, ਦਰ ਤਾਂ ਲੰਘਣ ਦੀ ਥਾਂ ਹੈ। ਟਿੱਕਣ ਦੀ ਥਾਂ ਘਰ ਹੈ, ਟਿਕਾਅ ਘਰ ਵਿੱਚ ਹੈ।



ਦਰ ਤਾਂ ਕੇਵਲ ਘਰ ਵਿੱਚ ਪ੍ਰਵੇਸ਼ ਦਾ ਸਾਧਨ ਹੈ ਤੇ ਘਰ ਕਿਹੜਾ ਹੈ ? ਗੁਰੂ ਆਖਦੇ ਨੇ - **"ਪੋਥੀ ਪਰਮੇਸਰ ਕਾ ਥਾਨੁ"** ਘਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਤੇ ਦਰ ਹੈ ਇਹ ਗੁਰਦੁਆਰਾ। ਪਰ ਅਕਸਰ ਅਸੀਂ ਇੱਥੇ ਆ ਕੇ ਭੁੱਲ ਜਾਂਦੇ ਹਾਂ। ਸਾਨੂੰ ਵਰ੍ਹੇ ਬੀਤ ਜਾਂਦੇ ਨੇ, ਅਸੀਂ ਦਰ ਤੋਂ ਆ ਕੇ ਮੁੜ ਜਾਂਦੇ ਹਾਂ। ਅਸੀਂ ਕਹਿੰਦੇ ਹਾਂ ਗੁਰਦੁਆਰੇ ਹੋ ਆਏ ਹਾਂ, ਗੁਰੂ ਦੇ ਦਰ 'ਤੇ ਹੋ ਆਏ ਹਾਂ, ਦਰ ਤੋਂ ਭਾਵੇਂ ਕੋਈ ਰੋਜ਼ ਮੁੜ ਜਾਏ, ਕੀ ਬਣੇਗਾ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਪੜ੍ਹ ਲਓ, ਕਿੰਨੀ ਖ਼ੂਬਸੂਰਤੀ ਹੈ ਇਸ ਵਿੱਚ। ਗੁਰੂ ਸਾਹਿਬ ਦੀ ਬਾਣੀ ਦਾ ਇਕ ਲਫਜ਼ ਵਾਚੀਏ। ਇਸ ਵਿੱਚ 'ਵਰ-ਘਰ' ਲਫਜ਼ ਹੈ, ਵਰ ਦਾ ਘਰ ਤੇ ਵਰ ਕਹਿੰਦੇ ਨੇ ਮਾਲਿਕ ਨੂੰ। ਅਨੇਕਾਂ ਲਾਈਨਾਂ ਐਸੀਆਂ ਹਨ ਜਿਸ ਦਾ ਆਰੰਭ ਹੈ 'ਘਰ-ਵਰ', ਅਨੇਕਾਂ ਲਾਈਨਾਂ ਐਸੀਆਂ ਹਨ ਜਿਸ ਦਾ ਆਰੰਭ ਹੈ 'ਵਰ-ਘਰ', ਅਨੇਕਾਂ ਲਾਈਨਾਂ ਐਸੀਆਂ ਹਨ ਜਿਸ ਦਾ ਆਰੰਭ ਹੈ 'ਦਰ-ਘਰ' ਕਿਉਂਕਿ ਦਰ ਦਾ ਘਰ ਨਾਲ ਸੰਬੰਧ ਹੈ। ਪਰ ਕੋਈ ਐਸੀ ਲਾਈਨ ਨਹੀਂ ਜਿਸ ਦਾ ਆਰੰਭ ਹੋਵੇ 'ਵਰ-ਦਰ' ਜਾਂ 'ਦਰ-ਵਰ' - ਬਿਲਕੁਲ ਨਹੀਂ। ਘਰ ਨਾਲ ਦਰ ਦਾ ਸੰਬੰਧ ਹੈ, ਘਰ ਵਿੱਚ ਪ੍ਰਵੇਸ਼ ਕਰਨ ਲਈ 'ਘਰ-ਦਰ' ਅਨੇਕਾਂ ਵਾਰ ਆਇਆ ਹੈ ਤੇ 'ਦਰ-ਘਰ' ਵੀ ਆਇਆ ਹੈ। 'ਘਰ-ਵਰ' ਦਾ ਸੰਬੰਧ ਹੈ ਕਿਉਂਕਿ ਵਰ ਨੇ ਘਰ ਵਿੱਚ ਰਹਿਣਾ ਹੈ। ਇਸ ਲਈ ਅਨੇਕ ਥਾਵਾਂ 'ਤੇ 'ਵਰ-ਘਰ' ਹੈ, 'ਘਰ-ਵਰ' ਵੀ ਹੈ ਪਰ ਕਿਉਂਕਿ ਵਰ (ਮਾਲਕ) ਦਰ (ਦਰਵਾਜ਼ੇ) ਵਿੱਚ ਨਹੀਂ ਬੈਠਾ ਇਸ ਲਈ 'ਵਰ-ਦਰ' ਕਿਧਰੇ ਨਹੀਂ ਆਇਆ। ਮਤ ਕੋਈ ਭੁਲੇਖੇ ਵਿੱਚ ਰਹੇ ਕਿ ਕਿਧਰੇ ਮਾਲਿਕ ਦਰਵਾਜ਼ੇ 'ਤੇ ਹੀ ਬੈਠਾ ਹੈ, ਮਾਲਿਕ ਦਰਵਾਜ਼ੇ ਵਿੱਚ ਨਹੀਂ ਬੈਠਾ, ਉਹ ਤਾਂ ਘਰ ਵਿੱਚ ਬੈਠਾ ਹੈ।

ਬਾਣੀ ਦਾ ਕਰਤਾ ਐਸਾ ਸਿਆਣਾ ਹੈ, ਕਿੰਨੀ ਸੂਝ ਹੈ, ਕਿੰਨੀ ਫਿਲਾਸਫੀ ਹੈ ਤੇ ਇਸ ਨੂੰ ਕੋਈ ਕਾਵਿ ਰਚਨਾਂ ਜਾਂ ਕਵਿਤਾ ਵਾਂਗ ਨਾ ਸਮਝਿਆ ਕਰੋ -

"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥"

(ਗੁ.ਗ੍ਰੰ.ਸਾ.ਪੰਨਾ : 335)

ਜੇ 'ਵਰ-ਘਰ' ਲਫਜ਼ ਵਰਤ ਸਕਦੇ ਨੇ, 'ਘਰ-ਵਰ' ਲਫਜ਼ ਵਰਤ ਸਕਦੇ ਨੇ, 'ਦਰ-ਘਰ' ਲਫਜ਼ ਵਰਤ ਸਕਦੇ ਨੇ, 'ਘਰ-ਦਰ' ਲਫਜ਼ ਵਰਤ ਸਕਦੇ ਨੇ ਤਾਂ 'ਵਰ-ਦਰ' ਕਿਉਂ ਨਹੀਂ ਵਰਤਿਆ। ਕਿਉਂਕਿ ਵਰ ਦਰ 'ਤੇ ਬੈਠਾ ਹੀ ਨਹੀਂ, ਵਰ ਤਾਂ ਘਰ ਵਿੱਚ ਬੈਠਾ ਹੈ। ਹਾਂ, ਦਰ ਉਸ ਘਰ ਵਿੱਚ ਪ੍ਰਵੇਸ਼ ਕਰਨ ਦਾ ਸਾਧਨ ਹੈ। ਓਏ ਭਲਿਆ ! ਜੇ ਤੂੰ ਆਖੇ ਮੈਂ ਕੇਵਲ ਗੁਰਦੁਆਰੇ ਆ ਕੇ, ਮੱਥਾ ਟੇਕ ਕੇ ਤੁਰ ਜਾਵਾਂ ਤੇ ਦਰ ਵਿੱਚ ਤੈਨੂੰ ਰੱਬ ਮਿਲ ਜਾਏ - ਬਿਲਕੁਲ ਨਹੀਂ, ਉਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਮਿਲਦਾ ਹੈ। ਹਾਂ, ਦਰਵਾਜ਼ਾ (ਗੁਰਦੁਆਰਾ) ਬਣਿਆ ਹੀ ਇਸ ਲਈ ਹੈ ਤਾਂ ਕਿ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਵੇਸ਼ ਕਰ ਸਕੇਂ, ਇਸ ਦੇ ਅੰਦਰ ਝਾਤ ਮਾਰ ਸਕੇਂ। ਇਹ ਖ਼ੂਬਸੂਰਤ ਦਰਵਾਜ਼ਾ ਇਸੇ ਲਈ ਹੀ ਬਣਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਝਾਤੀ ਪਾਉਣ ਲਈ ਗੁਰਦੁਆਰਾ ਚਾਹੀਦਾ ਹੈ। ਪਰ ਜੇ ਕੋਈ ਉਥੇ ਝਾਤੀ ਪਾਵੇ ਹੀ ਨਾ - ਰੋਜ਼ ਆਵੇ ਤੇ ਆ ਕੇ ਮੱਥਾ ਟੇਕ ਕੇ, ਪਰਿਕਰਮਾ ਕਰ ਕੇ,

ਕੜਾਹ ਪ੍ਰਸ਼ਾਦ ਲੈ ਕੇ, ਲੰਗਰ ਛੱਕ ਕੇ ਤੁਰ ਜਾਏ ਤਾਂ ਇਹ ਐਵੇਂ ਹੀ ਹੈ ਜਿਵੇਂ ਕੋਈ ਮਨੁੱਖ ਮਿਲਣ ਤਾਂ ਆਵੇ ਘਰ ਦੇ ਮਾਲਿਕ ਨੂੰ ਪਰ ਆਵੇ ਦਰਵਾਜ਼ੇ 'ਤੇ ਹੀ, ਉਸਦੇ ਸਰਦਲ, ਤਾਕ, ਬੂਹੇ-ਬਾਰੀਆਂ ਨੂੰ ਝਾੜੇ, ਪੂੰਜੇ ਤੇ ਵਾਪਸ ਚਲੇ ਜਾਏ। ਘਰ ਦਾ ਨਜ਼ਾਰਾ ਉਸ ਮਨੁੱਖ ਨੇ ਕੀ ਵੇਖਣਾ ਹੈ ?

"ਹਰਖ ਅਨੰਤ ਸੋਗ ਨਹੀ ਬੀਆ।।
ਸੋ ਘਰੁ ਗੁਰਿ ਨਾਨਕ ਕਉ ਦੀਆ।।"

(ਗੁ.ਗ੍ਰੰ.ਸਾ.ਪੰਨਾ : 186)

ਉਹ ਗੁਰੂ ਨਾਨਕ ਦਾ ਘਰ ਹੈ, ਗੁਰੂ ਨਾਨਕ ਉਸ ਵਿੱਚ ਬੈਠਾ ਹੈ। ਗੁਰੂ ਨਾਨਕ ਦੇ ਘਰ ਵਿੱਚ ਪ੍ਰਵੇਸ਼ ਕਰਨ ਲਈ ਇਸ ਦਰ ਵਿੱਚ ਪ੍ਰਵੇਸ਼ ਕਰਨਾ ਪਵੇਗਾ। ਪਰ ਕੇਵਲ ਇਸ ਦਰ ਵਿੱਚ ਪ੍ਰਵੇਸ਼ ਤੋਂ ਬਾਅਦ ਵਾਪਸ ਚਲੇ ਜਾਏ, ਆਖੇ ਕਿ ਭਈ ਬਸ, ਗੁਰਦੁਆਰੇ ਹੋ ਆਇਆ, ਮੇਰਾ ਕੰਮ ਪੂਰਾ ਹੋ ਗਿਆ। ਸਾਡੇ ਵਿੱਚ ਬਹੁਤਾਤ ਇਹੋ ਕੁਝ ਹੋ ਰਿਹਾ ਹੈ। ਇਹੋ ਕਾਰਣ ਹੈ ਕਿ ਸਾਨੂੰ ਵਰ੍ਹੇ ਬੀਤ ਗਏ ਨੇ ਰੋਜ਼ ਗੁਰਦੁਆਰੇ ਜਾਂਦਿਆਂ ਹੋਇਆ। ਅਸੀਂ ਦਰ ਤੇ ਜਾ ਕੇ ਮੁੜ ਆਉਂਦੇ ਹਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਝਾਤੀ ਨਹੀਂ ਪਾਉਂਦੇ। ਇਹੋ ਗੱਲ ਸਤਿਗੁਰੂ ਬਾਣੀ ਵਿੱਚ ਆਖਦੇ ਨੇ :

"ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।।
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ।।"

(ਗੁ.ਗ੍ਰੰ.ਸਾ.ਪੰਨਾ : 669)

"ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ।।
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ।।"

(ਗੁ.ਗ੍ਰੰ.ਸਾ.ਪੰਨਾ : 594)

ਅਸੀਂ ਰੋਜ਼ ਦੁਆਰ 'ਤੇ ਆਉਂਦੇ ਹਾਂ, ਦੁਆਰੇ ਤੋਂ ਅੱਗੇ ਨਹੀਂ ਵੱਧ ਰਹੇ। ਅਜੇ ਤਾਂ ਅਸੀਂ ਘਰ ਵਿੱਚ ਪ੍ਰਵੇਸ਼ ਵੀ ਨਹੀਂ ਕਰ ਰਹੇ, ਅਜੇ ਘਰ ਵਿੱਚ ਝਾਤੀ ਵੀ ਨਹੀਂ ਪਾਈ ਤੇ ਘਰ ਦੇ ਮਾਲਿਕ ਨੂੰ, ਸ਼ਬਦ ਨੂੰ ਮਿਲਣਾ ਤਾਂ ਉਸ ਤੋਂ ਅਗਲੀ ਗੱਲ ਹੈ। ਭਲਿਆ ਲੋਕਾ ! ਤੈਨੂੰ ਦਰਵਾਜ਼ਾ ਦਿਖਾਇਆ ਸੀ ਤਾਂ ਕਿ ਤੂੰ ਮਾਲਿਕ ਨੂੰ ਮਿਲ ਸਕੇਂ। ਜੇ ਤੂੰ ਰੋਜ਼ ਦੁਆਰੇ 'ਤੇ ਆ ਕੇ ਮੁੜ ਜਾਵੇ ਤਾਂ ਲਾਭ ਨਹੀਂ ਹੋਣਾ, ਮਾਲਿਕ ਨਾਲ ਮਿਲਾਪ ਨਹੀਂ ਹੋਣਾ।

ਮਾਲਿਕ ਨਾਲ ਮਿਲਾਪ ਉਦੋਂ ਹੋਣਾ ਹੈ ਜਦੋਂ ਤੂੰ ਸੁਰਤਿ ਦੀ ਸ਼ਬਦ ਨਾਲ



ਗਲਵਕੜੀ ਪੁਆਏਂਗਾ। ਪ੍ਰਭੂ ਨੇ ਪ੍ਰਕਾਸ਼ ਅੰਦਰ ਉਦੋਂ ਕਰਨਾ ਹੈ, ਗਿਆਨ ਉਦੋਂ ਹੋਣਾ ਹੈ ਜਦੋਂ ਸ਼ਬਦ ਨਾਲ ਸੁਰਤਿ ਦੀ ਗੱਲਵਕੜੀ ਪੁਆਏਂਗਾ, ਮੇਲ ਕਰਾਏਂਗਾ। ਖ਼ੁਸ਼ਕਿਸਮਤ ਹੈ, ਭਾਗਾਂ ਵਾਲਾ ਹੈ ਜੋ ਇਹ ਦੁਆਰ ਮਿਲਿਆ ਹੈ, ਐਸਾ ਸਾਧਨ ਮਿਲਿਆ ਹੈ, ਦੁਆਰ ਮਿਲਿਆ ਹੈ ਤਾਂ ਜੋ ਇਸ ਦੁਆਰ ਵਿੱਚ ਪ੍ਰਵੇਸ਼ ਕਰ ਕੇ ਘਰ ਵੱਲ ਜਾ ਸਕੇਂ।


ਬਸ ! ਦਰ ਨੂੰ ਤੇ ਘਰ ਨੂੰ ਇਉਂ ਸਮਝਣਾ ਹੈ। ਗੁਰਦੁਆਰੇ ਦੇ ਰੂਪ ਨੂੰ ਜਾਣਨਾ ਹੈ ਕਿਉਂਕਿ ਗੁਰਦੁਆਰਾ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਜਿਨ੍ਹਾਂ ਨੂੰ 'ਦਰ' ਹੀ ਨਹੀਂ ਮਿਲਿਆ, ਉਨ੍ਹਾਂ ਨੇ 'ਘਰ' ਵਿੱਚ ਕੀ ਜਾਣਾ ਹੈ। ਪਰ ਦਰ 'ਤੇ ਹੀ ਨਾ ਖਲੋਅ ਜਾਇਓ, ਘਰ ਵਿੱਚ ਪਹੁੰਚਿਓ। ਕੇਵਲ ਘਰ 'ਤੇ ਵੀ ਨਾ ਖਲੋਅ ਜਾਇਓ, ਸ਼ਬਦ ਤੇ ਪਹੁੰਚਿਓ ਤਾਂ ਜੋ ਸ਼ਬਦ ਵਿੱਚ ਕੋਈ ਪ੍ਰਕਾਸ਼ ਰੂਪ, ਗਿਆਨ ਰੂਪ ਪ੍ਰਮਾਤਮਾ ਮਿਲ ਸਕੇ।

ਪਹਿਲੇ ਦਰ 'ਤੇ ਜਾਣਾ ਇਹ ਤਰਤੀਬ ਹੈ। ਪਰ ਦਰ 'ਤੇ ਰੁਕਣਾ ਨਹੀਂ ਹੈ, ਘਰ ਤਕ ਪਹੁੰਚਣਾ ਹੈ। ਫਿਰ ਮਾਲਿਕ ਨਾਲ ਗਲਵਕੜੀ ਪਾਉਣੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਘਰ ਹੈ, 'ਗੁਰ-ਦੁਆਰ' ਦਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਜਿਹੜਾ ਸ਼ਬਦ ਹੈ, ਜਦੋਂ ਉਸਦਾ ਦਰਵਾਜ਼ਾ ਖੁਲ੍ਹਦਾ ਹੈ ਤਾਂ ਫਿਰ ਮਾਲਿਕ ਮਿਲਦਾ ਹੈ ਜਿਸਨੂੰ ਗਿਆਨ ਆਖਦੇ ਹਨ। ਰੱਬ ਕੇਵਲ ਗਿਆਨ ਹੈ, ਜੋਤ ਹੈ, ਰੋਸ਼ਨੀ ਹੈ। ਇਉਂ ਗੁਰਦੁਆਰੇ ਅਤੇ ਗੁਰੂ ਰਾਹੀਂ "**ਜੋਤੀ ਜੋਤ ਰਲੀ ਸੰਪੂਰਨ ਥੀਆ**" ਤਕ ਦਾ ਸਫਰ ਸੰਪੂਰਨ ਹੁੰਦਾ ਹੈ।

ਉਜਾਰੋ ਦੀਪਾ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ

“ਇਹੁ ਸਰੀਰੁ ਸਭੁ ਧਰਮੁ ਹੈ”

ਧਰਮੁ ਅਤੇ ਸਰੀਰ

ਆਪਣੇ ਸਰੀਰ ਦੀ ਕਾਰਜ ਪ੍ਰਣਾਲੀ ਨੂੰ
ਸਮਝਦਿਆਂ ਜਾਣੀਏ ਕਿ ਧਰਮ ਕੀ ਹੈ?

ਇਹੁ ਸਰੀਰੁ ਸਭੁ ਧਰਮੁ ਹੈ

ਗੁਰੂ ਰਾਮ ਦਾਸ ਜੀ ਬਾਣੀ ਵਿੱਚ ਮਨੁੱਖੀ ਸਰੀਰ ਬਾਰੇ ਫਰਮਾਉਂਦੇ ਹਨ ਕਿ :

"ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥"

(ਗੁ.ਗ੍ਰੰ.ਸਾ.ਪੰਨਾ : 309)

ਕੀ ਇਹ ਸਰੀਰ ਧਰਮ ਹੈ ?

ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਨੇਕਾਂ ਵਾਰ ਇਸ ਸਰੀਰ ਨੂੰ ਇਹ ਵੀ ਆਖਿਆ ਹੈ ਕਿ ਇਹ ਸਰੀਰ ਜਜਰੀ ਹੈ, ਇਹ ਸਰੀਰ ਝੂਠ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਵੀ ਬਾਣੀ ਵਿੱਚ ਆਖਦੇ ਹਨ :

"ਸਾਧੋ ਇਹੁ ਤਨੁ ਮਿਥਿਆ ਜਾਨਉ॥"

(ਗੁ.ਗ੍ਰੰ.ਸਾ.ਪੰਨਾ : 1186)

ਇਹਦੀ ਬਣਤਰ ਕਿੱਥੋਂ ਹੈ ? ਬਾਣੀ 'ਚ ਇਹ ਵੀ ਆਖ ਦਿੱਤਾ -

"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾਂੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥"

(ਗੁ.ਗ੍ਰੰ.ਸਾ.ਪੰਨਾ : 659)



ਸਰੀਰ ਕੀ ਹੈ ? ਬਾਬਾ ਕਬੀਰ ਜੀ ਨੇ ਵੀ ਆਖਿਆ :

"ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥"

(ਗੁ.ਗ੍ਰੰ.ਸਾ.ਪੰਨਾ : 1374)

ਥੋੜ੍ਹੀ ਜਿਹੀ ਮਿੱਟੀ ਇਕੱਠੀ ਕੀਤੀ, ਬਨਾਉਣ ਵਾਲੇ ਨੇ ਇਸ ਮਿੱਟੀ ਦਾ ਪੁਤਲਾ ਬਣਾ ਦਿੱਤਾ ਤੇ ਇੰਨਾ ਕੱਚਾ ਬਣਾਇਆ ਕਿ :

"ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥"

(ਗੁ.ਗ੍ਰੰ.ਸਾ.ਪੰਨਾ : 1253)

ਗੁਰਬਾਣੀ ਐਸੀ ਫਿਲਾਸਫੀ ਹੈ ਕਿ ਜੇ ਹਰ ਪਹਿਲੂ ਨਾ ਜਾਚੀਏ ਤਾਂ ਕਈ ਵਾਰ ਭਰਮ ਪੈਦਾ ਹੋ ਜਾਂਦਾ ਹੈ - ਐਨਾ ਕੱਚਾ ਭਾਂਡਾ ਤੇ ਨਾਲ ਹੀ ਇਹ ਵੀ ਆਖ ਦਿੱਤਾ ਕਿ

"ਗੁਹਜ ਰਤਨ ਵਿਚਿ ਲੁਕਿ ਰਹੇ..."

ਕੀ ਰਤਨਾਂ ਵਰਗੀ ਕੀਮਤੀ ਚੀਜ਼ ਕਿਸੇ ਕੱਚੇ ਭਾਂਡੇ ਵਿੱਚ ਰੱਖਣੀ ਸੀ ? ਜਿਨ੍ਹਾਂ ਕੋਲ ਕੀਮਤੀ ਖ਼ਜ਼ਾਨੇ ਹੋਣ, ਉਹ ਤਾਂ ਸਟ੍ਰਾਂਗ ਰੂਮ (strong-room) ਬਣਾਉਂਦੇ ਨੇ, ਤਿਜ਼ੋਰੀਆਂ (lockers) ਬਣਾਉਂਦੇ ਨੇ ਅਤੇ ਦੋ-ਚਾਰ ਤਾਲੇ ਲਗਾਉਂਦੇ ਨੇ। ਗੁਰੂ ਕਹਿੰਦੇ ਨੇ - ਬੜੀ ਅਜੀਬ ਗੱਲ ਹੈ, ਰੱਬ ਨੇ ਗੁਣਾਂ ਦੇ ਕੀਮਤੀ ਰਤਨ ਇਸ ਕੱਚੇ ਭਾਂਡੇ ਵਿੱਚ ਵੀ ਰੱਖ ਦਿੱਤੇ।

ਸਰੀਰ ਜਜਰੀ ਵੀ ਹੈ, ਸਰੀਰ ਧਰਮ ਵੀ ਹੈ। ਜੇ ਇਹ ਸਰੀਰ ਧਰਮ ਹੈ ਤੇ ਧਰਮ ਤਾਂ ਸੱਚ ਹੁੰਦਾ ਹੈ, ਕਦੇ ਮਿਥਿਆ ਨਹੀਂ ਹੁੰਦਾ ਪਰ **"ਸਾਧੋ ਇਹੁ ਤਨੁ ਮਿਥਿਆ ਜਾਨਉ"** - ਇਹ ਸਰੀਰ ਮਿਥਿਆ ਹੈ। ਨਾਲ ਹੀ ਇਹ ਵੀ ਆਖ ਰਹੇ ਨੇ - **"ਇਹੁ ਸਰੀਰੁ ਸਭੁ ਧਰਮੁ ਹੈ"**। ਇਹ ਸੋਚਣਾ ਪਵੇਗਾ ਅਤੇ ਗੁਰੂ ਕੋਲੋਂ ਪੁੱਛਣਾ ਪਵੇਗਾ। ਗੁਰੂ ਨੇ ਅਨੇਕਾਂ ਥਾਵਾਂ ਤੇ ਬੈਠ ਕੇ ਭਰਮ ਦੂਰ ਕਰਨੇ ਨੇ, ਜੇ ਨਾ ਪੁੱਛਿਆ ਤਾਂ ਭਰਮ ਰਹਿ ਜਾਣੇ ਹਨ। ਇਸੇ ਲਈ ਗੁਰੂ ਨੇ ਆਖ ਦਿੱਤਾ, ਕਹਿਣ ਲੱਗੇ **"ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ"** - ਜਦੋਂ ਵੀ ਕੋਈ ਵਿਚਾਰ ਲਿਖਣਾ-ਪੜ੍ਹਨਾ ਹੋਵੇ, ਗੁਰੂ ਕੋਲੋਂ ਪੁੱਛ ਲਿਆ ਕਰੋ, ਮਤ ਕੋਈ ਭਰਮ ਪੈ ਜਾਵੇ **"ਭਾਉ ਕਲਮ ਕਰ ਚਿਤ ਲਿਖਾਰੀ ਗੁਰ ਪੁਛ ਲਿਖ ਬੀਚਾਰ"**।

ਆਖਿਰ ਰੱਬ ਨੇ ਸਰੀਰ ਬਣਾਇਆ ਹੈ ਤੇ ਇਹ ਕੋਈ ਮਾਮੂਲੀ ਚੀਜ਼ ਤਾਂ ਨਹੀਂ ਹੋ ਸਕਦਾ। ਇਹ ਉਹ ਸਰੀਰ, ਜਿਸ ਵਿੱਚ 'ਜੋਤ' ਰਹਿ ਰਹੀ ਹੈ ਰੱਬ ਦੀ, ਤੇ ਰੱਬ ਦੀ ਜੋਤ ਤਾਂ ਧਰਮ ਦੇ ਘਰ ਵਿੱਚ ਹੀ ਰਹਿੰਦੀ ਹੈ। ਇਸ ਲਈ ਜਦੋਂ ਰੱਬ ਲਈ ਘਰ ਬਣਾਉਣ ਦਾ ਮਸਲਾ ਆਇਆ, ਗੁਰੂ ਨੇ ਆਵਾਜ਼ ਦੇ ਕੇ ਆਖਿਆ, ਕਹਿਣ ਲੱਗੇ -

"ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ॥
ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ॥"

(ਗੁ.ਗ੍ਰੰ.ਸਾ.ਪੰਨਾ : 320)

ਧਰਮ ਦਾ ਘਰ ਹੈ ਜਿੱਥੇ ਰੱਬ ਰਹਿੰਦਾ ਹੈ। ਤੇ ਇੱਕ ਪਾਸੇ ਇਹ ਵੀ ਕਹਿੰਦੇ ਨੇ -

"ਸਭ ਮਹਿ ਜੋਤਿ ਜੋਤਿ ਹੈ ਸੋਇ..."

ਰੱਬ ਨੇ ਸਾਰੇ ਸਰੀਰਾਂ ਨੂੰ ਆਪਣਾ ਘਰ ਬਣਾ ਲਿਆ ਹੈ। ਜੇ ਸਰੀਰ ਸਚਮੁਚ ਰੱਬ ਦਾ ਘਰ ਹੈ, ਇਹਦੇ ਵਿੱਚ ਰੱਬ ਰਹਿੰਦਾ ਹੈ ਤੇ ਫਿਰ ਆਖਰ ਇਹ ਸਰੀਰ ਕੋਈ ਮਾਮੂਲੀ ਚੀਜ਼ ਤਾਂ ਹੋ ਨਹੀਂ ਸਕਦਾ। ਇਹ ਜਰੂਰ ਹੀ ਧਰਮ ਹੋਵੇਗਾ। ਰੱਬ ਐਵੇਂ ਹੀ ਉਥੇ ਥੋੜ੍ਹਾ ਰਹੇਗਾ ਜਿੱਥੇ ਧਰਮ ਨਾ ਹੋਵੇ।

ਅਸੀਂ ਧਰਮ ਅਸਥਾਨ ਕਿਉਂ ਬਣਾਉਂਦੇ ਹਾਂ ? ਤੇ ਜਦੋਂ ਧਰਮ-ਸਥਾਨ ਬਣਾਉਂਦੇ ਹਾਂ ਤਾਂ ਮਨ ਵਿੱਚ ਇਹ ਹੀ ਖਿਆਲ ਹੁੰਦਾ ਹੈ ਕਿ ਇਹ ਰੱਬ ਦਾ ਘਰ ਹੈ। ਗੱਲ ਬਿਲਕੁਲ ਠੀਕ ਹੈ ਕਿ ਧਰਮ-ਸਥਾਨ ਹੀ ਰੱਬ ਦਾ ਘਰ ਹੋ ਸਕਦਾ ਹੈ। ਜਿੱਥੇ ਅਧਰਮ ਹੈ, ਜਿੱਥੇ ਪਾਪ ਹੈ, ਉਹ ਰੱਬ ਦਾ ਘਰ ਨਹੀਂ ਹੋ ਸਕਦਾ। ਤੇ ਜੇ ਸਰੀਰ ਧਰਮ ਹੈ ਤਾਂ ਹੀ ਰੱਬ ਇਸ 'ਚ ਰਹੇਗਾ। ਤੇ ਜਿੱਥੇ ਜੋਤ ਰਹੇਗੀ, ਓਥੇ ਗੁਣਾਂ ਦੇ ਰਤਨ ਰਹਿਣਗੇ ਤਾਂ ਫਿਰ ਸੋਚਣਾ ਪਵੇਗਾ ਕਿ ਆਖਰ ਇਹ ਸਰੀਰ ਜਿਹੜਾ ਹੱਡ-ਚੰਮ ਦਾ ਬਣਿਆ ਹੋਇਆ ਹੈ, ਜਿਸ ਨੂੰ ਅਸੀਂ ਹੁਣ ਤਕ ਖਾਕ ਹੀ ਆਖਦੇ ਰਹੇ ਹਾਂ, ਜਿਸ ਨੂੰ ਅਸੀਂ ਹੁਣ ਤਕ ਜੜ ਹੀ ਆਖਦੇ ਰਹੇ ਹਾਂ, ਜਜਰੀ ਹੀ ਕਹਿੰਦੇ ਰਹੇ ਹਾਂ, ਮਿੱਟੀ ਦਾ ਪੁਤਲਾ ਆਖਦੇ ਰਹੇ ਹਾਂ, ਆਖਰ ਇਸ ਤਨ ਵਿੱਚ ਕੀ ਹੈ ? ਇਸ ਦੀ ਕਹਾਣੀ ਕੀ ਹੈ ?

"ਕੋ ਜਾਰੇ ਕੋ ਗਡਿ ਲੇ ਮਾਟੀ।।"

(ਗੁ.ਗ੍ਰੰ.ਸਾ.ਪੰਨਾ : 329)

ਕੋਈ ਇਸ ਸਰੀਰ ਨੂੰ ਜਲਾ ਦਿੰਦਾ ਹੈ, ਕੋਈ ਇਹਨੂੰ ਮਿੱਟੀ ਵਿੱਚ ਦਫਨਾ ਦਿੰਦਾ ਹੈ, ਕਬਰ ਵਿੱਚ ਪਾ ਦਿੰਦਾ ਹੈ - ਬਸ, ਇਹੋ ਕਹਾਣੀ ਹੈ ਇਸ ਸਰੀਰ ਦੀ।

ਪਰ ਗੁਰੂ ਨੇ ਇੱਥੇ ਖਿਆਲ ਦੇ ਦਿੱਤਾ ਹੈ - **"ਇਹੁ ਸਰੀਰੁ ਸਭੁ ਧਰਮੁ ਹੈ"** - ਸਰੀਰ ਤਾਂ ਮਿੱਟੀ ਦਾ ਪੁਤਲਾ ਹੀ ਹੈ ਪਰ ਇਸਦੇ ਵਿੱਚ ਜਿਹੜੀ ਤਰਤੀਬ ਹੈ, ਜਿਹੜੀ ਜੁਗਤੀ ਹੈ, ਉਹੀ ਧਰਮ ਹੈ। ਧਰਮ ਦਾ ਅੱਖਰੀ ਅਰਥ ਹੀ ਜੁਗਤ ਹੈ। ਜੀਵਨ ਜੁਗਤ ਨੂੰ, ਚੰਗੀ ਨੇਕ ਜੀਵਨ ਜੁਗਤ ਨੂੰ ਧਰਮ ਆਖਦੇ ਹਨ। ਜਦੋਂ ਉਹ ਨੇਕ ਤੇ ਚੰਗੀ ਜੀਵਨ ਜੁਗਤ ਮਨੁੱਖ ਅਪਣਾ ਲੈਂਦਾ ਹੈ, ਐਸੇ ਮਨੁੱਖ ਨੂੰ ਧਰਮੀ ਆਖਦੇ ਹਨ, ਇਹੀ ਫਰਕ ਹੈ। ਜੀਵਨ ਜੁਗਤ ਦਾ ਨਾਂ ਧਰਮ ਹੈ।

ਇਕ ਖਿਆਲ ਕਰਿਓ, ਸਰੀਰ ਤਾਂ ਮਿੱਟੀ ਦਾ ਪੁਤਲਾ ਹੀ ਹੈ ਪਰ ਧਰਮ ਇਸਦੇ ਵਿੱਚ ਜੁਗਤ ਬਣ ਬੈਠਾ ਹੈ। ਇਕ ਉਦਾਹਰਣ ਲਈਏ - ਸੁਆਨ ਤਾਂ ਸੁਆਨ ਹੀ ਹੈ, ਕੂਕਰ ਹੈ, ਕੁੱਤਾ ਹੈ। ਪਰ ਕਿੰਨੀ ਅਜੀਬ ਗੱਲ ਹੈ ਕਿ ਉਹਦੇ ਵਿੱਚ ਜਿਹੜੀ ਜੀਵਨ ਜੁਗਤੀ ਬੈਠੀ ਹੈ, ਉਹ ਹੈ ਆਪਣੇ ਮਾਲਕ ਦੀ ਵਫਾਦਾਰੀ। ਉਹਦੇ ਜੀਵਨ ਵਿੱਚ ਜਿਹੜੀ ਜੁਗਤੀ ਸਮਾ ਗਈ ਹੈ ਉਹ ਹੈ ਮਾਲਕ ਦਾ ਅਹਿਸਾਨਮੰਦ ਹੋਣਾ, ਅਕ੍ਰਿਤਘਣ ਨਾ ਹੋਣਾ, ਖਸਮ ਦਾ ਬਣ ਕੇ ਰਹਿਣਾ। ਤੇ ਇਹੀ ਤਾਂ ਭਗਤੀ ਹੈ। ਭਗਤੀ ਦੀ ਵੀ ਇਹੋ ਪਰਿਭਾਸ਼ਾ ਹੈ। ਇਹੋ ਕਾਰਣ ਹੈ ਗੁਰੂ ਨੂੰ ਸੰਸਾਰ ਦੇ ਲੋਕਾਂ ਨੂੰ ਭਗਤੀ ਸਿਖਾਉਣ ਵਾਸਤੇ ਸੁਆਨ ਦਾ ਸੰਬੋਧਨ ਕਰਨਾ ਪਿਆ ਅਤੇ ਉਦਾਹਰਣ ਦੇਣੀ ਪਈ :

"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ।।



ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ।।"

(ਗੁ.ਗ੍ਰੰ.ਸਾ.ਪੰਨਾ :1428)

ਸੁਆਨ ਭਗਤੀ ਤੇ ਹੈ ਨਹੀਂ ਪਰ ਉਹਦੇ ਅੰਦਰ ਜਿਹੜੀ ਜੁਗਤੀ ਬੈਠੀ ਹੈ - ਮਾਲਕ ਦਾ ਵਫਾਦਾਰ ਹੋਣਾ - ਇਹ ਭਗਤੀ ਹੈ। ਇਸੀ ਭਗਤੀ ਨੂੰ ਸਿਖਣ ਲਈ ਸੁਰਤ ਨੂੰ ਸੁਆਨ ਕੋਲੋਂ ਕੁਝ ਪੁੱਛਣਾ ਪੈਣਾ ਹੈ, ਸੁਆਨ ਕੋਲ ਜਾਣਾ ਪੈਣਾ ਹੈ।

ਇਸੇ ਤਰ੍ਹਾਂ ਸਰੀਰ ਮਿੱਟੀ ਹੈ, ਇਹਦੇ ਵਿੱਚ ਕੋਈ ਦੋ-ਰਾਵਾਂ ਨਹੀਂ। ਸਰੀਰ ਸੱਚਮੁੱਚ ਮਿੱਟੀ ਦਾ ਪੁਤਲਾ ਹੈ, ਇਹ ਜਜਰੀ ਹੈ, ਇਸਨੇ ਹਮੇਸ਼ਾਂ ਨਾਲ ਨਹੀਂ ਰਹਿਣਾ -

"ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।।"

(ਗੁ.ਗ੍ਰੰ.ਸਾ.ਪੰਨਾ : 726)

ਪਰ ਮਿੱਟੀ ਹੁੰਦਿਆਂ ਹੋਇਆ ਜਿਹੜੀ ਉਹਦੇ ਅੰਦਰ ਜੁਗਤ ਹੈ - ਉਹ ਧਰਮ ਹੈ। ਇਹ ਸਰੀਰ ਕਿਵੇਂ ਧਰਮ ਹੈ - ਇਸ ਨੂੰ ਜਾਨਣ ਲਈ ਪਹਿਲਾਂ ਸਾਨੂੰ ਇਹ ਫੈਸਲਾ ਕਰਨਾ ਹੋਏਗਾ ਕਿ ਧਰਮ ਕੀ ਹੈ ? ਧਰਮ ਹੈ ਜੀਵਨ ਨੂੰ ਤਰਤੀਬ ਦੇਣਾ, ਸਜਾਉਣਾ। ਚੰਗੀ ਨੇਕ ਜੁਗਤੀ ਦਾ ਨਾਂ ਧਰਮ ਹੈ।

ਇਥੇ ਗੁਰੂ ਤੇ ਰੱਬ ਦਾ ਜਿਹੜਾ ਸੂਖਮ ਭੇਦ ਹੈ, ਇਹ ਵੀ ਸਮਝਣਾ ਹੈ। ਰੱਬ ਚੀਜ਼ਾਂ ਬਣਾਉਂਦਾ ਹੈ, ਸਜਾਉਂਦਾ ਨਹੀਂ। ਉਸਨੇ ਦਰਖਤ ਬਣਾ ਦਿੱਤੇ, ਬੂਟੇ ਬਣਾ ਦਿੱਤੇ ਪਰ ਬਣਾ ਕੇ ਉਨ੍ਹਾਂ ਨੂੰ ਤਰਤੀਬ ਨਹੀਂ ਦਿੱਤੀ ਤੇ ਉਹ ਇੱਕ ਜੰਗਲ ਬਣ ਗਏ। ਜੰਗਲ ਤੋਂ ਲੋਕ ਡਰਨ ਲੱਗ ਪਏ ਤੇ ਰਾਹ ਬਦਲ ਗਏ। ਹੁਣ ਉਸ ਰੱਬ ਦੇ ਬਣਾਏ ਹੋਏ ਬੂਟਿਆਂ ਨੂੰ ਤਰਤੀਬ ਦੇਣ ਵਾਸਤੇ ਜੁਗਤੀ ਵਾਲਾ ਇੱਕ ਮਾਲੀ ਰੱਖ ਦਿੱਤਾ ਗਿਆ। ਬੂਟੇ ਉਹੀ ਨੇ ਜਿਹੜੇ ਰੱਬ ਨੇ ਪੈਦਾ ਕੀਤੇ ਸਨ। ਬੂਟੇ ਜੰਗਲ ਵਿੱਚ ਵੀ ਸਨ, ਵੱਡੇ ਬੂਟੇ ਦੇ ਥੱਲੇ ਛੋਟਾ ਬੂਟਾ ਮਰ ਰਿਹਾ ਸੀ, ਕਿੰਨੇ ਮਰ ਗਏ ਤੇ ਕਿੰਨੇ ਪੈਦਾ ਹੋ ਗਏ, ਕੋਈ ਗਿਣਤੀ ਨਹੀਂ। ਪਰ ਮਾਲੀ ਨੇ ਰੱਬ ਦੇ ਬਣਾਏ ਹੋਏ ਬੂਟਿਆਂ ਨੂੰ ਇੱਕ ਤਰਤੀਬ ਦੇ ਦਿੱਤੀ। ਹੁਣ ਉਹ ਜੰਗਲ ਨਹੀਂ ਰਿਹਾ ਬਲਕਿ ਇੱਕ ਬਾਗ਼ ਬਣ ਗਿਆ। ਤੇ ਬਾਗ਼ਾਂ ਨੂੰ ਲੋਕ ਖ਼ੂਬਸੂਰਤੀ ਦਾ ਪ੍ਰਤੀਕ ਮੰਨਦੇ ਹਨ, ਉਸ ਵਿੱਚ ਸੈਰ ਕਰਨ ਜਾਂਦੇ ਹਨ ਪਰ ਜੰਗਲ ਤੋਂ ਘਬਰਾਉਂਦੇ ਹਨ। ਲੋਕ ਉਹ ਰਾਹ ਛਡ ਜਾਂਦੇ ਹਨ (ਜਿਨ੍ਹਾਂ ਰਾਹਾਂ 'ਚ ਜੰਗਲ ਪੈਂਦਾ ਹੋਵੇ) ਪਰ ਬਾਗ਼ ਵਿੱਚ ਦੋ-ਚਾਰ ਮੀਲ ਦਾ ਵਖਵਾ ਤੈਅ ਕਰਕੇ ਵੀ ਜਾਣਾ ਪਏ ਤਾਂ ਆਖਦੇ ਨੇ ਕਿ ਨਜ਼ਦੀਕ, ਇੱਕ ਬੜਾ ਖ਼ੂਬਸੂਰਤ ਬਗ਼ੀਚਾ ਹੈ, ਉਹਨੂੰ ਵੇਖ ਚਲੀਏ। ਕਿਉਂ ? ਕਿਉਂਕਿ ਉਹਦੇ ਵਿੱਚ ਕੇਵਲ ਬਣਾਈ ਹੋਈ ਚੀਜ਼ ਨਹੀਂ, ਸਜਾਈ ਹੋਈ ਚੀਜ਼ ਵੀ ਹੈ।

ਰੱਬ ਮਨੁੱਖ ਬਣਾਉਂਦਾ ਹੈ, ਸਜਾਉਂਦਾ ਬਿਲਕੁਲ ਨਹੀਂ। ਰੱਬ ਨੇ ਮਨੁੱਖ ਬਣਾਇਆ ਹੈ - ਡਾਕਟਰ ਨਹੀਂ ਬਣਾਇਆ, ਡਾਕੂ ਨਹੀਂ ਬਣਾਇਆ, ਦੇਵਤਾ ਨਹੀਂ ਬਣਾਇਆ, ਸਿੱਖ ਨਹੀਂ ਬਣਾਇਆ। ਉਹੋ ਹੀ ਮਨੁੱਖ ਜੇ ਮੈਡੀਕਲ ਕਾਲਜ 'ਚ ਪੜ੍ਹਨਾ ਸ਼ੁਰੂ ਕਰ ਦੇਵੇ, ਆਪਣਾ ਵਿਸ਼ਾ ਮੈਡੀਕਲ ਰਖ ਲਵੇ, ਉਹ ਡਾਕਟਰ ਬਣ ਜਾਂਦਾ ਹੈ। ਮਨੁੱਖ ਉਹੋ ਹੀ ਹੈ ਜੇ ਉਸ ਨੂੰ ਕਿਸੇ ਡਾਕੂ ਦੀ ਸੰਗਤ ਮਿਲ ਗਈ ਤਾਂ ਡਾਕੂ ਬਣ ਗਿਆ ਤੇ ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਗਤ

'ਚ ਆ ਗਿਆ ਤਾਂ ਸਿੱਖ ਬਣ ਗਿਆ। ਜੇ ਨਾ ਆਇਆ ਤੇ ਨਾ ਬਣਿਆ।

ਰੱਬ ਨੇ ਮਨੁੱਖ ਬਣਾਇਆ ਸੀ। ਉਸ ਮਨੁੱਖ ਦੇ ਬਣਨ ਤੋਂ ਬਾਅਦ ਜ਼ਿੰਦਗੀ ਦੀ ਤਰਤੀਬ ਬਾਅਦ ਵਿੱਚ ਸ਼ੁਰੂ ਹੋਈ। ਉਹਨੇ ਕੀ ਬਣਨਾ ਹੈ, ਕਿਹੋ ਜਿਹਾ ਖ਼ੂਬਸੂਰਤ ਬਣਨਾ ਹੈ, ਇਹ ਉਹਦੀ ਆਪਣੀ ਮਰਜ਼ੀ 'ਤੇ ਨਿਰਭਰ ਹੈ। ਉਹਨੂੰ ਉਹਦੇ ਕੋਲ ਜਾਣਾ ਪਵੇਗਾ ਜਿਹੋ ਜਿਹਾ ਉਹ ਬਣਨਾ ਚਾਹੁੰਦਾ ਹੈ। ਜੇ ਸਿੱਖ ਬਣਨਾ ਚਾਹੁੰਦਾ ਹੈ ਤਾਂ ਗੁਰੂ ਕੋਲ ਆਉਣਾ ਪਵੇਗਾ, ਰੱਬ ਨੇ ਤਾਂ ਕੇਵਲ ਮਨੁੱਖ ਬਣਾਇਆ ਹੈ। ਰੱਬ ਬਣਾਉਂਦਾ ਹੈ, ਸਜਾਉਂਦਾ ਨਹੀਂ ਤੇ ਗੁਰੂ ਉਸਨੂੰ ਸਜਾਉਂਦਾ ਹੈ। ਪਰ ਗੁਰੂ ਦਾ ਸਾਡੇ ਨਾਲ ਰਿਸ਼ਤਾ ਕੀ ਹੈ ? ਬਣਾਉਣ ਵਾਲਾ ਇੱਕ ਦਿਨ ਚੀਜ਼ ਬਣਾਉਂਦਾ ਹੈ ਪਰ ਸਜਾਉਣ ਵਾਲਾ ਰੋਜ਼ ਸਜਾਉਂਦਾ ਹੈ। ਬਣਾਉਣ ਵਾਲੇ ਦਾ ਐਨਾ ਕੰਮ (function) ਨਹੀਂ ਹੁੰਦਾ ਜਿੰਨਾ ਸਜਾਉਣ ਵਾਲੇ ਦਾ ਹੁੰਦਾ ਹੈ। ਇਸੇ ਲਈ ਸਾਡੀ ਜ਼ਿੰਦਗੀ ਵਿੱਚ ਗੁਰੂ ਦਾ function ਜ਼ਿਆਦਾ ਹੈ। ਇਸੇ ਤਰ੍ਹਾਂ ਜਿਵੇਂ ਤੁਸੀਂ ਮਕਾਨ ਇੱਕ ਵਾਰ ਬਣਾਉਂਦੇ ਹੋ ਪਰ ਸਾਰੀ ਜ਼ਿੰਦਗੀ ਸਜਾਉਂਦੇ ਰਹਿੰਦੇ ਹੋ। ਹਰ ਰੋਜ਼ ਸਵੇਰੇ ਉੱਠਦੇ ਹੋ, ਕਲ ਜਿੰਨੀ ਵੀ ਧੂੜ ਪਈ ਸੀ ਉਸਨੂੰ ਝਾੜਦੇ ਹੋ। ਕਲ ਜਿਹੜੀ ਚੀਜ਼ ਕਿਸੇ ਟਿਕਾਣੇ ਰਖੀ ਸੀ, ਸ਼ਾਮ ਤਕ ਉਸ ਟਿਕਾਣੇ 'ਤੇ ਨਹੀਂ ਰਹਿੰਦੀ, ਦੂਜੇ ਦਿਨ ਫੇਰ ਉਸ ਨੂੰ ਤਰਤੀਬ ਦਿੰਦੇ ਹੋ, ਕਿਹੜੀ ਚੀਜ਼ ਕਿੱਥੇ ਖ਼ੂਬਸੂਰਤ ਲਗਦੀ ਹੈ, ਉਥੇ ਰਖਦੇ ਹੋ।

ਅਕਾਲ ਪੁਰਖ ਸਿਰਜਨਹਾਰ ਹੈ, ਬਣਾਉਣ ਵਾਲਾ ਹੈ ਅਤੇ ਗੁਰੂ ਨੂੰ ਵੀ ਉਸ ਨੇ ਭੇਜਿਆ ਹੈ। ਪਰ ਭੇਜਿਆ ਇਸ ਲਈ ਕਿ ਕਿਤੇ ਮੇਰਾ ਬਣਾਇਆ ਹੋਇਆ ਸੰਸਾਰ ਬਦਸੂਰਤ ਨਾ ਹੋ ਜਾਏ, ਤੂੰ ਇਹਨੂੰ ਸਜਾ ਕੇ ਰਖ। ਜਿਸਨੇ ਸੰਸਾਰ ਬਣਾਇਆ ਹੈ, ਉਸਨੂੰ ਸੰਵਾਰ ਕੇ ਸਜਾ ਕੇ ਰਖਣ ਦਾ ਖਿਆਲ ਵੀ ਹੈ। ਰੱਬ ਨੇ ਸੰਸਾਰ ਨੂੰ ਸਿਰਜਿਆ ਤੇ ਸਿਰਜ ਕੇ ਸੋਚਿਆ ਕਿ ਕਿਤੇ ਇਹ ਬਦਸੂਰਤ ਨਾ ਹੋ ਜਾਵੇ, ਕਿਤੇ ਜੰਗਲ ਹੀ ਨਾ ਬਣ ਜਾਵੇ ਅਤੇ ਇਸੇ ਲਈ ਗੁਰੂ ਨੂੰ ਭੇਜਿਆ ਕਿ ਜਾ, ਮੇਰਾ ਬਣਾਇਆ ਹੋਇਆ ਸੰਸਾਰ ਕਿਤੇ ਬਦਸੂਰਤ ਨਾ ਹੋ ਜਾਵੇ, ਇਹਨੂੰ ਹਰ ਵਕਤ ਸਜਾ ਕੇ ਰਖੀਂ। ਤੇ ਉਸ ਸਜਾਵਟ ਦਾ ਨਾਂ ਹੈ ਧਰਮ।

ਰੱਬ ਸਿਰਜਦਾ ਹੈ, ਬਣਾਉਂਦਾ ਹੈ, ਬਣਾਉਣ ਦਾ ਨਾਂ ਹੈ ਕਰਮ ਤੇ ਉਸਨੂੰ ਸਜਾਉਣ ਦਾ ਨਾਂ ਹੈ ਧਰਮ, ਜੁਗਤੀ - ਕਿ ਕਿਵੇਂ ਸਜਾ ਕੇ ਰਖਣਾ ਹੈ, ਕਿਹੜੀ ਚੀਜ਼ ਕਿੱਥੇ ਚੰਗੀ ਲਗਦੀ ਹੈ। ਤੇ ਸਜਾਵਟ ਕੀ ਹੈ ? ਜਿਹੜਾ ਮਨੁੱਖ ਧਰਮੀ ਹੈ ਉਹ ਸਜਾਇਆ ਹੋਇਆ ਹੈ ਤੇ ਜਿਹੜਾ ਮਨੁੱਖ ਸਜਾਇਆ ਹੋਇਆ ਨਹੀਂ ਉਹ ਅਧਰਮੀ ਹੈ - ਬਸ, ਫਰਕ ਐਨਾ ਹੀ ਹੈ। ਇਹੋ ਕਾਰਣ ਹੈ ਬਾਣੀ 'ਚ ਵੀ ਆਖ ਦਿੱਤਾ :

"ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥"

(ਗੁ.ਗ੍ਰੰ.ਸਾ.ਪੰਨਾ : 1383)

ਜਿਨ੍ਹਾਂ ਨੂੰ ਨਾਮ ਚਿਤ ਨਹੀਂ ਆਉਂਦਾ, ਉਹ ਮੂੰਹ ਬਦਸੂਰਤ ਨੇ, ਡਰਾਵਨੇ ਨੇ ਅਤੇ ਉਨ੍ਹਾਂ ਨੂੰ ਵੇਖ ਕੇ ਡਰ ਆਉਂਦਾ ਹੈ।

ਜੇ ਅਸੀਂ ਸਜਾਵਟ ਨੂੰ ਸਮਝ ਲਈਏ ਤਾਂ ਸਾਨੂੰ ਧਰਮ ਦੀ ਪਰਿਭਾਸ਼ਾ ਦਾ ਪਤਾ ਲਗ



ਜਾਵੇਗਾ। ਤੇ ਸਜਾਵਟ ਦਾ ਮਕਸਦ ਕੀ ਹੈ ? ਸਜਾਵਟ ਕਦੇ ਆਪਣੇ ਲਈ ਨਹੀਂ ਹੁੰਦੀ, ਸਜਾਵਟ ਨੇ ਜਿਹੜਾ ਸਰੂਪ ਲਿਆ ਹੈ ਉਹ ਆਪਣੇ ਲਈ ਨਹੀਂ ਲਿਆ। ਦੁਨੀਆਂ ਦੇ ਲੋਕ ਵੀ ਜਿਹੜੀਆਂ ਕਹਾਵਤਾਂ ਬਣਾਉਂਦੇ ਨੇ, ਉਹ ਵੀ ਬੜੀਆਂ ਭਾਵਪੂਰਨ ਹੁੰਦੀਆਂ ਹਨ, ਬੜੇ ਤਜ਼ਰਬੇ ਦੀਆਂ ਹੁੰਦੀਆਂ ਹਨ, ਲੋਕ ਆਖਦੇ ਹਨ - 'ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ'। ਇਹ ਤੁਸੀਂ ਮਕਾਨ ਬਣਾਉਂਦੇ ਹੋ, ਹਾਲਾਂਕਿ ਤੁਸੀਂ ਜ਼ਿੰਦਗੀ ਦਾ ਜ਼ਿਆਦਾ ਸਮਾਂ ਸੌਣ ਵਾਲੇ ਕਮਰੇ (Bed Room) ਵਿੱਚ ਕੱਟਣਾ ਹੈ, ਬੀਬੀਆਂ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਰਸੋਈ (Kitchen) ਵਿੱਚ ਕੱਟਣਾ ਹੈ। ਪਰ ਤੁਸੀਂ ਘਰ ਬਣਾਉਣ ਲਗਿਆਂ, ਡਰਾਇੰਗ ਰੂਮ 'ਤੇ ਜ਼ਿਆਦਾ ਖਿਆਲ ਕਿਉਂ ਦਿੰਦੇ ਹੋ ? ਸਭ ਤੋਂ ਜ਼ਿਆਦਾ ਪੈਸਾ ਲਗਾਉਂਦੇ ਹੋ, ਸਭ ਤੋਂ ਜ਼ਿਆਦਾ ਚੰਗਾ ਫਰਨੀਚਰ ਲਿਆ ਕੇ ਰਖਦੇ ਹੋ, ਚੰਗੇ ਵਧੀਆ ਪਰਦੇ ਜਿਹੜੇ ਬੈੱਡ-ਰੂਮ ਵਿੱਚ ਨਹੀਂ ਹੁੰਦੇ, ਉਹ ਤੁਸੀਂ ਬੈਠਣ ਵਾਲੇ ਕਮਰੇ (Drawing Room) ਵਿੱਚ ਲਾਉਂਦੇ ਹੋ। ਡਰਾਇੰਗ ਰੂਮ 'ਤੇ ਐਨਾ ਖਰਚ ਕਿਉਂ ? ਜਿੰਨੀ ਸਜਾਵਟ ਤੁਸੀਂ ਡਰਾਇੰਗ ਰੂਮ ਦੀ ਕਰਦੇ ਹੋ, ਉਨੀਂ ਸੌਣ ਵਾਲੇ ਕਮਰੇ (Bed Room) ਦੀ ਨਹੀਂ ਕਰਦੇ। ਜੇ ਕਿਸੇ ਵਕਤ ਨਾ ਸਮਾਂ ਹੋਵੇ ਤਾਂ ਸੌਣ ਵਾਲੇ ਕਮਰੇ (Bed Room) ਵਿੱਚ ਕਪੜੇ ਖਿਲਰੇ ਪਏ ਹੁੰਦੇ ਨੇ, ਸਾਮਾਨ ਬੇ-ਤਰਤੀਬ ਪਿਆ ਹੁੰਦਾ ਹੈ ਪਰ ਸਮਾਂ ਹੋਵੇ ਨਾ ਹੋਵੇ ਤੁਸੀਂ ਸਵੇਰੇ ਉਠ ਕੇ ਬੈਠਣ ਵਾਲੇ ਕਮਰੇ (Drawing Room) ਵੱਲ ਧਿਆਨ ਜਰੂਰ ਦਿੰਦੇ ਹੋ ਕਿ ਉਥੇ ਸਜਾਵਟ ਹੋਣੀ ਚਾਹੀਦੀ ਹੈ, ਕਿਉਂ ? ਕਿਉਂਕਿ ਸੌਣ ਵਾਲੇ ਕਮਰੇ (Bed Room) ਵਿੱਚ ਕਿਸੇ ਦੂਜੇ ਨੇ ਨਹੀਂ ਜਾਣਾ ਤੇ ਡਰਾਇੰਗ ਰੂਮ ਵਿੱਚ ਕਿਸੇ ਦੂਜੇ ਨੇ ਆ ਕੇ ਬਹਿਣਾ ਹੈ। ਸੌਣ ਵਾਲੇ ਕਮਰੇ (Bed Room) ਵਿੱਚ ਜੋ ਜਾਏਗਾ, ਪੁੱਛ ਕੇ ਜਾਏਗਾ, ਬਿਨਾ ਇਜ਼ਾਜਤ ਕੋਈ ਇਸ ਕਮਰੇ ਵਿੱਚ ਨਹੀਂ ਜਾ ਸਕਦਾ। ਸਿਆਣਾ ਸੰਬੰਧੀ ਵੀ ਸੰਕੋਚਦਾ ਹੈ ਕਿ ਕਿਸੇ ਦੇ ਸੌਣ ਵਾਲੇ ਕਮਰੇ ਵਿੱਚ ਨਾ ਜਾਓ। ਇਸ ਲਈ ਡਰਾਇੰਗ ਰੂਮ ਦੀ ਸਜਾਵਟ ਇਸ ਗੱਲ ਦਾ ਪ੍ਰਤੀਕ ਹੈ ਕਿ ਸਜਾਵਟ ਆਪਣੇ ਲਈ ਨਹੀਂ, ਆਪਣੇ ਲਈ ਹੁੰਦੀ ਤਾਂ ਤੁਸੀਂ ਸੌਣ ਵਾਲੇ ਕਮਰੇ (Bed Room) ਦੀ ਕਰਦੇ। ਸਜਾਵਟ ਹੈ ਦੂਜੇ ਲਈ, ਸਜਾਵਟ ਦਾ ਅਰਥ ਹੀ ਦੂਜੇ ਲਈ ਹੈ।

ਜਿੰਨੀ ਖ਼ੂਬਸੂਰਤੀ ਹੈ ਸੰਸਾਰ ਦੀ, ਜਿੰਨੇ ਗਹਿਣੇ ਨੇ ਸਜਾਉਣ ਲਈ, ਸਾਰਾ ਕੁਝ ਕਦੋਂ ਪਹਿਨਦੇ ਹਾਂ ਜਦੋਂ ਕਿਸੇ ਪਾਰਟੀ ਵਿੱਚ ਜਾਣਾ ਹੋਵੇ ਕਿਉਂਕਿ ਉਥੇ ਕਿਸੇ ਨੇ ਤੁਹਾਨੂੰ ਦੇਖਣਾ ਹੈ। ਜੇ ਛੁੱਟੀ ਦਾ ਦਿਨ ਹੋਵੇ, ਘਰ 'ਚ ਬੜੇ ਸਾਦੇ ਕਪੜਿਆਂ ਵਿੱਚ ਬੈਠੇ ਹੁੰਦੇ ਹੋ, ਓਨੀ ਦੇਰ ਨੂੰ ਕੋਈ ਟੈਲੀਫੋਨ ਆ ਜਾਏ ਕਿ ਦੋ ਘੰਟੇ ਬਾਅਦ ਫਲਾਣੀ ਪਾਰਟੀ 'ਤੇ ਜਾਣਾ ਹੈ, ਫਲਾਣੀ ਮੀਟਿੰਗ ਵਿੱਚ ਜਾਣਾ ਹੈ ਤਾਂ ਉੱਠ ਕੇ ਤਿਆਰ ਹੋਣਾ ਸ਼ੁਰੂ ਕਰ ਦਿੰਦੇ ਹੋ। ਪਹਿਲਾ ਕਿਉਂ ਨਹੀਂ ਹੋਏ ? ਕਿਉਂਕਿ ਪਹਿਲਾਂ ਤੁਹਾਨੂੰ ਕਿਸੇ ਨੇ ਦੇਖਣਾ ਨਹੀਂ, ਹੁਣ ਤੁਸੀਂ ਜਿੱਥੇ ਜਾਣਾ ਹੈ ਉਥੇ ਕਿਸੇ ਦੂਜੇ ਨੇ ਤੁਹਾਨੂੰ ਵੇਖਣਾ ਹੈ। ਇਸ ਲਈ ਤੁਸੀਂ ਸੋਚਦੇ ਹੋ ਕਿ ਕੋਈ ਇਹੋ ਜਿਹਾ ਰੂਪ ਨਾ ਬਣਾ ਕੇ ਜਾਵਾਂ ਕਿ ਦੂਜਾ ਤੁਹਾਨੂੰ ਚੰਗਾ ਨਾ ਸਮਝੇ। ਇਸ ਲਈ ਜਿੰਨੇ ਗਹਿਣੇ ਨੇ, ਜਿੰਨੇ ਸ਼ਿੰਗਾਰ ਨੇ, ਜਿੰਨੀ ਖ਼ੂਬਸੂਰਤੀ ਹੈ, ਜਿੰਨੀ ਸਜਾਵਟ ਹੈ ਸਾਰੀ ਦੂਜੇ ਲਈ ਹੈ। ਇਹ ਆਪਣੇ ਲਈ ਬਿਲਕੁਲ ਨਹੀਂ। ਮਨੁੱਖ ਜਿੰਨਾ ਸੱਜਦਾ ਹੈ ਉਹ ਦੂਜੇ ਲਈ।

ਸਜਾਵਟ ਕੀ ਹੈ - ਧਰਮ, ਜਿੰਨੀ ਸਜਾਵਟ ਹੈ ਉਹ ਦੂਜੇ ਲਈ ਹੈ ਤੇ ਧਰਮ ਵੀ ਉਹ ਹੈ ਜਿਹੜਾ ਦੂਜੇ ਲਈ ਹੈ। ਜਿਹੜਾ ਮਨੁੱਖ ਆਪਣੇ ਲਈ ਜੀਊਂਦਾ ਹੈ, ਉਹ ਧਰਮੀ ਨਹੀਂ। ਗੁਰੂ ਤੇਗ਼ ਬਹਾਦਰ ਸਾਹਿਬ ਜੇ ਦੂਜੇ ਧਰਮ ਦੀ ਰਾਖੀ ਨਾ ਕਰਦੇ ਤਾਂ ਉਹ ਧਰਮੀ ਨਹੀਂ ਹੁੰਦੇ। ਧਰਮੀ ਦੇ ਮਨ 'ਚ ਖਿਆਲ ਹੈ, ਕੋਈ ਐਸਾ ਕੰਮ ਨਾ ਕਰਾਂ ਜਿਸ ਨਾਲ ਬੁਰਾ ਲਗਾਂ। ਜਿਸ ਦਿਨ ਸਿੱਖ ਦੇ ਮਨ ਵਿੱਚ ਇਹ ਖਿਆਲ ਆ ਗਿਆ ਕਿ ਮੈਂ ਆਪਣਾ ਜੀਵਨ ਇਉਂ ਜੀਊਣਾ ਹੈ ਕਿ ਕੋਈ ਪੜੋਸੀ, ਕੋਈ ਗੁਆਂਢੀ, ਕੋਈ ਸ਼ਹਿਰ ਵਾਲਾ, ਮੈਨੂੰ ਬੁਰਾ ਨਾ ਸਮਝੇ, ਤੇ ਤੁਸੀਂ ਸਮਝਿਓ ਉਸ ਦਿਨ ਧਰਮ ਵਾਲੇ ਪਾਸੇ ਤੁਰ ਪਏ ਹੋ, ਤੁਸੀਂ ਜੀਵਨ ਨੂੰ ਸਜਾਉਣਾ ਸ਼ੁਰੂ ਕਰ ਦਿੱਤਾ ਹੈ।

ਧਰਮ ਦਾ ਅਰਥ ਹੀ ਇਹੋ ਹੈ ਕਿ ਮਨੁੱਖ ਸੰਸਾਰ ਲਈ ਜੀਏ, ਦੂਜੇ ਨੂੰ ਸੁੱਖ ਪਹੁੰਚਾਉਣ ਲਈ ਜੀਏ, ਇਸ ਦਾ ਨਾਂ ਹੀ ਪਰੋਪਕਾਰ ਹੈ। ਜਿਹੜੇ ਲੋਕ ਨਿੱਜ ਲਈ ਜੀਊਂਦੇ ਹਨ ਉਹ ਧਰਮੀ ਨਹੀਂ ਹੁੰਦੇ। ਜਿਹੜੇ ਪਰਉਪਕਾਰ ਕਰਦੇ ਹਨ, ਦੂਜੇ ਦੀ ਸੇਵਾ ਕਰਦੇ ਹਨ, ਦੁਨੀਆਂ ਦੇ ਕੰਮ ਆਉਂਦੇ ਹਨ, ਸੰਸਾਰ ਦਾ ਭਲਾ ਲੋਚਦੇ ਹਨ ਉਹ ਧਰਮੀ ਹੁੰਦੇ ਹਨ।

ਜੇ ਧਰਮ ਦੀ ਇਹੋ ਪਰਿਭਾਸ਼ਾ ਹੈ ਤਾਂ ਸਰੀਰ ਵਿੱਚ ਧਰਮ ਹੈ। ਤੁਸੀਂ ਵੇਖੋਗੇ ਕਿ ਸਰੀਰ ਦੇ ਅੰਦਰ, ਸਰੀਰ ਦੀ ਬਣਤਰ ਵਿੱਚ ਪ੍ਰਭੂ ਨੇ ਬੈਠਣ ਤੋਂ ਪਹਿਲਾਂ ਇਹ ਤਰਤੀਬ ਭਰ ਦਿੱਤੀ। ਜੇ ਅਸੀਂ ਸਿੱਖਣਾ ਹੋਵੇ, ਕਿਤੇ ਬਾਹਰੋਂ ਜਾ ਕੇ ਸਿਖਣ ਦੀ ਲੋੜ ਹੀ ਨਹੀਂ ਪੈਂਦੀ, ਆਪਣੇ ਸਰੀਰ ਕੋਲੋਂ ਸਿੱਖ ਸਕਦੇ ਹਾਂ। ਬਾਣੀ ਵਿੱਚ ਵੀ ਆਖ ਦਿੱਤਾ ਗਿਆ :

"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥"

(ਗੁ.ਗ੍ਰੰ.ਸਾ.ਪੰਨਾ : 695)

ਧਰਮ ਸਿੱਖਣ ਲਈ ਸਰੀਰ ਵੱਲ ਧਿਆਨ ਦਿਓ। ਸਰੀਰ ਦੀ ਬਣਤਰ ਕੀ ਹੈ ? ਬਹੁਤ ਸਾਰੇ ਅੰਗਾਂ ਦਾ ਸਮੂਹ ਸਰੀਰ ਹੈ। ਇਹਦੇ ਵਿੱਚ ਹੱਥ ਵੀ ਨੇ, ਪੈਰ ਵੀ ਨੇ, ਮੂੰਹ ਵੀ ਹੈ, ਜ਼ੁਬਾਨ ਵੀ ਹੈ, ਕੰਨ ਵੀ ਨੇ, ਅੱਖਾਂ ਵੀ ਨੇ ਤੇ ਇਹ ਸਾਰਿਆਂ ਕੋਲ ਹਨ। ਹਰ ਅੰਗ ਦਾ ਟਿਕਾਣਾ ਵੱਖਰਾ ਹੈ, ਕੋਈ ਟਿਕਾਣਾ ਬਦਲਦਾ ਨਹੀਂ। ਹਰ ਅੰਗ ਦਾ ਕੰਮ ਵੱਖਰਾ ਹੈ। ਹਰ ਅੰਗ ਦਾ ਨਾਮ ਵੱਖਰਾ ਹੈ, ਦਿਸ਼ਾ ਵੱਖਰੀ ਹੈ। ਅੱਖਾਂ ਦਾ ਕੰਮ ਵੇਖਣਾ ਹੈ ਸੁਣਨਾ ਨਹੀਂ। ਸ੍ਰਵਣ ਦਾ ਕੰਮ ਸੁਣਨਾ ਹੈ ਦੇਖਣਾ ਬਿਲਕੁਲ ਨਹੀਂ। ਨਾਸਿਕਾ ਦਾ ਕੰਮ ਸੁੰਘਣਾ ਹੈ ਉਹ ਵੇਖਦੀਆਂ ਬਿਲਕੁਲ ਨਹੀਂ, ਸੁਣਦੀਆਂ ਬਿਲਕੁਲ ਨਹੀਂ। ਹਰ ਇਕ ਅੰਗ ਦਾ ਕੰਮ ਵੱਖਰਾ, ਨਾਂ ਵੱਖਰਾ, ਟਿਕਾਣਾ ਵੱਖਰਾ ਪਰ ਇਕੋ ਹੀ ਸਰੀਰ ਵਿੱਚ ਇਕੱਠੇ ਹੋ ਕੇ ਬੈਠੇ ਹਨ ਅਤੇ ਇੱਕ ਦੂਜੇ ਲਈ ਜੀਊ ਰਹੇ ਹਨ। ਕੇਵਲ ਇਕੱਠੇ ਬੈਠੇ ਹੀ ਨਹੀਂ, ਕੰਮ ਵੀ ਇੱਕ ਦੂਜੇ ਦੇ ਆ ਰਹੇ ਹਨ।

ਅੱਖਾਂ ਵੇਖਦੀਆਂ ਹਨ - ਪਰ ਕੀ ਆਪਣੇ ਲਈ ? ਅੱਖਾਂ ਭਲਾ ਨਾ ਵੇਖਣ ਤਾਂ ਅੱਖਾਂ ਦਾ ਕੀ ਵਿਗੜਦਾ ਹੈ। ਅੱਖਾਂ ਤਾਂ ਥੱਕ ਜਾਣ ਤੇ ਸੌਣਾ ਹੀ ਚਾਹੁੰਦੀਆਂ ਨੇ, ਬੰਦ ਹੋਣਾ ਚਾਹੁੰਦੀਆਂ ਹਨ। ਸੌਣ ਨਾਲ ਅੱਖਾਂ ਨੂੰ ਆਰਾਮ (rest) ਮਿਲਦਾ ਹੈ, ਰਾਹਤ (relief) ਮਿਲਦੀ ਹੈ ਜਦੋਂ ਉਹ ਬੰਦ ਹੋ ਜਾਣ। ਪਰ ਅੱਖਾਂ ਦੇਖਦੀਆਂ ਨੇ, ਆਪਣੇ ਲਈ ਬਿਲਕੁਲ ਨਹੀਂ ਬਲਕਿ ਪੈਰਾਂ ਲਈ ਕਿ ਪੈਰਾਂ ਨੂੰ ਤੁਰਦਿਆਂ ਠੇਡਾ ਨਾ ਲਗ ਜਾਵੇ। ਅੱਖਾਂ ਥੱਕ ਗਈਆਂ ਨੇ ਪਰ



ਅਜੇ ਤਕ ਪੈਰ ਤੁਰ ਰਹੇ ਨੇ, ਇਸ ਵਾਸਤੇ ਅੱਖਾਂ ਬੰਦ ਨਹੀਂ ਹੋ ਸਕਦੀਆਂ। ਉਨ੍ਹਾਂ ਦੀ ਡਿਊਟੀ ਹੈ - ਪੈਰ ਨੂੰ ਚਲਦਾ ਰਖਣ ਲਈ। ਅੱਖਾਂ ਦੇਖ ਰਹੀਆਂ ਨੇ ਪੈਰਾਂ ਨੂੰ ਠੇਡੇ ਤੋਂ ਬਚਾਉਣ ਲਈ ਕਿ ਕਿਤੇ ਠੇਡਾ ਨਾ ਲਗ ਜਾਵੇ।

ਕੰਨ ਸੁਣ ਰਹੇ ਨੇ, ਮਤ ਸਮਝਿਓ ਆਪਣੇ ਲਈ ਸੁਣ ਰਹੇ ਨੇ - ਬਿਲਕੁਲ ਨਹੀਂ। ਕੰਨ ਸਾਰੀ ਜ਼ਿੰਦਗੀ ਸੁਣਦੇ ਨੇ ਪਰ ਆਪਣੇ ਲਈ ਬਿਲਕੁਲ ਨਹੀਂ। ਕੰਨ ਸੁਣਦੇ ਨੇ ਜ਼ੁਬਾਨ ਲਈ ਤਾਂ ਕਿ ਅਸੀਂ ਕੁਝ ਭਾਸ਼ਾ ਦਾ, ਬੋਲੀ ਦਾ, ਵਿਚਾਰਾਂ ਦਾ ਖ਼ਜ਼ਾਨਾ ਸੰਗ੍ਰਹਿ ਕਰ ਲਈਏ। ਕਲ ਨੂੰ ਜੇ ਜ਼ੁਬਾਨ ਨੇ ਬੋਲਣਾ ਹੋਇਆ ਤਾਂ ਕੀ ਬੋਲੇਗੀ ? ਪਰ ਜੇ ਕਿਸੇ ਮਨੁੱਖ ਨੇ ਸਾਰੀ ਜ਼ਿੰਦਗੀ ਕੁਝ ਸੁਣਿਆ ਹੀ ਨਹੀਂ, ਉਹ ਬੋਲਣ ਜੋਗਾ ਵੀ ਨਹੀਂ ਹੁੰਦਾ। ਜੋ ਕੁਝ ਸੁਣਦਾ ਹੈ, ਉਹੋ ਹੀ ਬੋਲਦਾ ਹੈ। ਇੱਕ ਬੱਚੇ ਨੂੰ ਤੁਸੀਂ ਜਨਮ ਦੇ ਬਾਅਦ ਕਿਸੇ ਬੇਸਮੈਂਟ (basement) ਵਿੱਚ, ਕਿਸੇ ਭੋਰੇ 'ਚ ਬੰਦ ਕਰ ਦਿਓ, ਉਸਦੇ ਮੱਥੇ ਕੋਈ ਨਾ ਲਗੇ, ਕੋਈ ਆਵਾਜ਼ ਉਸਦੇ ਕੰਨੀ ਨਾ ਪਵੇ, ਕੋਈ ਬੋਲੀ ਉਸਦੇ ਕੰਨੀ ਨਾ ਪਵੇ ਤੇ ਜਦੋਂ ਉਹ 20 ਸਾਲ ਦਾ ਹੋਵੇ, ਉਹਨੂੰ ਬਾਹਰ ਕੱਢ ਦਿਉ ਤਾਂ ਉਹਨੂੰ ਕੁਝ ਵੀ ਬੋਲਣਾ ਨਹੀਂ ਆਵੇਗਾ। ਜ਼ੁਬਾਨ ਹੋਵੇਗੀ ਪਰ ਕੁਝ ਵੀ ਬੋਲਣਾ ਨਹੀਂ ਆਵੇਗਾ। ਕਿਉਂਕਿ ਬੱਚੇ ਨੇ ਜੋ ਕੁਝ ਬੋਲਣਾ ਹੈ, ਮਨੁੱਖ ਨੇ ਜੋ ਬੋਲਣਾ ਹੈ, ਪਹਿਲਾਂ ਸਿਖਣਾ ਹੈ। ਇਹੋ ਕਾਰਣ ਹੈ ਕਿ ਬੱਚਾ ਗੋਦੀ ਵਿੱਚ ਹੁੰਦਾ ਹੈ ਤੇ ਮਾਂ ਲੋਰੀਆਂ ਦੇ-ਦੇ ਕੇ ਸਿਖਾਉਂਦੀ ਹੈ ਤਾਂ ਕਿ ਉਹਨੂੰ ਕੁਝ ਬੋਲਣਾ ਆ ਜਾਏ। ਜ਼ਰਾ ਵੱਡਾ ਹੁੰਦਾ ਹੈ, ਸਕੂਲ ਜਾਂਦਾ ਹੈ, ਉਥੇ ਉਹ ਕੁਝ ਸੁਣਦਾ ਹੈ, ਸੁਣ ਕੇ ਹੀ ਤਾਂ ਉਹ ਆਉਣ ਵਾਲੇ ਕਲ ਦਾ ਪ੍ਰਿੰਸੀਪਲ ਬਣਦਾ ਹੈ। ਜਿਸ ਬੱਚੇ ਨੇ ਕਦੇ ਉਸਤਾਦ ਕੋਲੋਂ ਕੁਝ ਸੁਣਿਆ ਹੀ ਨਹੀਂ, ਉਹ ਬੋਲੇਗਾ ਕੀ ? ਇਸ ਲਈ ਕੰਨ ਜੋ ਕੁਝ ਵੀ ਸੁਣ ਰਹੇ ਨੇ, ਉਹ ਜ਼ੁਬਾਨ ਲਈ ਹੀ :

"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ।।"

(ਗੁ.ਗ੍ਰੰ.ਸਾ.ਪੰਨਾ : 922)

ਹੁਣ ਅਗਲੀ ਲਾਈਨ ਪੜ੍ਹੋ :

"ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ।।"

(ਗੁ.ਗ੍ਰੰ.ਸਾ.ਪੰਨਾ : 922)

ਜੇ ਕੰਨਾਂ 'ਚ ਰਸ ਜਾਏਗਾ ਤਾਂ ਹੀ ਰਸਨਾ 'ਚ ਆਏਗਾ। ਜਿੰਨੇ ਸਾਰੀ ਜ਼ਿੰਦਗੀ ਗਾਲ੍ਹਾ ਸੁਣੀਆਂ ਨੇ, ਕੌੜੇ ਬਚਨ ਸੁਣੇ ਨੇ, ਉਹ ਮਿੱਠਾ ਕਿਵੇਂ ਬੋਲੇਗਾ। ਜਿਹੜਾ 'ਬਾਣੀ' ਸੁਣੇਗਾ ਉਹੋ ਹੀ ਮਿੱਠਾ ਬੋਲੇਗਾ। ਜਿੰਨੇ ਮਿੱਠਾ ਬਚਨ ਸੁਣਿਆ ਹੀ ਨਹੀਂ ਉਹ ਮਿੱਠਾ ਬਚਨ ਬੋਲ ਕਿਵੇਂ ਸਕਦਾ ਹੈ। ਇਸ ਲਈ ਕੰਨਾਂ ਨੇ ਖ਼ਜ਼ਾਨਾ ਇਕੱਠਾ ਕਰਨਾ ਹੈ ਜ਼ੁਬਾਨ ਲਈ - 'ਲੈ ਭਈ, ਇਹ ਹੁਣ ਐਨਾ ਖ਼ਜ਼ਾਨਾ ਹੈ, ਹੁਣ ਤੂੰ ਜਿਵੇ ਮਰਜ਼ੀ ਬੋਲੀ ਜਾ। ਮੈਂ 20 ਸਾਲ ਉਸਤਾਦ ਨੂੰ ਸਕੂਲ ਵਿੱਚ ਬੈਠ ਕੇ, ਕਾਲਜ ਵਿੱਚ ਬੈਠ ਕੇ ਫਿਲਾਸਫਰ ਨੂੰ ਸੁਣਿਆ ਹੈ ਤੇ ਖ਼ਜ਼ਾਨਾ ਤੇਰੇ ਲਈ ਇਕੱਠਾ ਕੀਤਾ ਹੈ। ਜਿਸ ਦਿਨ ਤੈਨੂੰ ਖ਼ਜ਼ਾਨੇ ਦੀ ਲੋੜ ਪਵੇ ਖ਼ਜ਼ਾਨੇ ਨੂੰ ਵਰਤੀ ਜੋ ਸ੍ਰਵਣਾਂ ਨੇ ਇਕੱਠਾ ਕੀਤਾ ਹੈ'। ਸੋ ਸ੍ਰਵਣ ਸੁਣਦੇ

ਨੇ ਜ਼ੁਬਾਨ ਲਈ।

ਹੱਥ ਘੜ੍ਹਦੇ ਨੇ, ਸਾਰੀ ਜ਼ਿੰਦਗੀ ਘੜ੍ਹਦੇ ਨੇ। ਜਿੰਨੀ ਘਾਲਣਾ ਹੱਥਾਂ ਦੀ ਹੈ, ਓਨੀਂ ਸਰੀਰ ਦੇ ਕਿਸੇ ਅੰਗ ਦੀ ਨਹੀਂ। ਸਾਰੀ ਜ਼ਿੰਦਗੀ ਜਿੰਨੀ ਮਜ਼ਦੂਰੀ (labour) ਕਰਨੀ ਹੈ ਹੱਥਾਂ ਨੇ ਕਰਨੀ ਹੈ। ਪਰ ਕੀ ਆਪਣੇ ਲਈ ? ਹੱਥ ਤੇ ਨਾ ਖਾਂਦੇ ਨੇ, ਨਾ ਪਹਿਨਦੇ ਨੇ। ਕਿੰਨੀ ਅਜੀਬ ਗੱਲ ਹੈ ਕਿ ਹੱਥਾਂ ਨੇ ਖਾਣਾ ਵੀ ਕੁਝ ਨਹੀਂ ਪਰ ਪਹਿਲੇ ਘਾਲਣਾ ਕਰਕੇ, ਕਿਰਤ ਕਰਕੇ ਕਮਾਉਣਾ ਹੈ। ਫੇਰ ਖਾਣਾ ਬਣਾਉਣਾ ਹੈ, ਬਣਾ ਕੇ ਗਰਾਹੀ ਤੋੜਨੀ ਹੈ ਫੇਰ ਮੂੰਹ ਵਿੱਚ ਪਾ ਦੇਣੀ ਹੈ ਪਰ ਹੱਥ ਫੇਰ ਖਾਲੀ। ਹੱਥ ਨੇ ਪਾਉਣਾ ਵੀ ਕੁਝ ਨਹੀਂ। ਐਨੀ ਘਾਲਣਾ ਕਰ ਕੇ, ਕਿਰਤ ਕਰ ਕੇ, ਦੌਲਤ ਕਮਾਉਣੀ ਹੈ, ਉਹਦੇ ਤੋਂ ਖ਼ੂਬਸੂਰਤ ਸੂਟ ਸੁਆਉਣਾ ਹੈ, ਸਾਰੇ ਸਰੀਰ ਨੇ ਫੇਰ ਸੂਟ ਪਾ ਲੈਣਾ ਹੈ, ਪਰ ਹੱਥ ਫੇਰ ਨੰਗੇ। ਨਾ ਹੱਥਾਂ ਨੇ ਖਾਣਾ, ਨਾ ਹੱਥਾਂ ਨੇ ਪਹਿਨਣਾ, ਹੱਥਾਂ ਨੂੰ ਕੀ ਲੋੜ ਹੈ ਸਾਰੀ ਜ਼ਿੰਦਗੀ ਹਥੌੜੇ ਚੁੱਕ-ਚੁੱਕ, ਕੁਹਾੜੇ ਚੁੱਕ-ਚੁੱਕ ਕੇ ਕਿਰਤ ਕਰਦੇ ਰਹਿਣ। ਹੱਥ ਆਖ ਸਕਦੇ ਨੇ - ਭਾਈ, ਅਸੀਂ ਖਾਣਾ ਵੀ ਕੁਝ ਨਹੀਂ, ਪਹਿਨਣਾ ਵੀ ਕੁਝ ਨਹੀਂ, ਅਸੀਂ ਕਿਉਂ ਕਿਰਤ ਕਰੀਏ ? ਪਰ ਇਹ ਸਭ ਕੁਝ ਦੂਜੇ ਲਈ, ਇਕ ਦੂਜੇ ਲਈ ਹੈ।

ਪੈਰਾਂ ਦੀ ਤਰਤੀਬ 'ਤੇ ਹੈਰਾਨ ਹੋਈਦਾ ਹੈ। ਦੋ ਪੈਰ ਨੇ ਪਰ ਇਕ ਦੂਜੇ ਲਈ। ਕਿੰਨੀ ਸਾਂਝ ਹੈ, ਪੈਰ ਕਿੰਨਾ ਆਪਸ ਵਿੱਚ ਸਮਝੌਤਾ ਕਰਦੇ ਨੇ - 'ਓਇ ਭਲਿਆ ! ਸਾਰਾ ਭਾਰ ਮੈਨੂੰ ਦੇ ਦੇ ਨਹੀਂ ਤਾਂ ਆਪਾਂ ਚਲ ਨਹੀਂ ਸਕਾਂਗੇ, ਸਾਰਾ ਭਾਰ ਮੈਨੂੰ ਦੇ ਦੇ, ਮੈਂ ਚੁੱਕ ਲੈਂਦਾ ਹਾਂ, ਤੈਨੂੰ ਬਿਲਕੁਲ ਹਲਕਾ, ਖਾਲੀ (free) ਕਰਦਾ ਹਾਂ, ਤੂੰ ਅੱਗੇ ਵੱਧ'। ਤੇ ਉਹ ਅੱਗੇ ਵੱਧ ਜਾਂਦਾ ਹੈ। ਦੂਜਾ ਕਹਿੰਦਾ ਹੈ - 'ਨਹੀਂ ਮੇਰਾ ਵੀ ਫਰਜ਼ ਬਣਦਾ ਹੈ, ਹੁਣ ਸਾਰਾ ਭਾਰ ਮੈਂ ਚੁੱਕਾਂਗਾ, ਤੂੰ ਅੱਗੇ ਵੱਧ'। ਇਹ ਕਦੀ ਤੁਰਦਿਆਂ ਆਪਣੇ ਆਪ ਨੂੰ ਵੇਖਿਓ, ਇਉਂ ਦੋਨੋਂ ਪੈਰ ਅੱਗੇ ਵੱਧਦੇ ਨੇ। ਜੇ ਇਨ੍ਹਾਂ ਦੀ ਸਾਡੇ ਵਰਗੀ ਹਾਲਤ ਹੋ ਜਾਏ, ਅਸੀਂ ਇੱਕ ਦੂਜੇ ਦੇ ਪੈਰ ਖਿੱਚੀਏ, ਅੱਗੇ ਵੱਧਣਾ ਕਿਸੇ ਦਾ ਪਸੰਦ ਨਾ ਕਰੀਏ, ਤਾਂ ਕਦੇ ਵੱਧ ਹੀ ਨਾ ਸਕੀਏ। ਦੋ ਕਦਮ ਨਾ ਚਲ ਸਕੀਏ ਜੇ ਪੈਰਾਂ ਵਿੱਚ ਇਹ ਤਰਤੀਬ ਨਾ ਹੋਵੇ, ਇਹੀ ਤਾਂ ਧਰਮ ਹੈ। ਕਿਸੇ ਨੂੰ ਅੱਗੇ ਵਧਾਉਣਾ ਧਰਮ ਹੈ, ਕਿਸੇ ਦੇ ਪੈਰ ਖਿੱਚਣਾ ਅਧਰਮ ਹੈ - ਬਸ, ਇਹੀ ਫਰਕ ਹੈ। ਪੈਰਾਂ ਵਿੱਚ ਤਰਤੀਬ ਐਸੀ ਹੈ ਕਿ ਇਕ ਦੂਜੇ ਨਾਲ ਕਿੰਨਾ ਕਰੀਬੀ ਰਿਸ਼ਤਾ ਜੋੜ ਲਿਆ ਹੈ। ਇੱਕ ਦੂਜੇ ਦੀ ਸਹਾਇਤਾ (help) ਕਰਦੇ-ਕਰਦੇ, ਇਕ ਦੂਜੇ ਲਈ ਜੀਉਂਦੇ-ਜੀਉਂਦੇ ਦੋਨੋ ਅਗੇ ਵੱਧਦੇ ਨੇ ਅਤੇ ਪਤਾ ਨਹੀਂ ਜ਼ਿੰਦਗੀ ਅੰਦਰ ਕਿੰਨੀਆਂ ਮੰਜ਼ਿਲਾਂ ਪ੍ਰਾਪਤ ਕਰ ਲੈਂਦੇ ਨੇ ਤੇ ਕੇਵਲ ਆਪਸੀ ਇਕ ਦੂਜੇ ਨਾਲ ਸਾਂਝ ਪੈਦਾ ਕਰਕੇ। ਜੇ ਇਕ ਦੂਜੇ ਨਾਲ ਸਾਂਝ ਨਾ ਹੋਵੇ ਤਾਂ ਦੋ ਕਦਮ ਵੀ ਨਾ ਚਲ ਸਕਣ।

ਮੂੰਹ ਕੀ ਹੈ ? ਸ਼ਰੀਰ ਦੇ ਸਾਰੇ ਅੰਗ ਪਵਿੱਤਰ ਨੇ, ਸਾਰਿਆਂ ਵਿੱਚ ਧਰਮ ਹੈ ਪਰ ਮੂੰਹ ਇਕ ਸ੍ਰੇਸ਼ਟ ਧਰਮ ਹੈ ਇਸ ਲਈ ਇਹਨੂੰ ਮੁੱਖ ਆਖਦੇ ਹਨ। ਤੇ ਮੁੱਖ ਦਾ ਅੱਖਰੀ ਅਰਥ ਹੀ ਹੁੰਦਾ ਹੈ ਜਿਹੜਾ ਸਭ ਤੋਂ ਸ੍ਰੇਸ਼ਟ ਹੋਵੇ। ਅਸੀਂ ਪਿੰਡ ਦੀ ਬਰਾਦਰੀ ਦੇ ਵਿਸ਼ੇਸ਼ ਮਨੁੱਖ ਨੂੰ ਮੁਖੀਆ ਆਖਦੇ ਹਾਂ। ਮੁੱਖ ਹੈ - ਜਰੂਰ ਇਹਦੇ ਕੋਲ ਦੂਜੇ ਅੰਗਾਂ ਨਾਲੋਂ ਭੀ ਕੋਈ ਸ੍ਰੇਸ਼ਟਤਾ ਹੈ। ਕਿਉਂਕਿ ਬਾਕੀ ਅੰਗ ਇੱਕ-ਇੱਕ ਕੰਮ ਕਰਦੇ ਨੇ, ਮੁੱਖ ਦੋ-ਦੋ ਕੰਮ ਕਰਦਾ ਹੈ। ਮੁੱਖ ਬੋਲਦਾ ਵੀ ਹੈ, ਮੁੱਖ ਖਾਂਦਾ



ਵੀ ਹੈ। ਕੰਨ ਸੁਣਦੇ ਨੇ, ਅੱਖਾਂ ਵੇਖਦੀਆਂ ਨੇ, ਉਹ ਦੋ ਕੰਮ ਨਹੀਂ ਕਰਦੇ। ਇਹ ਮੁੱਖ ਹੀ ਇਸ ਲਈ ਹੈ ਕਿ ਇਹਦੀ ਡਿਊਟੀ ਜ਼ਿਆਦਾ ਹੈ। ਇਹਦੇ ਅੰਦਰ ਦੋ ਸ਼ਕਤੀਆਂ ਨੇ - ਇਹਦੇ ਕੋਲ ਤਲਵਾਰ ਵੀ ਹੈ, ਇਹਦੇ ਕੋਲ ਵੀਚਾਰ ਵੀ ਹੈ। ਇਹ ਦੰਦ ਕੀ ਨੇ - ਤਲਵਾਰ। ਤੇ ਜ਼ੁਬਾਨ ਕੀ ਹੈ - ਵੀਚਾਰ। ਇਹਦੇ ਕੋਲ ਅਤਿ ਕਠੋਰਤਾ ਸ਼ਕਤੀ ਵੀ ਹੈ - ਦੰਦ ਅਤੇ ਇਹਦੇ ਕੋਲ ਅਤਿ-ਕੋਮਲ ਤਾਂ ਭਗਤੀ ਰੂਪ ਜ਼ੁਬਾਨ ਵੀ ਹੈ। ਸਾਰੇ ਸਰੀਰ ਦੇ ਅੰਗਾਂ ਵਿੱਚੋਂ ਸਭ ਤੋਂ ਸ਼ਕਤੀਵਾਨ ਅੰਗ ਹੈ - ਦੰਦ, ਜੋ ਸਭ ਕੁਝ ਚਬਾ ਦਿੰਦਾ ਹੈ ਅਤੇ ਸਭ ਤੋਂ ਕੋਮਲ ਅੰਗ ਹੈ - ਜ਼ੁਬਾਨ ਜਿਹਦੇ ਵਿੱਚ ਹੱਡੀ ਕੋਈ ਨਹੀਂ। ਜੇ ਦੰਦ ਚਾਹੁਣ ਤਾਂ ਜ਼ੁਬਾਨ ਨੂੰ ਟੁਕੜੇ-ਟੁਕੜੇ ਕਰ ਸਕਦੇ ਨੇ, ਕੁਝ ਵੀ ਨਾ ਬਚੇ ਇਸ ਦਾ ਕਿਉਂਕਿ ਤਲਵਾਰ ਹੈ। ਪਰ ਕਿੰਨੇ ਸਿਆਣੇ ਨੇ ਦੰਦ ਉਹ ਐਸਾ ਕਰਦੇ ਨਹੀਂ। ਜ਼ੁਬਾਨ ਵਿੱਚ ਵੀ ਬੜੀ ਸ਼ਕਤੀ ਹੈ, ਇਹਦੇ ਕੋਲ ਵੀਚਾਰ ਹਨ। ਕੋਈ ਤਲਵਾਰ ਜੋ ਬਿਨਾਂ ਵੀਚਾਰ ਦੀ ਹੋਵੇ, ਉਹ ਤਲਵਾਰ ਵੀ ਕਿਸੇ ਕੰਮ ਦੀ ਨਹੀਂ। ਇਸ ਲਈ ਜਿੰਨੀਆਂ ਵੀ ਤਲਵਾਰਾਂ (ਦੰਦ) ਨੇ, ਇਨ੍ਹਾਂ ਨੇ ਘੇਰਾ ਪਾ ਕੇ ਜ਼ੁਬਾਨ ਨੂੰ ਬਚਾਅ (protection) ਦਿੱਤੀ ਹੋਈ ਹੈ। ਸੰਭਾਲ ਕੇ, ਬਚਾ ਕੇ ਰਖਿਆ ਹੋਇਆ ਹੈ ਕਿ ਜ਼ੁਬਾਨ ਨੂੰ ਕੋਈ ਚੋਟ ਨਾ ਲੱਗ ਜਾਵੇ, ਇਹ ਸਾਡੀ ਵੀਚਾਰ ਹੈ। ਤਲਵਾਰ ਦਾ ਫਰਜ਼ ਬਣਦਾ ਹੈ ਕਿ ਵੀਚਾਰ ਨੂੰ ਸਾਂਭ ਕੇ ਰਖੇ। ਤਲਵਾਰ ਤੇ ਵੀਚਾਰ ਦੋਨੋਂ ਚੀਜ਼ਾਂ ਇਕੱਠੀਆਂ ਰਹਿਣ, ਇਸੇ ਦਾ ਨਾਂ ਹੀ ਤਾਂ 'ਸੰਤ-ਸਿਪਾਹੀ' ਹੈ। ਮੂੰਹ ਕੀ ਹੈ - ਉਹ ਵੀ ਸੰਤ-ਸਿਪਾਹੀ ਹੈ। ਇਹਦੇ ਵਿੱਚ ਤਲਵਾਰ ਵੀ ਹੈ ਤੇ ਇਹਦੇ ਵਿੱਚ ਵੀਚਾਰ ਵੀ ਹੈ, ਇਹਦੇ ਵਿੱਚ ਦੰਦ ਵੀ ਹੈ ਤੇ ਇਹਦੇ ਵਿੱਚ ਜ਼ੁਬਾਨ ਵੀ ਹੈ। ਤੇ ਫਿਰ ਦੰਦ ਵੀ ਐਨੇ ਸਿਆਣੇ ਨੇ ਕਿ ਜਿਨ੍ਹਾਂ ਨੇ ਜ਼ੁਬਾਨ ਨੂੰ ਕੱਟਿਆ ਨਹੀਂ ਬਲਕਿ ਸਾਂਭ ਕੇ ਰਖਿਆ ਹੋਇਆ ਹੈ, ਚੌਫੇਰਿਓ ਰੱਖਿਆ (protection) ਦਿੱਤੀ ਹੋਈ ਹੈ, ਸੰਭਾਲ ਦਿੱਤੀ ਹੋਈ ਹੈ ਕਿ ਕਿਤੇ ਟੁੱਟ ਨਾ ਜਾਏ, ਕਿਤੇ ਇਹਨੂੰ ਕੋਈ ਚੋਟ ਨਾ ਆ ਜਾਵੇ ਕਿਉਂਕਿ ਇਹ ਵੀਚਾਰ ਹੈ। ਬਿਨਾਂ ਵੀਚਾਰ ਦੇ ਤਲਵਾਰ ਬੇ-ਮਤਲਬ ਚਲੀ ਜਾਂਦੀ ਹੈ। ਗੁਰੂ ਦੀ ਤਲਵਾਰ ਵਿੱਚ ਅਤੇ ਸੰਸਾਰ ਦੀ ਤਲਵਾਰ ਵਿੱਚ ਇਹੀ ਤਾਂ ਅੰਤਰ ਸੀ। ਗੁਰੂ ਦੀ ਤਲਵਾਰ ਬਾਣੀ ਦੀ ਵੀਚਾਰ ਨਾਲ ਜੁੜੀ ਹੋਈ ਸੀ।

ਤਲਵਾਰ ਤੇ ਵੀਚਾਰ ਇਕੱਠੀ ਹੈ। ਮਤ ਸਮਝਿਓ ਤਲਵਾਰ ਹੀ ਸ਼ਕਤੀ ਹੈ, ਵੀਚਾਰ ਵੀ ਸ਼ਕਤੀ ਹੈ। ਦੋਹਾਂ 'ਚ ਆਪੋ-ਆਪਣੀ ਸ਼ਕਤੀ ਹੈ। ਮੂੰਹ ਵਿੱਚ ਦੋਵੇਂ ਸ਼ਕਤੀਆਂ ਹਨ, ਦੰਦ ਕਿਤੇ ਭੁਲੇਖੇ ਵਿੱਚ ਆ ਕੇ ਇਹ ਨਾ ਸੋਚਣ ਕਿ ਅਸੀਂ ਚਾਹੀਏ ਤਾਂ ਜ਼ੁਬਾਨ ਦੇ ਟੁਕੜੇ-ਟੁਕੜੇ ਕਰ ਦੇਈਏ, ਇਹਦੇ ਕੋਲ ਕੋਈ ਸ਼ਕਤੀ ਨਹੀਂ। ਜ਼ੁਬਾਨ ਤਾਂ ਇੱਕ ਲਫਜ਼ ਕੱਢ ਦੇਵੇ ਤਾਂ ਲੋਕ ਬੱਤੀ ਦੇ ਬੱਤੀ ਦੰਦ ਕੱਢ ਦਿੰਦੇ ਹਨ। ਸੋ, ਤਲਵਾਰ ਵੀ ਸ਼ਕਤੀ ਹੈ ਤੇ ਵੀਚਾਰ ਵੀ ਸ਼ਕਤੀ ਹੈ। ਤਲਵਾਰ ਤੇ ਵੀਚਾਰ ਇਕੱਠੇ ਬੈਠੇ ਹਨ ਅਤੇ ਸਾਰੇ ਅੰਗ ਇੱਕ ਦੂਜੇ ਲਈ ਜੀਅ ਰਹੇ ਹਨ। ਬਸ ! ਇਹ ਧਰਮ ਦੀ ਤਰਤੀਬ ਸ਼ਰੀਰ ਵਿੱਚ ਹੈ।

ਭਲਿਆ ! ਜੇ ਤੂੰ ਸਜਾਵਟ ਦਾ ਨਾਂ ਧਰਮ ਸਮਝਦਾ ਹੈਂ ਤਾਂ ਤੈਨੂੰ ਪਤਾ ਹੋਵੇ ਧਰਮ ਦੂਜੇ ਲਈ ਹੈ, ਸਜਾਵਟ ਦੂਜੇ ਲਈ ਹੈ ਤੇ ਉਹ ਸਾਰਾ ਧਰਮ ਤਾਂ ਸਰੀਰ ਵਿੱਚ ਆ ਗਿਆ। ਜਿਸ ਦਿਨ ਤੂੰ ਪੈਰਾਂ ਵਾਂਗੂ ਇੱਕ-ਦੂਜੇ ਦਾ ਭਾਰ ਚੁੱਕ ਕੇ ਇੱਕ ਦੂਜੇ ਨੂੰ ਅੱਗੇ ਵੱਧਣ ਦਾ ਮੌਕਾ

(chance) ਦੇਵੇਂਗਾ, ਉਸ ਦਿਨ ਤੂੰ ਧਰਮੀ ਹੋਵੇਂਗਾ। ਜਿਸ ਦਿਨ ਜਿੰਨੀ ਤੇਰੀ ਕਿਰਤ ਹੈ, ਜਿੰਨੀ ਤੇਰੀ ਕਮਾਈ ਹੈ, ਉਹ ਦੂਜਿਆਂ ਲਈ ਭਾਵ ਪੰਥਕ ਬਣ ਕੇ ਪੰਥ ਲਈ ਆਪਣਾ ਸਭ ਕੁਝ ਕੁਰਬਾਨ ਕਰੇਂਗਾ, ਸਮਰਪਣ ਕਰੇਂਗਾ, ਉਸ ਦਿਨ ਤੂੰ ਹੱਥਾਂ ਦਾ ਰੂਪ ਧਾਰਣ ਕਰ ਲੇਵੇਂਗਾ। ਜਿਸ ਦਿਨ ਇਹ ਸਾਰੀਆਂ ਗੱਲਾਂ ਤੇਰੇ ਕੋਲ ਆ ਗਈਆਂ, ਉਸ ਦਿਨ ਤੂੰ ਧਰਮੀ ਹੋਵੇਂਗਾ।

ਇਹੁ ਸਰੀਰੁ ਸਭੁ ਧਰਮੁ ਹੈ

❖

ਸੂਹੀ ਮ: ੫

ਮਿਠ ਬੋਲੜਾ ਜੀ

ਹਰਿ ਸਜਣੁ ਸੁਆਮੀ ਮੋਰਾ॥

ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥

ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥

ਨਾਨਕ ਦਾਸੁ ਸਦਾ ਸਰਣਾਗਤਿ

ਹਰਿ ਅੰਮ੍ਰਿਤ ਸਜਣੁ ਮੇਰਾ॥

(ਗੁ.ਗ੍ਰੰ.ਸਾ.ਪੰਨਾ : 784)

ਮਿੱਠ ਬੋਲੜਾ

"ਗੋਸਾਈ ਮਿਹੰਡਾ ਇਠੜਾ।। ਅੰਮ ਅਬੇ ਥਾਵਹੁ ਮਿਠੜਾ।।"

(ਗੁ.ਗ੍ਰੰ.ਸਾ.ਪੰਨਾ : 73)

ਪ੍ਰਭੂ ਬਹੁਤ ਮਿੱਠਾ ਹੈ, ਉਸਦੇ ਬੋਲ ਮਿੱਠੇ, ਉਸਦਾ ਨਾਮ ਮਿੱਠਾ, ਉਸਦੇ ਗੁਣ ਮਿੱਠੇ, ਉਸਦੀ ਬਾਣੀ ਮਿੱਠੀ, ਉਸਦੀ ਨਦਰ ਮਿੱਠੀ, ਉਹ ਪ੍ਰਭੂ ਸ਼ਕਰ ਖੰਡ ਗੁੜ ਦੁੱਧ ਮਿਸ਼ਰੀ ਸ਼ਹਿਦ ਸਭ ਨਾਲੋਂ ਵੱਧ ਮਿੱਠਾ ਹੈ।

"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ।।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।।"

(ਗੁ.ਗ੍ਰੰ.ਸਾ.ਪੰਨਾ : 1379)

"ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ।।"

(ਗੁ.ਗ੍ਰੰ.ਸਾ.ਪੰਨਾ : 727)

"ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ।।"

(ਗੁ.ਗ੍ਰੰ.ਸਾ.ਪੰਨਾ : 321)

"ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ।।"

(ਗੁ.ਗ੍ਰੰ.ਸਾ.ਪੰਨਾ : 218)



"ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।। ਜਿਨਿ ਪੀਤੀ ਤਿਸੁ ਮੋਖ ਦੁਆਰ।।"

(ਗੁ.ਗ੍ਰੰ.ਸਾ.ਪੰਨਾ : 1275)

"ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ।।"

(ਗੁ.ਗ੍ਰੰ.ਸਾ.ਪੰਨਾ : 1392)

ਸੰਸਾਰ ਦੇ ਸਾਰੇ ਰਸਾਂ ਵਿਚੋਂ 'ਮਿੱਠਾ ਰਸ' ਸਭ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ, ਹਰ ਇਕ ਨੂੰ ਭਾਉਂਦਾ ਹੈ। ਸਮਾਜ ਵਿੱਚ ਖੁਸ਼ੀ ਸਮੇਂ ਭੋਜਨ ਦੇ ਥਾਲ ਵਿੱਚ ਮਿੱਠਾ ਪਰੋਸਿਆ ਜਾਣਾ, ਮਿੱਠਾ ਵੰਡਣਾ, ਤਿਉਹਾਰ ਜਾਂ ਵਿਆਹ ਸਮੇਂ ਮਠਿਆਈਆਂ ਵੰਡਣੀਆਂ ਸ਼ੁਭ ਸ਼ਗਨ ਮੰਨੇ ਜਾਂਦੇ ਹਨ।

"ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ।।"

(ਗੁ.ਗ੍ਰੰ.ਸਾ.ਪੰਨਾ : 517)

ਇਸੇ ਲਈ ਰੱਬ ਪ੍ਰਸਤ ਲੋਕਾਂ ਨੂੰ ਪ੍ਰਭੂ ਮਿੱਠਾ ਲਗਦਾ ਹੈ, ਗੁਰੂ ਮਿੱਠਾ ਲਗਦਾ ਹੈ। ਇਥੋਂ ਤਕ ਕਿ ਗੁਰੂ ਦੀ ਝਿੜਕ ਵੀ ਮਿੱਠੀ ਲਗਦੀ ਹੈ -'ਜੇ ਗੁਰ ਝਿੜਕੇ ਤਾ ਮੀਠਾ ਲਾਗੇ'। ਨਾਮ ਮਿੱਠਾ ਲਗਦਾ ਹੈ, ਨਾਮ ਜਪਣ ਵਾਲਾ ਵੀ ਮਿੱਠਾ ਲੱਗਦਾ ਹੈ -

"ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ।।
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ।।"

(ਗੁ.ਗ੍ਰੰ.ਸਾ.ਪੰਨਾ : 708)

"ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੇ ਗੁਰਸਿਖਾ ਮਨਿ ਮਿਠਾ।।"

(ਗੁ.ਗ੍ਰੰ.ਸਾ.ਪੰਨਾ : 451)

ਮਿੱਠਤ ਖੁਸ਼ੀ ਖੇੜੇ ਨਿਮਰਤਾ ਤੇ ਪਿਆਰ ਦੀ ਨਿਸ਼ਾਨੀ ਹੈ ਅਤੇ ਕੁੜਤਨ ਸੋਗ ਦੁਸ਼ਮਨੀ ਵਿਰੋਧ ਈਰਖਾ ਤੇ ਅਹੰਕਾਰ ਦੀ ਪ੍ਰਤੀਕ ਹੈ। ਕਦੀ ਕਿਸੇ ਨੇ ਮੌਤ ਦੇ, ਸੋਗ ਦੇ ਸਮੇਂ ਮਠਿਆਈਆਂ ਨਹੀਂ ਵੰਡੀਆਂ। ਰੱਬ ਅਬਿਨਾਸੀ ਖੇਮ ਹੈ, ਸਤ ਚਿਤ ਅਨੰਦ ਹੈ, ਅਕਾਲ ਹੈ। ਉਸ ਦੇ ਘਰ ਵਿੱਚ ਮੌਤ ਨਹੀਂ, ਸੋਗ ਨਹੀਂ :

"ਨਾ ਓਹੁ ਮਰੈ ਨ ਹੋਵੈ ਸੋਗੁ।। ਦੇਂਦਾ ਰਹੈ ਨ ਚੂਕੈ ਭੋਗੁ।।"

(ਗੁ.ਗ੍ਰੰ.ਸਾ.ਪੰਨਾ : 349)

ਇਸੇ ਲਈ ਰੱਬ ਮਿੱਠਾ ਹੈ ਤੇ ਰੱਬ ਦੇ ਘਰ ਵਿੱਚ ਮਿੱਠਾ ਹੀ ਪ੍ਰਵੇਸ਼ ਕਰਦਾ ਹੈ :

'ਬਲਿਹਾਰੀ ਤਿਨਾ ਗੁਰਸਿਖਾਂ ਜਾਇ ਜਿਨਾ ਗੁਰ ਦਰਸ਼ਨ ਡਿਠਾ।।
ਬਲਿਹਾਰੀ ਤਿਨਾ ਗੁਰਸਿਖਾਂ ਪੈਰੀਂ ਪੈ ਗੁਰ ਸਭਾ ਬਹਿਠਾ।।
ਬਲਿਹਾਰੀ ਤਿਨਾ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ।।'

(ਭਾਈ ਗੁਰਦਾਸ ਜੀ)

ਉਸਦੇ ਘਰ ਮਿੱਠਾ ਹੀ ਮਿੱਠਾ ਵੰਡਿਆ ਜਾਂਦਾ ਹੈ। ਉਸਦੇ ਘਰ ਵਿੱਚ ਤਾਂ ਸੁਦਾਮੇ ਦੇ ਪਿਆਰ ਦਾ ਸਾਗ ਵੀ ਖੀਰ ਵਰਗਾ ਮਿੱਠਾ ਹੁੰਦਾ ਹੈ :

"ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ।।"

(ਗੁ.ਗ੍ਰੰ.ਸਾ.ਪੰਨਾ : 1105)

ਗੁਰੂ ਘਰ ਵਿੱਚ ਰੋਜ਼ ਸਵੇਰ-ਸ਼ਾਮ ਵੰਡਿਆ ਜਾਂਦਾ ਪ੍ਰਸ਼ਾਦ ਮਿੱਠਾ ਹੈ। ਗੁਰੂ ਨੇ 200 ਸਾਲ ਵਿੱਚ ਸਿੱਖ ਤੋਂ ਸਿੰਘ ਬਣਾ ਕੇ ਜੋ ਅੰਮ੍ਰਿਤ ਝੋਲੀ ਪਾਇਆ, ਉਹ ਅੰਮ੍ਰਿਤ ਵੀ ਮਿੱਠਾ ਹੈ। ਇਸ ਲਈ ਸਿੱਖ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਰੱਬ ਦੇ ਘਰ, ਗੁਰੂ ਦੇ ਘਰ ਕੇਵਲ ਮਿੱਠਾ ਹੀ ਪ੍ਰਵਾਨ ਹੈ ਅਤੇ ਮਿੱਠਾ ਹੀ ਪ੍ਰਵੇਸ਼ ਕਰ ਸਕਦਾ ਹੈ। ਤਾਂ ਫਿਰ ਕੋਈ ਸਿੱਖ ਅੰਮ੍ਰਿਤ ਛੱਡ ਕੇ ਸ਼ਰਾਬ ਨਾਲ ਸਾਂਝ ਕਿਵੇਂ ਪਾ ਸਕਦਾ ਹੈ ? ਇਹ ਤਾਂ ਹਰੇਕ ਸਿੱਖ ਨੂੰ ਪਤਾ ਹੈ ਕਿ ਗੁਰੂ ਘਰ ਵਿੱਚ ਕਿਸੇ ਨੂੰ ਵੀ ਸ਼ਰਾਬ ਪੀ ਕੇ ਨਹੀਂ ਜਾਣਾ ਚਾਹੀਦਾ, ਇਸਦਾ ਮਤਲਬ ਸਿੱਖ ਇਹ ਤਾਂ ਸਮਝਦਾ ਹੈ ਕਿ ਗੁਰੂ ਨੂੰ ਸ਼ਰਾਬ ਪ੍ਰਵਾਨ ਨਹੀਂ। ਤਾਂ ਫਿਰ ਗੁਰੂ ਨੂੰ ਸ਼ਰਾਬ ਪੀਣ ਵਾਲਾ ਕਿਵੇਂ ਪ੍ਰਵਾਨ ਹੋ ਸਕਦਾ ਹੈ ? ਅੰਮ੍ਰਿਤ ਦੀ ਥਾਵੇਂ ਸ਼ਰਾਬ ਨਾਲ ਸਾਂਝ ਰਖਣਾ ਸਿੱਖ ਦੀ ਨਹੀਂ, ਸਾਕਤ ਦੀ ਨਿਸ਼ਾਨੀ ਹੈ ਗੁਰੂ ਆਖਦੇ ਹਨ।

"ਅੰਮ੍ਰਿਤੁ ਕਉਰਾ ਬਿਖਿਆ ਮੀਠੀ।। ਸਾਕਤ ਕੀ ਬਿਧਿ ਨੈਨਹੁ ਡੀਠੀ।।"

(ਗੁ.ਗ੍ਰੰ.ਸਾ.ਪੰਨਾ : 892)

ਸਤਿਗੁਰੂ ਆਖਦੇ ਹਨ ਸਾਕਤ ਪੁਰਸ਼ ਨੂੰ ਅੰਮ੍ਰਿਤ ਕਉੜਾ ਲਗਦਾ ਹੈ, ਬਿਖਿਆ (ਜ਼ਹਿਰ) ਮਿੱਠੀ ਲਗਦੀ ਹੈ ਅਤੇ ਮਿੱਠੀ ਸਮਝ ਕੇ ਜ਼ਹਿਰ ਪੀਵੀ ਜਾਂਦਾ ਹੈ। ਹੌਲੀ-ਹੌਲੀ ਮਨ ਰੋਗੀ ਹੋ ਜਾਂਦਾ ਹੈ, ਤਨ ਵੀ ਰੋਗੀ ਹੋ ਜਾਂਦਾ ਹੈ, ਮਿੱਤਰ ਸਾਥ ਛੱਡ ਦਿੰਦੇ ਹਨ ਤੇ ਘਰ ਬਰਬਾਦ ਹੋ ਜਾਂਦਾ ਹੈ। ਪਤਨੀ ਸ਼ਾਮਾਂ ਪੈਂਦੇ ਹੀ ਚਾਅ ਨਾਲ ਭੋਜਨ ਬਣਾ ਕੇ ਪਤੀ ਦੀ ਉਡੀਕ ਵਿੱਚ ਬੈਠੀ ਹੈ, ਬੱਚੇ ਬਾਪੂ ਦੀ ਗਲਵਕੜੀ ਵਿੱਚ ਆਉਣ ਲਈ ਤਰਸਦੇ ਬਾਰ-ਬਾਰ ਦਰਵਾਜ਼ੇ ਵੱਲ ਦੇਖ ਰਹੇ ਹਨ। ਪਰ ਪਤੀ, ਬੱਚਿਆਂ ਦਾ ਬਾਪੂ ਅੱਧੀ ਰਾਤ ਗਈ ਸ਼ਰਾਬ ਦੇ ਨਸ਼ੇ ਵਿੱਚ ਮਦਹੋਸ਼ ਡਿੱਗਦਾ ਘਰ ਆਉਂਦਾ ਹੈ ਅਤੇ ਨਸ਼ੇ ਵਿੱਚ ਪਤਨੀ ਨੂੰ ਬੋਲ ਕਬੋਲ ਬੋਲਦਾ ਹੈ ਤੇ ਪਿਤਾ ਦੇ ਪਿਆਰ ਨੂੰ ਤਰਸ ਰਹੇ ਬੱਚੇ ਬਾਪੂ ਦੇ ਘਰ ਆਉਂਦਿਆਂ ਹੀ ਸਹਿਮ ਜਾਂਦੇ ਹਨ। ਇਉਂ ਪਤਨੀ ਦੇ ਅਰਮਾਨ ਅਤੇ ਬੱਚਿਆਂ ਦਾ ਪਿਆਰਾ-ਭੋਲਾ ਬਚਪਨ ਸ਼ਰਾਬ ਦੀ ਬੋਤਲ ਵਿੱਚ ਗਰਕ ਹੋ ਜਾਂਦਾ ਹੈ। ਗੁਰੂ ਇਸੇ ਲਈ ਸਿੱਖ ਨੂੰ ਸ਼ਰਾਬ ਦੇ ਪਿਆਲੇ ਵਲੋਂ ਹੋੜਦਾ ਅਤੇ ਅੰਮ੍ਰਿਤ ਦੇ ਬਾਟੇ ਨਾਲ ਜੋੜਦਾ ਹੈ।

"ਮਿਠਾ ਕਰਿ ਕੈ ਕਉੜਾ ਖਾਇਆ।। ਤਿਨਿ ਕਉੜੈ ਤਨਿ ਰੋਗੁ ਜਮਾਇਆ।।
ਜੇ ਫਿਰਿ ਮਿਠਾ ਪੇੜੈ ਪਾਇ।। ਤਉ ਕਉੜਤਣੁ ਚੂਕਸਿ ਮਾਇ।।"

(ਗੁ.ਗ੍ਰੰ.ਸਾ.ਪੰਨਾ : 1243)

"ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ।।
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।।"

(ਗੁ.ਗ੍ਰੰ.ਸਾ.ਪੰਨਾ : 360)

❖

ਤਿਲੰਗ ਮਹਲਾ ੧

ਇਆਨੜੀਏ ਮਾਨੜਾ ਕਾਇ ਕਰੇਹਿ॥

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥੧॥.....

.....ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥

ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥

ਐਸੇ ਰੰਗਿ ਰਾਤੀ ਸਹਜ ਕੀ ਮਾਤੀ

ਅਹਿਨਿਸਿ ਭਾਇ ਸਮਾਣੀ॥

ਸੁੰਦਰਿ ਸਾਇ ਸਰੂਪ ਬਿਚਖਣਿ

ਕਹੀਐ ਸਾ ਸਿਆਣੀ॥੪॥

ਇਆਣੀ ਤੋਂ ਸਿਆਣੀ

ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਸ਼ਬਦ ਵਿੱਚ ਜੀਵਨ ਦਾ ਰਹੱਸ ਛੁਪਾ ਰਖਿਆ ਹੈ। ਇਸ ਸੰਪੂਰਨ ਸ਼ਬਦ ਵਿੱਚ ਵਿਰੋਧਾ ਭਾਵ ਵਾਲੇ ਦੋ ਲਫਜ਼ਾਂ ਦੀ ਮੁਖ ਰੂਪ ਵਿੱਚ ਇਉਂ ਵਰਤੋਂ ਕੀਤੀ ਗਈ ਹੈ ਕਿ ਇਹ ਸ਼ਬਦ ਮਨੁੱਖੀ ਜੀਵਨ ਦੀ ਸੰਪੂਰਨ ਕਹਾਣੀ ਅਤੇ ਸਫਲ ਜੀਵਨ ਲਈ ਪ੍ਰੇਰਣਾ ਸਰੋਤ ਹੈ। ਇਹ ਦੋ ਵਿਰੋਧਾ ਭਾਵ ਵਾਲੇ ਸ਼ਬਦ ਹਨ ਇਆਣੀ ਅਤੇ ਸਿਆਣੀ। ਇਆਣੀ ਬੇਸਮਝ (ਮੂਰਖ), ਅਜਾਣ, ਕੁਝ ਨਾ ਜਾਨਣ ਵਾਲੀ ਅਤੇ ਸਿਆਣੀ ਸਮਝਦਾਰ, ਗਿਆਨਵਾਨ, ਸੂਝਬੂਝ ਵਾਲੀ। ਇਸ ਸ਼ਬਦ ਦਾ ਆਰੰਭ ਇਆਨੜੀਏ (ਭਾਵ ਇਆਣੀ) ਤੋਂ ਹੈ ਅਤੇ ਸ਼ਬਦ ਦੀ ਸਮਾਪਤੀ ਸਿਆਣੀ 'ਤੇ ਹੈ।

ਜੀਵਨ ਦੇ ਆਰੰਭ, ਬਚਪਨ ਦੀ ਉਮਰ ਨੂੰ ਇਆਣੀ ਆਖਿਆ ਜਾਂਦਾ ਹੈ ਅਤੇ ਜੀਵਨ ਦੇ ਅਖੀਰਲੇ ਹਿੱਸੇ ਬੁਢੇਪੇ ਨੂੰ ਸਿਆਣਾ ਆਖਿਆ ਜਾਂਦਾ ਹੈ। ਇਸ ਤਰ੍ਹਾਂ ਇਆਣੀ ਤੋਂ ਸਿਆਣੀ ਮਾਨੋ ਪੂਰੇ ਜੀਵਨ ਦੀ ਸੰਪੂਰਨ ਕਹਾਣੀ ਹੈ। ਕਿਉਂਕਿ ਇਆਣਾਪਨ ਬੇਸਮਝੀ ਅਗਿਆਨਤਾ ਦਾ ਪ੍ਰਤੀਕ ਹੈ, ਇਸ ਲਈ ਇਆਣੇ ਬੱਚੇ ਨੂੰ ਕਿਸੇ ਦੀ ਸਾਂਭ-ਸੰਭਾਲ ਅਤੇ ਅਗਵਾਈ ਦੀ ਹਮੇਸ਼ਾ ਲੋੜ ਹੈ। ਮਾਂ ਬੱਚੇ ਨੂੰ ਆਪਣੀ ਹੱਥੀਂ ਕਪੜੇ ਪਾਉਂਦੀ ਹੈ ਕਿਉਂਕਿ ਬੱਚੇ ਨੂੰ ਸਿੱਧੇ-ਪੁੱਠੇ ਦੀ ਪਛਾਣ ਨਹੀਂ, ਮਾਂ ਗੋਦੀ ਵਿੱਚ ਲੈ ਕੇ ਬੱਚੇ ਨੂੰ ਸੁਆਦਿਸ਼ਟ ਅਤੇ ਪੌਸ਼ਟਿਕ ਭੋਜਨ ਆਪਣੀ ਹੱਥੀਂ ਖੁਵਾਉਂਦੀ ਹੈ ਕਿਉਂਕਿ ਮਾਂ ਸਮਝਦੀ ਹੈ ਜੇ ਬੱਚਾ ਆਪੇ ਖਾਵੇਗਾ ਤਾਂ ਖਾਣ ਨਾਲੋਂ ਜ਼ਿਆਦਾ ਡੋਲ੍ਹ



ਕੇ ਬਰਬਾਦ ਕਰ ਦੇਵੇਗਾ ਅਤੇ ਮੂੰਹ-ਹੱਥ ਵੀ ਲਬੇੜ ਲਵੇਗਾ। ਪਰ ਇਕ ਖਿਆਲ ਕਰਿਓ ! ਇਆਣੀ ਮਤ ਵਿੱਚ ਮਾਨੜਾ ਜ਼ਿਆਦਾ ਹੁੰਦਾ ਹੈ, ਇਸ ਲਈ ਮਾਂ ਦੀ ਅਗਵਾਈ ਦੀ ਥਾਂ ਬੱਚਾ ਸਭ ਕੁਝ ਆਪੇ ਕਰਨਾ ਚਾਹੁੰਦਾ ਹੈ, ਮਾਂ ਦੇ ਹੱਥੋਂ ਭੋਜਨ ਦੀ ਬੁਰਕੀ ਖੋਹੁੰਦਾ ਹੈ ਕਿ ਮੈਂ ਆਪ ਖਾਵਾਂਗਾ, ਜ਼ਿਦ ਕਰਦਾ ਹੈ। ਬਸ, ਉਸਦੀ ਇਹ ਜ਼ਿਦ ਇਆਨੜੀ ਦੇ ਮਾਨੜੇ ਦੀ ਨਿਸ਼ਾਨੀ ਹੈ।

ਪਰ ਇਹ ਸਭ ਕੁਝ ਸਮਾਜ ਨੇ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਕੀਤਾ ਬਲਕਿ ਗੁਰੂ ਨੇ ਵੀ ਇਆਣੇਪਨ ਦੀ ਬੇਸਮਝੀ ਦਾ ਜ਼ਿਕਰ ਕਰਦਿਆਂ ਗੁਰਬਾਣੀ ਵਿੱਚ ਫੁਰਮਾਇਆ -

"ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ।।
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ।।"

(ਗੁ.ਗ੍ਰੰ.ਸਾ.ਪੰਨਾ : 474)

ਭਾਵ ਇਆਣੇਪਨ ਵਿੱਚ ਕੀਤੇ ਜਾ ਰਹੇ ਕਿਸੇ ਕੰਮ ਦੀ ਵੀ ਸਫਲਤਾ ਪੂਰਬਕ ਸੰਪੂਰਨਤਾ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਇਸੇ ਲਈ ਸਮਾਜ ਨੇ ਇਆਣੇ ਨੂੰ ਘਰ ਜਾਂ ਬਾਹਰ ਦੀ ਕੋਈ ਵੀ ਜ਼ਿੰਮੇਵਾਰੀ ਸੌਂਪਣ ਤੋਂ ਇਨਕਾਰ ਕਰ ਦਿੱਤਾ। ਇਹ ਗੱਲ ਵਖਰੀ ਹੈ ਕਿ ਸਮਾਜ ਕੋਲ ਬੁੱਧੀ ਜਾਂ ਗਿਆਨ 'ਤੇ ਆਧਰਿਤ ਕਿਸੇ ਦੇ ਇਆਣੇ ਜਾਂ ਸਿਆਣੇ ਪਨ ਨੂੰ ਪਰਖਨ ਲਈ ਕੋਈ ਮੀਟਰ ਨਹੀਂ ਹੈ, ਇਸ ਲਈ ਇਸ ਫੈਸਲੇ ਨੂੰ ਸੌਖਾ ਕਰਨ ਲਈ ਉਮਰ ਦੀ ਇਕ ਹੱਦ ਨਿਸ਼ਚਿਤ ਕਰ ਦਿੱਤੀ ਕਿ 18 ਜਾਂ 21 ਸਾਲ ਦੀ ਉਮਰ ਤਕ ਹਰ ਕੋਈ ਇਆਣਾ ਹੈ। ਇਸ ਉਮਰ ਤਕ ਸਰਕਾਰੇ-ਦਰਬਾਰੇ ਕਿਸੇ ਵੀ ਫੈਸਲੇ ਸਮੇਂ ਇਸਦੇ ਦਸਤਖਤ ਪ੍ਰਵਾਨਿਤ ਨਹੀਂ, ਉਕਤ ਉਮਰ ਤਕ ਇਸਦਾ ਡਰਾਇਵਿੰਗ ਲਾਇਸੈਂਸ (Driving licence) ਨਹੀਂ ਬਣ ਸਕਦਾ। ਇਸਨੂੰ ਭਲੇ-ਬੁਰੇ ਦੀ ਪਛਾਣ ਨਹੀਂ, ਇਸ ਲਈ ਆਗੂ ਦੀ ਚੋਣ ਸਮੇਂ ਇਆਣੀ ਉਮਰ ਵਿੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਹੈ। ਹੁਣ ਤਾਂ ਇਥੋਂ ਤਕ ਕਿ ਉਕਤ ਉਮਰ ਤੋਂ ਪਹਿਲਾਂ ਇਸਦਾ ਵਿਵਾਹ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਅਜੇ ਜ਼ਿੰਮੇਵਾਰੀ ਸਮਝਣ ਅਤੇ ਸੰਭਾਲਣ ਦੇ ਯੋਗ ਨਹੀਂ, ਇਆਣਾ ਹੈ। ਇਸ ਉਮਰ ਤਕ ਇਹ ਪੜ੍ਹ-ਲਿਖ ਕੇ ਸਿਆਣਾ ਬਣੇ, ਹਰ ਥਾਵੇਂ ਸਕੂਲ ਕਾਲੇਜ ਯੂਨਿਵਰਸਿਟੀ ਇਸੇ ਲਈ ਬਣਾਈਆਂ ਗਈਆਂ ਹਨ ਕਿਉਂਕਿ ਸਮਾਜ ਨੂੰ ਗਿਆਨਹੀਨ ਇਆਣਾ ਪ੍ਰਵਾਨ ਨਹੀਂ।

ਪਰ ਗੁਰੂ ਕਿਉਂਕਿ **"ਘਟ ਘਟ ਕੇ ਅੰਤਰ ਕੀ ਜਾਨਤ"** ਹੈ ਤੇ ਅਵੱਸਥਾ ਪਛਾਣਦਾ ਹੈ, ਇਸ ਲਈ ਕਿਸੇ ਦੇ ਇਆਣੇ ਜਾਂ ਸਿਆਣੇ ਪਨ ਲਈ ਉਮਰ ਦੀ ਹੱਦ ਨਿਸਚਿਤ ਨਹੀਂ ਕਰਦਾ। ਕਿਉਂਕਿ ਗੁਰੂ ਸਮਝਦਾ ਹੈ ਕਿ ਬਾਲਕ ਭਾਈ ਬੂੜਾ (ਬਾਬਾ ਬੁੱਢਾ) ਵੀ ਹੋ ਸਕਦਾ ਹੈ, "ਪਾਂਚ ਬਰਖ ਕੋ ਅਨਾਥ ਧ੍ਰੂਹ ਬਾਰਕ" ਮਹਾਨ ਭਗਤ ਵੀ ਹੋ ਸਕਦਾ ਹੈ, ਅੱਠ ਸਾਲ ਦੀ ਉਮਰੇ ਦੀਨ-ਦੁਨੀ ਦੇ ਤਖ਼ਤ ਦਾ ਮਾਲਿਕ ਸਤਿਗੁਰੂ ਇਕ ਅਨਪੜ੍ਹ ਗੂੰਗੇ ਝੀਵਰ ਕੋਲੋਂ ਗੀਤਾ ਦੇ ਅਰਥ ਕਰਾਉਣ ਵਾਲਾ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਹੋ ਸਕਦਾ ਹੈ। ਇਸ ਲਈ ਉਮਰ ਦੀ ਕੋਈ ਹੱਦ ਨਹੀਂ। ਗੁਰੂ ਆਖਦਾ ਹੈ ਮੈਨੂੰ ਹਰ ਉਮਰੇ ਸਿਆਣਾ ਚਾਹੀਦਾ ਹੈ ਜਿਹੜਾ ਜੀਵਨ ਜੁਗਤ, ਧਰਮ ਜੁਗਤ, ਗੁਰਮਤਿ ਮਰਯਾਦਾ, ਸਿੱਖੀ ਸਮਝਦਾ ਹੋਵੇ। ਅਤੇ ਐਸਾ ਇਆਣਾ ਪ੍ਰਵਾਨ ਨਹੀਂ ਜਿਹੜਾ

"ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ।।"

(ਗੁ.ਗ੍ਰੰ.ਸਾ.ਪੰਨਾ : 469)

ਮਨੁੱਖ ਨੂੰ ਜੀਵਨ ਜੁਗਤ ਦੇ ਇਆਣੇਪਨ ਕਾਰਨ ਧਰਮ ਖੇਤਰ ਵਿੱਚ ਅਸਫਲਤਾ ਭਰਮਾਂ ਵਹਿਮਾਂ ਦੇ ਅੰਧੇਰੇ ਕਾਰਨ, ਰੱਬੀ ਰਾਹਾਂ ਵਿੱਚ ਮੰਜ਼ਲ ਭੁਲਾ **"ਸਤਿਗੁਰ ਪੂਛ ਨ ਮਾਰਗ ਚਾਲੀ"** ਵਾਂਗ ਅਹੰ ਮਤ ਵਿੱਚ ਮੂੰਹ-ਮੁਹਾੜ ਠੇਡੇ ਖਾਂਦਾ ਵੇਖ ਕੇ ਗੁਰੂ ਨੂੰ ਤਰਸ ਆ ਗਿਆ, ਸਤਿਗੁਰੂ ਨੇ ਆਵਾਜ਼ ਦਿੱਤੀ - **"ਇਆਨੜੀਏ ਮਾਨੜਾ ....".** ਹੇ ਜੀਵ, ਇਆਣੀ ਮਤ ਕਾਰਨ ਭਟਕ ਕੇ ਕਿਉਂ ਠੇਡੇ ਖਾ ਰਿਹਾ ਹੈਂ, ਫਿਰ ਆਪਣੀ ਮਤ 'ਤੇ ਮਾਨੜਾ ਕਰਦਾ ਹੈਂ ਤੇ ਗੁਰੂ ਕੋਲੋਂ ਪੁੱਛਦਾ ਵੀ ਨਹੀਂ। ਆ ਰੱਬੀ ਹੁਕਮ ਸੁਣ -

"ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ।।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ।।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ।।"

(ਗੁ.ਗ੍ਰੰ.ਸਾ.ਪੰਨਾ : 463)

ਹੇ ਇਆਨੜੀਏ ! ਸਮਝ ਲੈ ਆਪਣੀ ਮਤ ਤੇ ਮਾਨੜੇ ਕਾਰਨ ਸਹੁ ਘਰ ਵਿੱਚ ਹੁੰਦਿਆਂ ਹੋਇਆ ਵਿਛੁੜ ਕੇ ਬੈਠੀ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਤਿਆਗ ਕੇ ਆਪਣੀ ਮਾਨੜੇ ਭਰੀ ਮਨਮਤ ਅਧੀਨ ਭਰਮਾਂ ਨੂੰ ਹੀ ਗੁਰਮਤਿ ਸਮਝ ਕੇ ਧਰਮ ਕਰਮ ਬਣਾਈ ਬੈਠੀ ਹੈਂ। ਇਹੋ ਕਾਰਨ ਹੈ ਧਰਮ ਅਸਥਾਨਾਂ 'ਤੇ ਧਰਮ ਦੇ ਪਵਿੱਤਰ ਭੋਜਨ ਦੇ ਨਾਮ ਹੇਠ ਹੀ ਲੜਾਈਆਂ, ਫਸਾਦ, ਈਰਖਾ, ਦਵੈਖਤਾ ਨਾਲ ਮੂੰਹ ਲਬੇੜ ਕੇ ਬਦਸੂਰਤ ਕੀਤੇ ਜਾ ਰਹੇ ਹਨ। ਬਸ, ਇਹ ਸਮਝ ਲੈ :

"ਜੇ ਜਾਣਸਿ ਬ੍ਰਹਮੰ ਕਰਮੰ ।।
ਸਭਿ ਫੋਕਟ ਨਿਸਚਉ ਕਰਮੰ ।।"
"ਕਹੁ ਨਾਨਕ ਨਿਹਚਉ ਧਿਆਵੈ ।।
ਵਿਣੁ ਸਤਿਗੁਰ ਵਾਟ ਨ ਪਾਵੈ ।।"

(ਗੁ.ਗ੍ਰੰ.ਸਾ.ਪੰਨਾ : 470)

"ਗੁਰ ਕੀ ਮਤਿ ਤੂੰ ਲੇਹਿ ਇਆਨੇ ।।
ਭਗਤਿ ਬਿਨਾ ਬਹੁ ਡੂਬੇ ਸਿਆਨੇ ।।"

(ਗੁ.ਗ੍ਰੰ.ਸਾ.ਪੰਨਾ : 287)

ਇਆਣੀ ਰੋ ਪਈ - ਜੀ ਕੀ ਕਰਾਂ, ਫਿਰ ਹੁਕਮ ਹੋਇਆ :

"ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ।।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ।।"

(ਗੁ.ਗ੍ਰੰ.ਸਾ.ਪੰਨਾ : 722)



"ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥"

(ਗੁ.ਗ੍ਰੰ.ਸਾ.ਪੰਨਾ : 139)

ਹੁਣ ਇਆਣੀ ਨੂੰ ਆਪਣੇ ਇਆਣੇਪਨ ਦਾ ਅਹਿਸਾਸ ਜਾਗਿਆ, ਹੁਣ ਤਕ ਦੇ ਆਪਣੇ ਕੀਤੇ ਕਰਮਾਂ ਦੀ ਬਦਸੂਰਤ ਤਸਵੀਰ ਸਾਹਮਣੇ ਦਿੱਸ ਪਈ, ਜੀਵਨ ਦੀਆਂ ਅਸਫਲਤਾਵਾਂ ਦਾ ਕਾਰਨ ਲੱਭ ਪਿਆ ਅਤੇ ਕਹਿ ਉੱਠੀ -

"ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥
ਕਰਣ ਪਲਾਹ ਕਰੇ ਬਹੁਤੇਰੇ ਸਾਧਨ ਮਹਲੁ ਨ ਪਾਵੈ॥"

(ਗੁ.ਗ੍ਰੰ.ਸਾ.ਪੰਨਾ : 722)

ਗੁਰੂ ਨੇ ਆਖਿਆ - ਤੂੰ ਉਮਰ ਕਰਕੇ ਨਹੀਂ, ਅਉਗੁਣਾਂ ਵਾਲੇ ਮਾਨ-ਮਤੇ-ਸੁਭਾਅ ਕਰਕੇ ਇਆਣੀ ਬਣ ਪ੍ਰਭੂ ਤੋਂ ਵਿੱਛੜੀ ਹੈਂ।

"ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥"

(ਗੁ.ਗ੍ਰੰ.ਸਾ.ਪੰਨਾ : 722)

ਜੀ ਸੋਝੀ ਦਿਉ, ਹੁਣ ਕੀ ਕਰਾਂ ? ਜੁਆਬ ਮਿਲਿਆ - ਪਾਰਬ੍ਰਹਮ ਪ੍ਰਮੇਸ਼ਰ ਰੂਪ ਕੋਲੋਂ ਅਰਦਾਸ ਕਰਕੇ ਜੀਵਨ ਜੁਗਤ ਪੁੱਛ ਅਤੇ "ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ" ਜੋ ਆਖੇ, ਉਸ ਅਨੁਸਾਰ ਜੀਵਨ ਚਾਲੀ ਬਣਾ ਤੇ ਫਿਰ ਦੇਖ :

"ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥"

(ਗੁ.ਗ੍ਰੰ.ਸਾ.ਪੰਨਾ : 722)

ਇਉਂ ਗੁਰਬਾਣੀ ਰੂਪ ਗੁਰੂ ਬਚਨਾਂ 'ਤੇ ਜਦੋਂ ਅਟਲ ਵਿਸ਼ਵਾਸ ਹੋ ਗਿਆ ਅਤੇ ਗੁਰਮਤਿ ਦਾ ਪੱਲਾ ਘੁੱਟ ਕੇ ਫੜ ਲਿਆ -

"ਮਾਈ ਸਤਿ ਸਤਿ ਸਤਿ ਹਰਿ, ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ, ਮੈ ਛੀਕਿ ਗਾਂਠਰੀ ਬਾਧਾ॥"

(ਗੁ.ਗ੍ਰੰ.ਸਾ.ਪੰਨਾ : 1204)

ਹੁਣ ਗੁਰੂ ਨੇ ਜੀਵਨ ਦੀ ਸੁੰਦਰਤਾ (ਖ਼ੂਬਸੂਰਤੀ) ਅਤੇ ਸਿਆਣਪ 'ਤੇ ਆਪਣੀ ਮੋਹਰ ਲਾਉਂਦਿਆਂ ਆਖ ਦਿੱਤਾ :

"ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥"

ਇਆਣੀ ਤੋਂ ਸਿਆਣੀ

ਇਉਂ ਇਸ ਸ਼ਬਦ ਦੇ ਘੇਰੇ ਵਿੱਚ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਮਨਮੱਤ ਦੇ ਅੰਧੇਰੇ ਵਿੱਚ ਭਟਕ ਰਹੀ ਅਗਿਆਨੀ ਇਆਣੀ ਜੀਵ ਆਤਮਾ ਨੂੰ ਬਾਹੋਂ ਫੜ ਕੇ ਇਆਣੀ ਤੋਂ ਸਿਆਣੀ ਦੀ ਸਫਲ ਮੰਜ਼ਿਲ ਤਕ ਪਹੁੰਚਾਉਂਦੇ ਹਨ।

"ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥"

(ਗੁ.ਗ੍ਰੰ.ਸਾ.ਪੰਨਾ : 168)

❖

"ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।।
ਪ੍ਰਗਟਿਓ ਖ਼ਾਲਸ਼ਾ ਪ੍ਰਮਾਤਮ ਕੀ ਮੌਜ।।"

ਰੱਬ 'ਨਾ ਡਰਦੈ', 'ਨਾ ਡਰਾਉਂਦੈ' ਤੇ

ਨਾ ਹੀ ਉਹ ਫ਼ੌਜ ਰਖਦਾ ਹੈ,

ਫਿਰ 'ਖ਼ਾਲਸਾ ਅਕਾਲ ਪੁਰਖ ਕੀ ਫ਼ੌਜ' ਕਿਵੇਂ?

ਅਕਾਲ ਪੁਰਖ ਨੂੰ ਫ਼ੌਜ ਦੀ ਲੋੜ ਕਿਉਂ ਪ੍ਰਤੀਤ ਹੋਈ?

ਕੀ ਉਹ ਕਿਸੇ ਫ਼ੌਜ ਦੇ ਮੁਥਾਜ ਹੈ?

ਫਿਰ ਇਹ ਫ਼ੌਜ ਕਿਉਂ ਹੈ?

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਹੈ। ਇਸ ਨੇ ਪ੍ਰਮਾਤਮਾ ਦੀ ਕਲਪਨਾ ਵਿੱਚੋਂ, ਪ੍ਰਮਾਤਮਾ ਦੀ ਸੋਚ ਵਿੱਚੋਂ, ਪ੍ਰਮਾਤਮਾ ਦੀ ਮੌਜ ਵਿੱਚੋਂ ਜਨਮ ਲਿਆ ਹੈ। ਦੁਨੀਆਂ ਵਿੱਚ ਵੀ ਸੰਸਾਰ ਦੇ ਬਾਦਸ਼ਾਹਾਂ ਕੋਲ, ਸੰਸਾਰ ਦੇ ਰਜਵਾੜਿਆਂ ਕੋਲ, ਅਕਸਰ ਥੋੜ੍ਹੀ ਜਾਂ ਬਹੁਤੀ ਫ਼ੌਜ ਹੁੰਦੀ ਹੈ। ਸਨਬੱਧ ਸ਼ਸਤਰਧਾਰੀ ਕਾਫਿਲੇ ਨੂੰ ਅਸੀਂ-ਤੁਸੀਂ ਫ਼ੌਜ ਆਖਦੇ ਹਾਂ ਜਿਹੜਾ ਦੁਨੀਆਂ ਦਾ ਹਰ ਮੁਲਕ ਰੱਖਣਾ ਚਾਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿਸੇ ਦੀ ਤੌਫੀਕ ਨਾ ਹੋਵੇ ਕੁਝ, ਗ਼ਰੀਬ ਦੇਸ਼ ਫ਼ੌਜ ਦੇ ਪੱਖੋਂ ਹੋ ਸਕਦਾ ਹੈ ਐਨੇ ਮਜ਼ਬੂਤ ਨਾ ਹੋਣ, ਉਨ੍ਹਾਂ ਦੀ ਫ਼ੌਜ (Army) ਤੇ ਉਨ੍ਹਾਂ ਦੀ ਮਿਲਟਰੀ ਸ਼ਕਤੀ ਐਨੀ ਮਜ਼ਬੂਤ ਨਾ ਹੋਵੇ, ਹਰੇਕ ਦੀ ਮਿਲਟਰੀ-ਸ਼ਕਤੀ ਇਕੋ ਜਿਹੀ ਨਹੀਂ ਹੁੰਦੀ ਪਰ ਹਰ ਕੋਈ ਚਾਹੁੰਦਾ ਹੈ ਫ਼ੌਜ ਰੱਖਣੀ। ਅੱਜ ਦੇ ਜੁੱਗ ਵਿੱਚ ਤਾ ਦੌੜ ਲਗੀ ਹੋਈ ਹੈ। ਆਏ ਦਿਨ ਨਵੇਂ ਤੇ ਖ਼ਤਰਨਾਕ ਹਥਿਆਰ ਬਣ ਰਹੇ ਹਨ ਤੇ ਫ਼ੌਜ ਦੀ ਸਿਖਲਾਈ (training) ਵੀ ਪਹਿਲੇ ਦੀ ਤਰ੍ਹਾਂ ਸੀਮਿਤ ਨਹੀਂ ਰਹੀ, ਅੱਗੇ ਨਾਲੋਂ ਜ਼ਿਆਦਾ ਵਿਗਿਆਨਿਕ ਹੋ ਗਈ ਹੈ। ਐਸੇ ਦੇਸ਼ ਵੀ ਹਨ, ਜਿਨ੍ਹਾਂ ਕੋਲ ਖਾਣ ਤੇ ਪਹਿਨਣ ਲਈ ਸਭ ਕੁਝ ਨਹੀਂ (ਉਨ੍ਹਾਂ ਦੀ ਗਿਣਤੀ ਵਿੱਚ ਬਦ-ਕਿਸਮਤੀ ਨਾਲ ਸਾਡਾ ਦੇਸ਼ ਵੀ ਆਉਂਦਾ ਹੈ) ਜਿੱਥੇ ਦੇ ਬਹੁਤ ਸਾਰੇ ਹਿੱਸੇ ਨੂੰ ਦੋਨੋਂ ਵਕਤ ਰੋਜ਼ੀ-ਰੋਟੀ ਨਸੀਬ ਨਹੀਂ ਹੁੰਦੀ, ਤਨ 'ਤੇ ਕਪੜਾ ਨਹੀਂ ਜੁੜਦਾ ਪਰ ਫ਼ੌਜੀ ਸ਼ਕਤੀ ਦੀ ਲੋੜ ਉਸ ਦੇਸ਼ ਨੂੰ ਵੀ ਪ੍ਰਤੀਤ ਹੁੰਦੀ ਹੈ। ਕਈ ਵਾਰ ਇਸ ਦੇ ਵਿਰੁੱਧ ਆਵਾਜ਼ ਵੀ ਉੱਠਦੀ ਹੈ ਪਰ ਮਜ਼ਬੂਰੀ



ਜ਼ਾਹਿਰ ਕੀਤੀ ਜਾਂਦੀ ਹੈ ਕਿ ਜਿਸ ਦੇਸ਼ ਕੋਲ ਫ਼ੌਜ ਨਹੀਂ, ਜਿਸ ਦੀ ਫ਼ੌਜੀ ਸ਼ਕਤੀ ਕਮਜ਼ੋਰ ਹੈ, ਉਸ ਦੀ ਹੋਂਦ ਨੂੰ, ਉਸ ਦੀ ਆਜ਼ਾਦੀ ਨੂੰ ਕਿਸੇ ਵਕਤ ਵੀ ਖ਼ਤਰਾ ਹੋ ਸਕਦਾ ਹੈ। ਐਸਾ ਹੀ ਖ਼ਿਆਲ ਹਰ ਬਾਦਸ਼ਾਹ ਦੇ ਦਿਲ ਵਿੱਚ ਹੈ।

ਫ਼ੌਜ ਦੀ ਲੋੜ ਕਦੋਂ ਪ੍ਰਤੀਤ ਹੁੰਦੀ ਹੈ ? ਫ਼ੌਜ ਦੋ ਤਰ੍ਹਾਂ ਦੇ ਖ਼ਿਆਲਾਂ ਵਿੱਚੋਂ ਜਨਮ ਲੈਂਦੀ ਹੈ। ਇਕ ਸਲਤਅਨਤ ਦਾ ਰਾਜਾ ਜਾਂ ਬਾਦਸ਼ਾਹ ਜਿਹੜਾ ਉਸ ਬਾਦਸ਼ਾਹਤ ਦੇ ਸਿੰਘਾਸਨ 'ਤੇ ਬੈਠਾ ਹੈ ਜਾਂ ਦੇਸ਼ ਦੀ ਹਕੂਮਤ ਜਿਹੜੀ ਦੇਸ਼ ਦੀ ਵਾਗਡੋਰ ਸੰਭਾਲ ਕੇ ਬੈਠੀ ਹੈ - ਜਾਂ ਤੇ ਉਹਦੇ ਮਨ ਵਿੱਚ ਡਰ ਹੋਵੇ, ਕਿਸੇ ਦਾ ਭੈਅ ਹੋਵੇ ਕਿ ਕੋਈ ਗੁਆਂਢੀ-ਪੜੋਸੀ ਦੇਸ਼, ਦੂਰ ਜਾਂ ਨੇੜੇ ਵੱਸਣ ਵਾਲਾ ਮੇਰਾ ਵਿਰੋਧੀ, ਮੇਰੇ ਦੁਸ਼ਮਨ ਕੋਲੋਂ ਮੈਨੂੰ ਖ਼ਤਰਾ ਹੋ ਸਕਦਾ ਹੈ ਕਿਸੇ ਪਲ ਵੀ, ਕਿਸੇ ਸਮੇਂ ਵੀ ਕਿਤੇ ਮੇਰੇ ਕੋਲੋਂ ਰਾਜ ਖੋਹ ਨਾ ਲਵੇ, ਮੇਰੇ ਦੇਸ਼ ਦੀ ਸਰਹੱਦ ਤੇ ਕੋਈ ਹਮਲਾ ਨਾ ਹੋ ਜਾਵੇ। ਇਸ ਲਈ ਬੇਸ਼ਕ ਮੇਰੀ ਤੌਫੀਕ ਹੋਵੇ ਨਾ ਹੋਵੇ ਮੈਨੂੰ ਮਜ਼ਬੂਤ ਫ਼ੌਜ ਚਾਹੀਦੀ ਹੈ। ਇਸ ਡਰ, ਇਸ ਤ੍ਰਾਸ, ਇਸ ਭੈਅ ਵਿੱਚ ਫ਼ੌਜ ਦੀ ਲੋੜ ਪ੍ਰਤੀਤ ਹੁੰਦੀ ਹੈ। ਜਾਂ ਦੂਜੇ ਪਾਸੇ ਕਿਸੇ ਦੇਸ਼ ਦੀ ਬਾਗਡੋਰ ਸੰਭਾਲਣ ਵਾਲੇ ਸਲਤਨਅਤ ਦੇ ਮਾਲਿਕ ਵਿਚ ਐਨੀ ਹਉਮੈ ਹੋਵੇ, ਐਨਾ ਅਹੰਕਾਰ ਹੋਵੇ ਕਿ ਉਹ ਦੂਜੇ ਦੇਸ਼ਾਂ 'ਤੇ ਆਪਨਾ ਦਬਦਬਾ ਕਾਇਮ ਰਖਣਾ ਚਾਹੁੰਦਾ ਹੋਵੇ, ਆਪਨੀ ਸੁਪਰੀਮ ਪਾਵਰ ਦੀ ਧਾਕ ਜਮਾਉਣਾ ਚਾਹੁੰਦਾ ਹੋਵੇ, ਆਪਨਾ ਪ੍ਰਭਾਵ ਛੱਡਣ ਲਈ ਕਿ ਹਰੇਕ ਮੇਰੇ ਕੋਲੋਂ ਤ੍ਰਾਸਦਾ ਰਹੇ, ਡਰਦਾ ਰਹੇ। ਮੈਂ ਇਸ ਸੰਸਾਰ ਦੀ ਸੁਪਰ ਪਾਵਰ ਹੋਵਾਂ - ਇਹ ਖਿਆਲ ਹਿਰਦੇ ਵਿੱਚ ਰਖ ਕੇ ਉਹ ਆਪਨੀ ਫ਼ੌਜ ਜ਼ਿਆਦਾ ਤੋਂ ਜ਼ਿਆਦਾ ਮਜ਼ਬੂਤ ਕਰਦਾ ਹੈ।

ਫ਼ੌਜ ਇਨ੍ਹਾਂ ਦੋ ਖ਼ਿਆਲਾਂ ਤੋਂ ਜਨਮ ਲੈਂਦੀ ਹੈ - ਜਾਂ ਤੇ ਜਿਹੜਾ ਡਰਦਾ ਹੈ ਉਹ ਆਪਨੀ ਰਾਖੀ ਲਈ ਫ਼ੌਜ ਰੱਖਦਾ ਹੈ ਤਾਂ ਕਿ ਦੁਸ਼ਮਣ ਕੋਲੋਂ ਬਚਿਆ ਰਹਾਂ ਤੇ ਜਾਂ ਜਿਹੜਾ ਦੂਜੇ ਨੂੰ ਡਰਾ ਕੇ ਰੱਖਣਾ ਚਾਹੁੰਦਾ ਹੈ, ਦੂਜੇ ਨੂੰ ਆਪਨੇ ਭੈਅ ਥੱਲੇ ਰੱਖਣਾ ਚਾਹੁੰਦਾ ਹੈ, ਆਪਨੀ ਸ਼ਕਤੀ ਦਾ ਮੁਜਾਹਰਾ ਕਰਨਾ ਚਾਹੁੰਦਾ ਹੈ। ਇਨ੍ਹਾਂ ਦੋ ਖ਼ਿਆਲਾਂ ਤੋਂ ਹੀ ਫ਼ੌਜ ਦੀ ਲੋੜ ਪ੍ਰਤੀਤ ਹੁੰਦੀ ਹੈ।

"ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।। ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।"

ਅਸੀਂ ਬਹੁਤ ਚਿਰਾਂ ਤੋਂ ਇਹ ਸ਼ਬਦ ਸੁਣਦੇ-ਸੁਣਾਉਂਦੇ ਆ ਰਹੇ ਹਾਂ। ਪਰ ਸੋਚਣਾ ਪਵੇਗਾ ਕਿ ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਹੈ ਅਤੇ ਜੇ ਹੈ ਤਾਂ ਅਕਾਲ ਪੁਰਖ ਨੂੰ ਫ਼ੌਜ ਦੀ ਲੋੜ ਕਿਉਂ ਪ੍ਰਤੀਤ ਹੋਈ ? ਕੀ ਅਕਾਲ ਪੁਰਖ ਕਿਸੇ ਤੋਂ ਡਰਦਾ ਹੈ ਜਾਂ ਡਰਾਉਣਾ ਚਾਹੁੰਦਾ ਹੈ ? ਕੀ ਉਹਦੇ ਨਾਲ ਕੋਈ ਵੱਡਾ ਬਾਦਸ਼ਾਹ ਉਹਦਾ ਪੜੋਸੀ ਹੈ? ਕੀ ਕੋਈ ਰਾਜਾ ਐਸਾ ਵੀ ਹੈ ਜਿਸ 'ਤੇ ਉਹਦੀ ਹਕੂਮਤ ਨਾ ਚਲਦੀ ਹੋਵੇ ? ਅਕਾਲ ਪੁਰਖ ਤਾਂ ਐਡਾ ਮਹਾਨ ਬਾਦਸ਼ਾਹ ਹੈ; ਦੁਨੀਆਂ ਦੀ ਇੱਕ ਇੰਚ ਵੀ ਐਸੀ ਧਰਤੀ ਨਹੀਂ, ਬ੍ਰਹਿਮੰਡ ਦਾ ਇੱਕ ਇੰਚ ਵੀ ਐਸਾ ਹਿੱਸਾ ਨਹੀਂ ਜਿੱਥੇ ਉਸਦਾ ਰਾਜ ਨਹੀਂ। ਗੁਰੂ ਨੇ ਵੀ ਆਖਿਆ ਹੈ :

"ਕੋਊ ਹਰਿ ਸਮਾਨਿ ਨਹੀ ਰਾਜਾ।।
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ।।"

(ਗੁ.ਗ੍ਰੰ.ਸਾ.ਪੰਨਾ : 856),

"ਤੁਮ ਹੋ ਸਭ ਰਾਜਨ ਕੇ ਰਾਜਾ.."

"ਸਭ ਨਗਰੀ ਮੈ ਏਕੋ ਰਾਜਾ" ਅਕਾਲ ਪੁਰਖ ਨੂੰ ਕੀ ਖ਼ਤਰਾ ਹੋ ਸਕਦਾ ਹੈ ? ਕੋਈ ਗੁਆਂਢੀ ਉਸ ਦਾ ਹੈ ਹੀ ਨਹੀਂ, ਸਾਰਾ ਬ੍ਰਹਿਮੰਡ ਹੀ ਉਸ ਦਾ ਹੈ, ਸਾਰੇ ਦਾ ਇਕੋ ਹੀ ਬਾਦਸ਼ਾਹ ਹੈ। ਉਸ ਨੂੰ ਡਰ ਕੋਈ ਨਹੀਂ, ਭੈਅ ਕੋਈ ਨਹੀਂ ਤੇ ਕਿਸੇ ਤੋਂ ਡਰਦਾ ਨਹੀਂ, ਉਹਦੇ ਮੁਕਾਬਲੇ ਦਾ ਕੋਈ ਬਾਦਸ਼ਾਹ ਨਹੀਂ। ਤੇ ਜੇ ਉਹ ਡਰਦਾ ਨਹੀਂ ਤਾਂ ਉਹਨੂੰ ਰਾਖੀ ਲਈ ਫ਼ੌਜ ਦੀ ਵੀ ਲੋੜ ਕੋਈ ਨਹੀਂ। ਉਹਦਾ ਤਾਂ ਸੰਕਲਪ (concept) ਹੀ ਇਹੋ ਹੈ :

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।"

(ਗੁ.ਗ੍ਰੰ.ਸਾ.ਪੰਨਾ : 1427)

ਨਾ ਕਿਸੇ ਕੋਲ ਡਰਦਾ ਹੈ ਤੇ ਨਾ ਡਰਾਉਂਦਾ ਹੈ। ਦੂਜਾ ਖਿਆਲ ਇਹ ਸੀ ਕਿ ਜਿਹੜਾ ਮਨੁੱਖ ਡਰਦਾ ਨਹੀਂ, ਉਹ ਡਰਾਉਣ ਲਈ ਫ਼ੌਜ ਰੱਖਦਾ ਹੈ। ਰੱਬ ਨੂੰ ਇਹ ਆਦਤ ਵੀ ਨਹੀਂ। ਉਹ ਐਨਾ ਵਿਸ਼ਾਲ ਦਿਲ ਹੈ, ਐਨਾ ਰਹਿਮਤਾਂ ਦਾ ਖ਼ਜ਼ਾਨਾ ਹੈ :

"ਦੇਂਖਨ ਦੇਖਤ ਹੇ ਪਰ ਦੇਤ ਨ ਹਾਰੈ"

ਸੰਸਾਰ ਅੰਦਰ ਗੁਨਾਹਗਾਰਾਂ ਦੀ, ਰੱਬ ਦੀਆਂ ਦਿੱਤੀਆਂ ਹੋਈਆਂ ਦਾਤਾਂ ਨੂੰ ਪ੍ਰਾਪਤ ਕਰ ਕੇ ਉਹਦੇ ਤੋਂ ਮੁਨਕਰ ਹੋ ਜਾਣ ਵਾਲਿਆਂ ਦੀ ਗਿਣਤੀ ਕੋਈ ਥੋੜ੍ਹੀ ਨਹੀਂ। ਨਾਸਤਿਕਤਾ ਦਾ ਸੰਸਾਰ ਬੜਾ ਵੱਡਾ ਹੈ ਪਰ ਰੱਬ ਨਾਰਾਜ਼ ਨਹੀਂ ਹੁੰਦਾ। ਇਹ ਸੋਚਦਾ ਹੀ ਨਹੀਂ ਕਿ ਐਸੇ ਅਕ੍ਰਿਤਘਣ ਲੋਕ ਮੇਰੇ ਰਾਜ ਵਿੱਚ ਰਹਿ ਕੇ, ਮੇਰੇ ਕੋਲੋਂ ਹੀ ਖਾ ਕੇ, ਮੇਰੇ ਵਿਰੁੱਧ ਹੀ ਬਾਗ਼ੀ ਹਨ। ਆਖਿਰ ਹਰ ਬਾਦਸ਼ਾਹ ਆਪਣੇ ਅੰਦਰ ਦੀ, ਆਪਣੇ ਦੇਸ਼ ਦੇ ਅੰਦਰ ਦੀ ਬਗਾਵਤ ਨੂੰ ਤਾਂ ਦਬਾਉਂਦਾ ਹੀ ਹੈ - ਚਲੋ ਬਾਹਰਲਾ ਵਿਰੋਧੀ ਨਾ ਸਹੀ। ਕੀ ਰੱਬ ਦੇ ਇਸ ਬ੍ਰਹਿਮੰਡ ਵਿੱਚ ਰੱਬ ਪ੍ਰਤੀ ਕੋਈ ਬਗਾਵਤ ਨਹੀਂ ? - ਬੜੀ ਹੈ। ਬਹੁਤ ਨੇ ਸੰਸਾਰ ਵਿੱਚ ਐਸੇ ਲੋਕ ਜਿਹੜੇ ਰੱਬ ਨੂੰ ਮੰਨਦੇ ਹੀ ਨਹੀਂ, ਉਹਦੀ ਹੋਂਦ ਤੋਂ ਹੀ ਮੁਨਕਰ ਨੇ, ਉਹਦੀ ਹੋਂਦ ਵੀ ਨਹੀਂ ਕਬੂਲਦੇ। ਦਾਤਾਂ ਲੈਂਦੇ ਵੀ ਨੇ, ਖਾਂਦੇ ਵੀ ਨੇ ਉਹਦੀ ਰਹਿਮਤਾਂ ਵਿਚੋਂ, ਉਹਦੀ ਦਿੱਤੀਆਂ ਹੋਈਆਂ ਦਾਤਾਂ ਵਿੱਚ ਜੀਊਂਦੇ ਵੀ ਨੇ ਪਰ ਰੱਬ ਦੀ ਹੋਂਦ ਨਹੀਂ ਕਬੂਲਦੇ - ਬਾਗ਼ੀ ਨੇ। ਪਰ ਰੱਬ ਦੇ ਹਿਰਦੇ ਵਿੱਚ ਕਦੀ ਐਸਾ ਖਿਆਲ ਹੀ ਨਹੀਂ ਆਇਆ ਕਿ ਇਸ ਬਗਾਵਤ ਨੂੰ ਹੀ ਤੈਸ਼-ਨੈਸ਼ ਕਰ ਦਿਆਂ। ਇਹ ਜਿਹੜੇ ਬਗਾਵਤ ਕਰਨ ਵਾਲੇ, ਰੱਬ ਨੂੰ ਨਾ ਮੰਨਣ ਵਾਲੇ ਨੇ, ਇਨ੍ਹਾਂ ਨੂੰ ਖਤਮ ਕਰ ਦਿਆਂ, ਇਨ੍ਹਾਂ ਨੂੰ ਰੋਟੀ ਦੇਣੀ ਬੰਦ ਕਰ ਦਿਆਂ, ਆਪਣੇ ਪਵਨ ਦੇ ਖ਼ਜ਼ਾਨੇ ਵਿੱਚੋਂ ਇਨ੍ਹਾਂ ਲਈ ਸੁਆਸ ਰਾਖਵੇਂ ਕਿਉਂ ਕਰਾਂ। ਬੜਾ ਵਿਸ਼ਾਲ ਦਿਲ ਹੈ ਉਹਦਾ। ਨਾ ਉਹ ਬਗ਼ਾਵਤ ਦਬਾਉਂਦਾ ਹੈ, ਨਾ ਕਿਸੇ ਕੋਲੋਂ ਡਰਦਾ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਤੇ ਜੇ ਡਰਨਾ ਵੀ ਨਹੀਂ, ਡਰਾਉਣਾ ਵੀ ਨਹੀਂ, ਬਗ਼ਾਵਤ ਵੀ ਨਹੀਂ ਦਬਾਣੀ ਤਾਂ ਫਿਰ ਫ਼ੌਜ ਦੀ ਕੀ ਲੋੜ ਹੈ ? ਇਸ ਤੋਂ ਬਾਅਦ ਤਾਂ ਫ਼ੌਜ ਦਾ ਮਕਸਦ ਹੀ ਨਹੀਂ ਰਹਿ ਜਾਂਦਾ, ਫ਼ੌਜ ਬੇ-ਮਤਲਬ ਹੋ ਜਾਂਦੀ ਹੈ।

ਸੰਸਾਰ ਦੀਆਂ ਸਲਤਨਅਤਾਂ ਦੇ ਮਾਲਿਕ, ਬਾਦਸ਼ਾਹ ਲੋਕ ਤਾਂ ਕੇਵਲ ਸਿੰਘਾਸਨ 'ਤੇ ਬੈਠਣੇ ਹਿਲੇ ਹੋਏ ਹਨ, ਬਹੁਤ ਘੱਟ ਬਾਦਸ਼ਾਹ ਨੇ ਜਿਹੜੇ ਮੈਦਾਨ-ਏ-ਜੰਗ ਵਿੱਚ ਆਪ ਲੜਦੇ



ਹੋਣ। ਇਹ ਤੁਸੀਂ ਵੇਖਦੇ ਹੋ ਕਈ ਵਾਰ ਦੇਸ਼ਾਂ ਅੰਦਰ ਜਿਹੜੇ ਰੱਖਿਆ ਮੰਤਰੀ (Defence Minister) ਬਣ ਜਾਂਦੇ ਹਨ, ਉਨ੍ਹਾਂ ਨੇ ਕਦੇ ਹੱਥ ਨਾਲ ਤਲਵਾਰ ਉਠਾ ਕੇ ਮਿਆਨ ਵਿੱਚੋਂ ਕੱਢ ਕੇ ਵੀ ਨਹੀਂ ਵੇਖੀ ਹੁੰਦੀ। ਰੱਖਿਆ (Defence) ਦਾ ਮਹਿਕਮਾਂ ਉਨ੍ਹਾਂ ਕੋਲ ਹੈ ਪਰ ਉਹ ਲੜਨਾ ਨਹੀਂ ਜਾਣਦੇ ਤੇ ਦਿਲ ਵੀ ਕੋਈ ਨਹੀਂ ਪਰ ਰੱਖਿਆ ਮੰਤਰੀ ਨੇ। ਉਨ੍ਹਾਂ ਨੂੰ ਤਾਂ ਲੋੜ ਹੋ ਸਕਦੀ ਹੈ ਫ਼ੌਜ ਦੀ, ਦੇਸ਼ ਦੀ ਰਖਵਾਲੀ ਲਈ ਕਿਸੇ ਦੇ ਡਰ ਤੋਂ ਤੇ ਕਿਸੇ ਨੂੰ ਡਰਾਉਣ ਦੇ ਖਾਤਿਰ ਬਗਾਵਤ ਨੂੰ ਦਬਾਉਣ ਦੀ ਖਾਤਿਰ, ਭਾਵੇਂ ਆਪ ਲੜਨਾ ਨਹੀਂ ਜਾਣਦੇ।

ਰੱਬ ਨੂੰ ਇਨ੍ਹਾਂ ਤਿੰਨਾਂ ਚੀਜਾਂ ਲਈ ਫ਼ੌਜ ਦੀ ਲੋੜ ਨਹੀਂ ਤੇ ਜੇ ਭਲਾ ਰੱਬ ਨੂੰ ਲੋੜ ਪੈ ਵੀ ਜਾਏ ਤਾਂ ਕੀ ਉਹ ਕਿਸੇ ਫ਼ੌਜ ਦੇ ਮੁਹਥਾਜ ਹੈ ? ਉਹਦੇ ਕੋਲ ਤਾਂ ਆਪ ਐਨੀ ਸ਼ਕਤੀ ਹੈ, ਸਤਿਗੁਰਾਂ ਬਾਣੀ ਵਿੱਚ ਆਖਦੇ ਨੇ :

"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥"

(ਗੁ.ਗ੍ਰੰ.ਸਾ.ਪੰਨਾ : 144)

ਉਹਦੇ ਕੋਲ ਐਨੀ ਤਾਕਤ ਹੈ, ਉਹ ਐਨਾ ਬਲਵਾਨ ਹੈ ਕਿ ਜੇ ਕੋਈ ਹਜ਼ਾਰਾਂ-ਲੱਖਾਂ ਦੀ ਤਾਦਾਦ 'ਚ ਫ਼ੌਜ ਆ ਜਾਏ ਉਸਦੇ ਤੇ ਚੜਾਈ ਕਰ ਕੇ, ਉਹ ਪਲਾਂ ਵਿੱਚ ਇੱਕ ਆਪਣੇ ਅੱਖਾਂ ਦੇ ਪਲਕਾਵੇ ਨਾਲ ਸੁਆਹ ਕਰ ਸਕਦਾ ਹੈ, ਫਿਰ ਉਸਨੂੰ ਕੀ ਲੋੜ ਹੈ ਫ਼ੌਜ ਦੀ ?

ਹਰ ਪਾਸੇ (corner) ਤੋਂ ਵੇਖਣਾ ਹੈ, ਹਰ ਗੋਸ਼ੇ 'ਤੇ ਖਲੋਅ ਕੇ ਤੱਕਣਾ ਹੈ ਕਿ ਰੱਬ ਨੂੰ, ਅਕਾਲ ਪੁਰਖ ਨੂੰ ਫ਼ੌਜ ਦੀ ਕੀ ਲੋੜ ਹੈ ? ਫੇਰ ਤਾਂ ਅਸੀਂ ਮਹਾਨ ਹੋ ਗਏ ਜੇ ਭਲਾ ਆਪਣੇ-ਆਪ ਨੂੰ ਖ਼ਾਲਸਾ ਮੰਨ ਲਈਏ, (ਹਾਲਾਂਕਿ ਗੁਰੂ ਹੀ ਰਹਿਮਤ ਕਰੇ ਤੇ ਕੋਈ ਬਣ ਜਾਵੇ ਪਰ ਅਸੀਂ ਤਾਂ ਐਨੇ ਗੌਰਵ ਨਾਲ ਪੜ੍ਹਦੇ ਹਾਂ ਕਿ ਅਸੀਂ ਖ਼ਾਲਸੇ ਹਾਂ) ਇਹਦਾ ਮਤਲਬ ਤਾਕਤ, ਬਲਵਾਨਤਾ ਸਾਡੀ ਹੋਈ ਜਿਸਦੇ ਸਹਾਰੇ ਰੱਬ ਜੀਉਂਦਾ ਹੈ, ਰੱਬ ਦੀ ਸਲਤਨਅਤ ਚਲਦੀ ਹੈ। ਐਸੀ ਗੱਲ ਵੀ ਨਹੀਂ। ਰੱਬ ਤੇ ਆਪ ਐਨਾ ਬਲਵਾਨ ਹੈ ਕਿ

"ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥"

(ਗੁ.ਗ੍ਰੰ.ਸਾ.ਪੰਨਾ : 285)

ਲੱਖਾਂ ਕਰੋੜਾਂ ਲਸਕਰਾਂ, ਫ਼ੌਜਾਂ ਕੋਈ ਚੜ੍ਹਾ ਲੈ ਆਵੇ ਤੇ ਉਹ ਨਿਕੀ ਜਿਹੀ ਕੀੜੀ ਵਿੱਚ ਐਨਾਂ ਬਲ, ਐਨੀ ਕਲਾ ਰਖ ਸਕਦਾ ਹੈ ਕਿ ਪਲਾਂ ਵਿੱਚ ਉਹ ਖ਼ਤਮ ਹੋ ਸਕਦੇ ਨੇ। ਐਨੇ ਬਲਵਾਨ, ਸਰਬ ਕਲਾ ਸੰਪੂਰਨ ਪ੍ਰਭੂ ਨੂੰ ਅਕਾਲ ਪੁਰਖ ਨੂੰ ਫ਼ੌਜ ਦੀ ਕੀ ਲੋੜ ਪ੍ਰਤੀਤ ਹੋ ਗਈ।

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਹੈ ਪਰ ਕਿਉਂ ਹੈ ? ਆਓ, ਇਸ ਗੱਲ ਨੂੰ ਸਮਝ ਲਈਏ। ਰੱਬ ਨੂੰ ਐਸੀ ਲੋੜ ਬਿਲਕੁਲ ਨਹੀਂ - ਨਾ ਉਹ ਡਰਦਾ ਹੈ, ਨਾ ਉਹ ਡਰਾਉਂਦਾ ਹੈ, ਨਾ ਉਹ ਦਬਾਉਂਦਾ ਹੈ ਤੇ ਉਸਨੂੰ ਜ਼ਰੂਰਤ ਵੀ ਕੋਈ ਨਹੀਂ।

ਅਸਲ ਵਿੱਚ ਸਿੰਘੋ ! ਇਹ ਗੱਲ ਸਮਝਣੀ ਹੈ ਕਿ ਫ਼ੌਜ ਕੀ ਹੈ ? ਅਸੀਂ ਕੇਵਲ ਹੱਥਿਆਰ-ਬੱਧ ਹੋ ਕੇ, ਕੇਵਲ ਸ਼ਸਤਰਧਾਰੀ ਹੋ ਕੇ ਦੁਸ਼ਮਨ ਦੇ ਨਾਲ ਦੋ ਹੱਥ ਕਰਨ ਵਾਲੇ ਦਾ ਨਾਂ ਹੀ ਫ਼ੌਜੀ ਰਖ ਲਿਆ ਹੈ। ਫੇਰ ਗੁਰੂ ਦਾ, ਰੱਬ ਦਾ ਤੇ ਕੋਈ ਦੁਸ਼ਮਨ ਵੀ ਨਹੀਂ : "**ਨਾ ਕੋ ਬੈਰੀ ਨਾਹੀ ਬੇਗਾਨਾ**" ਰੱਬ ਦਾ ਤਾਂ ਇਕ ਸੁਭਾਅ ਹੈ, ਰੱਬ ਤਾਂ ਕਹਿੰਦਾ ਹੈ ਕਿ ਜਿੰਨੇ ਮੇਰਾ ਮਿੱਤਰ ਬਣਨਾ ਹੈ ਉਹਨੂੰ ਵੀ ਅੰਦਰੋਂ ਦੁਸ਼ਮਨੀ ਦਾ ਸੁਭਾਅ ਕੱਢਣਾ ਪਵੇਗਾ, ਉਹਨੂੰ ਵੀ ਦੁਸ਼ਮਨੀ ਦੀ ਵਿਚਾਰਧਾਰਾ ਵਿੱਚੋ ਕੱਢਣੀ ਪਵੇਗੀ। ਰੱਬ ਕਿਉਂਕਿ ਮਿੱਤਰ ਹੈ ਤੇ ਇੱਕੋ ਇੱਕ ਮਿੱਤਰ ਹੈ ਜਿਹੜਾ ਸਾਰਿਆਂ ਦਾ ਮਿੱਤਰ ਹੈ। ਦੁਨੀਆਂ ਅੰਦਰ ਕਈ ਵਾਰ ਐਸਾ ਵੀ ਹੁੰਦਾ ਹੈ ਕਿ ਕੋਈ ਮੇਰਾ ਮਿੱਤਰ ਹੋਵੇ ਪਰ ਉਹ ਦੂਜੇ ਦਾ ਦੁਸ਼ਮਨ ਵੀ ਹੋਵੇ। ਐਸਾ ਵੀ ਹੋ ਸਕਦਾ ਹੈ ਕਿ ਮੇਰਾ ਸੱਜਣ ਹੈ ਪਰ ਉਹ ਐਸਾ ਤਾਂ ਨਹੀਂ ਕਿ ਸਾਰਿਆਂ ਦਾ ਸੱਜਣ ਹੋਵੇ, ਉਹ ਕਿਸੇ ਦਾ ਦੁਸ਼ਮਨ ਵੀ ਹੋ ਸਕਦਾ ਹੈ। ਮੈਂ ਉਸਨੂੰ ਸੱਜਣ ਆਖਾਂਗਾ, ਕੋਈ ਉਸਨੂੰ ਦੁਸ਼ਮਨ ਵੀ ਆਖੇਗਾ। ਫੇਰ ਨਿਰਾ ਸੱਜਣ ਤੇ ਨਾ ਹੋਇਆ, ਦੁਸ਼ਮਨ ਵੀ ਹੋਇਆ - ਮੇਰਾ ਨਾ ਸਹੀ, ਕਿਸੇ ਹੋਰ ਦਾ ਸਹੀ, ਹੈ ਤਾਂ ਸਹੀ। ਪਰ ਗੁਰੂ ਕਹਿੰਦੇ ਨੇ, ਮੈਂ ਇਕ ਰੱਬ ਉਹ ਵੇਖਿਆ ਹੈ -


"ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ।।
ਹਭੇ ਜਾਣਨਿ ਆਪਣਾ ਕਹੀ ਨਾ ਠਾਹੇ ਚਿਤੁ।।"

(ਗੁ.ਗ੍ਰੰ.ਸਾ.ਪੰਨਾ : 1096)

ਉਸਨੂੰ ਸਾਰੇ ਆਪਣਾ ਸਮਝਦੇ ਹਨ, ਹਰ ਕੋਈ ਆਪਣਾ ਮਿੱਤਰ ਜਾਣਦਾ ਹੈ ਤੇ ਕਿਸੇ ਨੂੰ ਉਹ ਦੁਸ਼ਮਨ ਦੀ ਨਿਗਾਹ ਨਾਲ ਵੇਖਦਾ ਹੀ ਨਹੀਂ। ਜਿਸਦਾ ਦੁਸ਼ਮਨ ਵੀ ਨਹੀਂ, ਜਿਸਨੂੰ ਰਾਖੀ ਦੀ ਵੀ ਲੋੜ ਨਹੀਂ, ਦੱਬਦਾ ਵੀ ਨਹੀਂ, ਦਬਾਉਂਦਾ ਵੀ ਨਹੀਂ ਤਾਂ ਉਹਨੂੰ ਫ਼ੌਜ ਦੀ ਕੀ ਲੋੜ ਹੈ ?

ਇਥੇ ਅਸੀਂ ਇਕ ਗੱਲ ਤੋਂ ਮੁਗ਼ਾਲਤਾ ਖਾ ਗਏ, ਅਸੀਂ ਸਮਝਿਆ ਕੇਵਲ ਸ਼ਸਤਰਧਾਰੀ ਹੋ ਕੇ ਮੈਦਾਨ-ਏ-ਜੰਗ ਵਿੱਚ ਲੜਨ ਵਾਲਾ ਜਿਹੜਾ ਮਨੁੱਖ ਹੈ ਉਹੀ ਫ਼ੌਜ ਹੈ, ਉਹੀ ਫ਼ੌਜੀ ਹੈ। ਪਰ ਐਸੀ ਗੱਲ ਬਿਲਕੁਲ ਨਹੀਂ ਹੈ। ਇਕੱਲਾ ਸ਼ਸਤਰਧਾਰੀ ਹੋਣਾ ਹੀ ਫ਼ੌਜ ਨਹੀਂ। ਫ਼ੌਜ ਵਿੱਚ ਬਹੁਤ ਸਾਰੇ ਗੁਣ ਪਹਿਲਾਂ ਰਖੇ ਜਾਂਦੇ ਹਨ ਅਤੇ ਸ਼ਸਤਰ ਤਾਂ ਬਾਅਦ ਵਿੱਚ ਫੜਾਏ ਜਾਂਦੇ ਹਨ। ਰੱਬ ਖ਼ਾਲਸੇ ਨੂੰ ਫ਼ੌਜ ਵਾਂਗੂ ਅਨੁਸ਼ਾਸਨ (discipline) ਵਿੱਚ ਲਿਆਉਣਾ ਚਾਹੁੰਦਾ ਹੈ - ਬਸ, ਇਹੋ ਫਰਕ ਹੈ। ਫ਼ੌਜੀ ਨੂੰ ਅਨੁਸ਼ਾਸਨ ਪਹਿਲਾਂ ਪੜ੍ਹਾਇਆ ਜਾਂਦਾ ਹੈ, ਜੀਵਨ ਦੀ ਜਾਂਚ ਪਹਿਲਾਂ ਸਿਖਾਈ ਜਾਂਦੀ ਹੈ ਅਤੇ ਹੱਥਿਆਰ ਤਾਂ ਬਾਅਦ ਵਿੱਚ ਹੀ ਫੜਾਇਆ ਜਾਂਦਾ ਹੈ।

ਹੱਥਿਆਰਬੱਧ ਹੋ ਕੇ, ਸ਼ਸਤਰਧਾਰੀ ਹੋ ਕੇ ਦੁਸ਼ਮਨ ਨਾਲ ਦੋ ਹੱਥ ਕਰਨ ਦਾ ਮੌਕਾ (chance) ਫ਼ੌਜੀ ਨੂੰ ਜ਼ਿੰਦਗੀ ਵਿੱਚ ਦੋ-ਚਾਰ ਵਾਰ ਹੀ ਮਿਲਿਆ ਹੋਵੇਗਾ। ਕਿਸੇ ਕੋਲ ਫ਼ੌਜ ਹੋਵੇ ਵੀ ਪਰ ਫੇਰ ਵੀ ਸਾਰੇ ਦੇਸ਼ ਕੋਈ ਲੜਨਾ ਥੋੜ੍ਹਾ ਚਾਹੁੰਦੇ ਹਨ, ਇਸੇ ਲਈ ਇਸ ਮਹਿਕਮੇ ਦਾ ਨਾਮ ਹੀ ਡਿਫੈਂਸ (ਬਚਾਉ) ਰਖਿਆ ਗਿਆ ਹੈ, offence (ਹੱਲਾ) ਨਹੀਂ ਰਖਿਆ ਗਿਆ ਕਿਉਂਕਿ ਲੜਨਾ ਕੋਈ ਵੀ ਨਹੀਂ ਚਾਹੁੰਦਾ। ਹਾਂ, ਰਾਖੀ ਦਾ ਬਹਾਨਾ ਬਣਿਆ ਹੋਇਆ ਹੈ -



ਬਚਾਉ (Defence) ਹੈ। ਇਹੋ ਕਾਰਣ ਹੈ ਜੇ ਕੋਈ ਹਮਲਾਵਰ ਵੀ ਹੋਵੇ, ਉਹ ਕਦੇ ਮੰਨਦਾ ਨਹੀਂ ਕਿ ਮੈਂ ਹਮਲਾਵਰ ਹਾਂ। ਉਹ ਕਹਿੰਦਾ ਹੈ ਇਹਨੇ ਮੈਨੂੰ ਪਰੇਸ਼ਾਨ ਕੀਤਾ ਤਾਂ ਮੈਂ ਹਮਲਾ ਕੀਤਾ। ਉਹ ਇਹ ਕਦੇ ਸਾਬਿਤ ਨਹੀਂ ਕਰਦਾ ਕਿ ਮੈਂ ਚਾਹੁੰਦਾ ਹਾਂ। ਇਹੋ ਕਾਰਣ ਹੈ ਕਿ ਭਾਵੇਂ ਫ਼ੌਜ ਕਿਸੇ ਕੋਲ ਜਿੰਨੀ ਮਰਜ਼ੀ ਮਜ਼ਬੂਤ ਹੋਵੇ ਪਰ ਫ਼ੌਜੀ ਨੂੰ ਜ਼ਿੰਦਗੀ ਵਿੱਚ ਦੋ-ਚਾਰ ਵਾਰ ਹੀ ਲੜਨਾ ਪੈਂਦਾ ਹੈ। ਜਿੰਨੇ ਕੁ ਦਿਨ ਲੜਨਾ ਪਵੇਗਾ ਤਾਂ ਕੀ ਜ਼ਿੰਦਗੀ ਦੇ ਓਨੇ ਕੁ ਦਿਨ ਉਹ ਫ਼ੌਜੀ ਹੈ - ਬਿਲਕੁਲ ਨਹੀਂ। ਲੜਨ ਦੇ ਦਿਨ ਥੋੜ੍ਹੇ ਹੁੰਦੇ ਹਨ, ਅਨੁਸ਼ਾਸਨ (discipline) ਦੇ ਵਿੱਚ ਰਹਿਣ ਦੇ ਦਿਨ ਜ਼ਿਆਦਾ ਹੁੰਦੇ ਹਨ। ਜਦੋਂ ਮੈਦਾਨ-ਏ-ਜੰਗ ਵਿੱਚ ਨਹੀਂ ਲੜ ਰਿਹਾ ਹੁੰਦਾ, ਤਾਂ ਵੀ ਉਹਨੂੰ ਫ਼ੌਜੀ ਬਣ ਕੇ ਫ਼ੌਜ ਦੇ ਅਨੁਸ਼ਾਸਨ ਵਿੱਚ ਰਹਿਣਾ ਪੈਂਦਾ ਹੈ, ਹਰ ਵਕਤ ਹੀ ਰਹਿਣਾ ਪੈਂਦਾ ਹੈ।

ਮੁੱਢਲੇ ਰੂਪ ਵਿੱਚ ਫ਼ੌਜੀ ਨੂੰ ਸਿਖਲਾਈ ਹੀ ਜੀਵਨ ਜਾਂਚ ਜਾਂਦੀ ਹੈ, ਉਹਦੇ ਵਿੱਚ ਕੁਝ ਗੱਲਾਂ ਭਰੀਆਂ (feed) ਜਾਂਦੀਆਂ ਹਨ। ਬੜੀ ਦੇਰ ਬਾਅਦ ਉਹਦੇ ਹੱਥ ਵਿੱਚ ਸਟੇਨ-ਗੰਨ ਫੜਾਈ ਜਾਂਦੀ ਹੈ। ਫ਼ੌਜੀ ਨੂੰ ਤਾਂ ਪਹਿਲਾਂ ਆਉਂਦੇ ਨੂੰ ਹੀ ਆਖਦੇ ਨੇ - ਭਲਿਆ ! ਤੈਨੂੰ ਤਾਂ ਅਜੇ ਤੁਰਨਾ ਵੀ ਨਹੀਂ ਆਉਂਦਾ। ਇੱਕ ਗੱਲ ਸਮਝਿਓ, ਫ਼ੌਜੀ ਜਦੋਂ 20-25 ਸਾਲ ਦੀ ਉਮਰ ਵਿੱਚ ਫੌਜ 'ਚ ਭਰਤੀ ਹੁੰਦਾ ਹੈ, ਉਹਨੂੰ ਆਖਦੇ ਨੇ - ਤੈਨੂੰ ਤੁਰਨਾ ਹੀ ਨਹੀਂ ਆਉਂਦਾ, ਆ ਤੈਨੂੰ ਤੁਰਨਾ ਸਿਖਾਈਏ। ਨੌਜਵਾਨ ਹੁੰਦਾ ਹੈ, ਭਲਾ ਜੇ ਉਹ ਆਖੇ ਕਿ ਮੈਂ ਤਾਂ ਛਾਲਾਂ ਮਾਰ ਕੇ ਪਹਾੜ-ਪਰਬਤ ਪਾਰ ਕਰ ਸਕਦਾ ਹਾਂ ਤੇ ਤੁਸੀਂ ਕਹਿੰਦੇ ਹੋ ਮੈਨੂੰ ਤੁਰਨਾ ਹੀ ਨਹੀਂ ਆਉਂਦਾ। ਉਹ ਆਖਣਗੇ - ਭਲਿਆ ! ਤੈਨੂੰ ਤੁਰਨਾ ਆਉਂਦਾ ਹੈ ਪਰ indisciplined (ਅਨੁਸ਼ਾਸਨਹੀਨ), ਆ ਤੈਨੂੰ ਤੁਰਨਾ ਸਿਖਾਈਏ।

ਫ਼ੌਜ ਦਾ ਤੁਰਨਾ ਕੀ ਹੈ ? ਜੇ ਪੰਜਾਹ-ਸੌ ਦਾ ਕਾਫਿਲਾ ਵੀ ਹੋਵੇ, ਸਾਰੇ ਕਦਮ ਮਿਲਾ ਕੇ ਤੁਰਨ, ਸਾਰਿਆਂ ਦਾ ਰੁਖ ਇੱਕ ਪਾਸੇ ਹੋਵੇ, ਸਾਰਿਆਂ ਦੀ ਸੇਧ ਇੱਕ ਹੋਵੇ। ਜਿਹੜਾ ਕੋਈ ਪਿੱਛੇ ਰਹਿ ਜਾਏ, ਕਦਮ ਮਿਲਾ ਕੇ ਨਾ ਤੁਰ ਸਕੇ ਕੇਵਲ ਉਹ ਹੀ ਨਹੀਂ ਬਾਹਰ ਕੱਢ ਦਿੱਤਾ ਜਾਂਦਾ ਸਗੋਂ ਜਿਹੜਾ ਤੇਜ਼ ਹੋ ਕੇ ਅਗੇ ਤੁਰਨ ਦੀ ਕੋਸ਼ਿਸ਼ ਕਰੇ, ਉਹਨੂੰ ਵੀ ਬਾਹਰ ਕੱਢ ਦਿੱਤਾ ਜਾਂਦਾ ਹੈ। ਮਸਲਾ ਤੇਜ਼ (fast) ਜਾਂ ਹੌਲੀ (slow) ਦਾ ਨਹੀਂ, ਮਸਲਾ ਤਾਂ ਇਹ ਹੈ ਕਿ ਕਦਮ ਮਿਲਾ ਕੇ ਨਹੀਂ ਤੁਰਿਆ। ਫ਼ੌਜ ਦੀ ਤੁਰਨ ਦੀ ਜੁਗਤੀ ਕੀ ਹੈ - ਕਦਮ ਮਿਲਾ ਕੇ ਤੁਰਨਾ। ਸਾਰਿਆਂ ਦਾ ਨਿਸ਼ਾਨਾ, ਸੇਧ ਇੱਕ ਪਾਸੇ ਹੋਵੇ, ਰੁਖ ਇਕ ਪਾਸੇ ਹੋਵੇ, ਸਾਰਿਆ ਦੇ ਕਦਮ ਮਿਲਦੇ ਹੋਣ - ਫ਼ੌਜੀ ਨੂੰ ਤਾਂ ਪਹਿਲੇ ਇਹ ਸਿਖਾਇਆ ਜਾਂਦਾ ਹੈ, ਐਵੇਂ ਹਥਿਆਰ ਨਹੀਂ ਫੜਾਏ ਜਾਂਦੇ। ਅਸੀਂ ਸਮਝਦੇ ਹਾਂ ਕੇਵਲ ਲੜਨਾ ਹੀ ਫ਼ੌਜ ਹੈ। ਉਸਨੂੰ ਬਕਾਇਦਾ ਤਰਤੀਬ ਨਾਲ ਤੁਰਨਾ ਸਿਖਾਉਂਦੇ ਨੇ, ਇਹ ਉਹਦੇ ਮਨ ਵਿੱਚ ਦ੍ਰਿੜ੍ਹਤਾ ਪਾਉਂਦੇ ਨੇ ਕਿ ਆਉਣ ਵਾਲੀ ਹਰ ਪਰੇਸ਼ਾਨੀ, ਆਉਣ ਵਾਲੀ ਹਰ ਔਕੜ ਨੂੰ ਝਾਕ ਕੇ ਤੂੰ ਕਿਵੇਂ ਲੰਘਣਾਂ ਹੈ ? ਤੇਰੇ ਵਿੱਚ ਐਨੀ ਦ੍ਰਿੜ੍ਹਤਾ ਹੋਵੇ ਕਿ ਤੂੰ ਕਿਤੇ ਡੋਲ੍ਹ ਨਾ ਜਾਵੇਂ। ਤੈਨੂੰ ਕੰਡਿਆਲੀ ਤੇ ਪੱਥਰੀਲੀ ਧਰਤੀਆਂ 'ਤੇ ਨੰਗੇ ਕਦਮ ਵੀ ਕਈ-ਕਈ ਕੋਹ ਸਫਰ ਕਰਨਾ ਪੈ ਸਕਦਾ ਹੈ, ਤੇਰੇ ਅੰਦਰ ਐਨੀ ਦ੍ਰਿੜ੍ਹਤਾ ਹੋਵੇ।

ਗੁਰੂ ਦਸਮ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਸੰਬੰਧ ਵਿੱਚ

ਬਹੁਤ ਖ਼ੂਬਸੂਰਤ ਆਖਿਆ ਹੈ, ਕਹਿੰਦੇ ਨੇ - **"ਧਰਮ ਹੇਤ ਸਾਕਾ ਜਿਨੁ ਕੀਆ ਸੀਸ ਦੀਆ ਪਰ ਸਿਰਰ ਨ ਦੀਆ"** - ਸੀਸ ਦੇ ਦਿੱਤਾ ਪਰ ਸਿਰਰ ਨਹੀਂ ਦਿੱਤਾ। ਸਿਰਰ ਦਾ ਅਰਥ ਹੀ ਹੈ - ਦ੍ਰਿੜ੍ਹਤਾ, ਇਰਾਦੇ ਦੀ ਮਜ਼ਬੂਤੀ, ਫੈਸਲਾਕੁੰਨ ਵਿਚਾਰ। ਜਿਹੜਾ ਮਨੁੱਖ ਕਦੇ ਡਾਵਾਂ-ਡੋਲ੍ਹ ਨਾ ਹੋਵੇ ਤੇ ਸਿਧਾਂਤ 'ਤੇ ਦ੍ਰਿੜ੍ਹ ਰਹੇ, ਉਹ ਬੜਾ ਸਿਰੜੀ ਹੈ ਭਾਵ ਇਰਾਦੇ ਦਾ ਮਜ਼ਬੂਤ ਹੈ, ਜੋ ਫੈਸਲਾ ਕਰ ਲੈਂਦਾ ਹੈ ਉਸ ਫੈਸਲੇ ਤੋਂ ਡੋਲਦਾ ਨਹੀਂ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਸੀਸ ਦਿੱਤਾ ਪਰ ਸੀਸ ਦੇ ਅੰਦਰ ਜਿਹੜੀ ਦ੍ਰਿੜ੍ਹਤਾ ਸੀ ਉਹ ਨਹੀਂ ਦਿੱਤੀ। ਉਹ ਦ੍ਰਿੜ੍ਹਤਾ ਆਨੰਦਪੁਰ ਭੇਜ ਦਿੱਤੀ ਤਾਂ ਕਿ ਉਹ ਖ਼ਾਲਸੇ ਵਿੱਚ ਰਖੀ ਜਾ ਸਕੇ। ਖ਼ਾਲਸਾ ਸਾਜਿਆ ਤੇ ਉਹ ਦ੍ਰਿੜ੍ਹਤਾ ਖ਼ਾਲਸੇ ਵਿੱਚ ਰਖ ਦਿੱਤੀ। ਹਿਰਦੇ ਵਿੱਚ ਝਾਤ ਮਾਰਿਓ ਕਿ ਅੱਜ ਉਹ ਦ੍ਰਿੜ੍ਹਤਾ ਭਲਾ ਸਾਡੇ ਕੋਲ ਹੈ। ਐਵੇਂ ਹੀ ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਬਣੇ ਫਿਰਦੇ ਹਾਂ। ਫ਼ੌਜ ਦੀਆਂ ਬਾਕੀ ਗੱਲਾਂ ਤਾਂ ਸਮਝੀਏ। ਕੇਵਲ ਮੈਦਾਨ ਵਿੱਚ ਲੜ ਲੈਣਾ ਹੀ ਸਭ ਕੁਝ ਨਹੀਂ। ਜਿਹਦੇ ਕੋਲ ਦ੍ਰਿੜ੍ਹਤਾ ਨਹੀਂ ਉਹਦੇ ਤਾਂ ਹੱਥ ਵਿੱਚ ਬੰਦੂਕ ਫੜਾ ਦਿਓ ਉਸ ਕੋਲੋਂ ਚਲਦੀ ਨਹੀਂ, ਹੱਥ ਵਿੱਚ ਤਲਵਾਰ ਵੀ ਹੋਵੇ ਉਹ ਚਲਾ ਹੀ ਨਹੀਂ ਸਕਦਾ, ਕੱਢ ਹੀ ਨਹੀਂ ਸਕਦਾ। ਐਵੇਂ ਹੀ ਥੋੜਾ ਸਟੇਨ-ਗੰਨ ਫੜਾ ਦਿੰਦੇ ਨੇ ਫ਼ੌਜੀ ਦੇ ਹੱਥ ਵਿੱਚ, ਪਹਿਲਾਂ ਬਹੁਤ ਕੁਝ ਅੰਦਰ ਭਰਦੇ ਨੇ।

ਫ਼ੌਜੀ ਨੂੰ ਕਦਮ ਮਿਲਾ ਕੇ ਤੁਰਨ ਦੀ ਆਦਤ ਹੋਵੇ, ਸਾਡੇ ਕੋਲ ਉਹ ਵੀ ਨਹੀਂ। ਅੱਜ ਤਾਂ ਇੱਕ ਸਿੱਖ ਦੂਜੇ ਨਾਲ ਕਦਮ ਮਿਲਾ ਕੇ ਨਹੀਂ ਟੁਰ ਸਕਦਾ। ਅੱਜ ਇੱਕ ਲੀਡਰ ਦੂਜੇ ਲੀਡਰ ਨਾਲ ਕਦਮ ਮਿਲਾ ਕੇ ਨਹੀਂ ਤੁਰ ਸਕਦਾ। ਕਹਿਣ ਨੂੰ ਸਾਰੇ ਖ਼ਾਲਸਾ ਹਾਂ, ਸਾਰੇ ਪੰਥ ਬਣੇ ਹੋਏ ਹਾਂ। ਕੀ ਕਾਰਣ ਹੈ ਜਿਹੜਾ ਅਨੁਸ਼ਾਸਨ ਫ਼ੌਜ ਦਾ ਮੁੱਢ ਹੈ, ਉਹ ਵੀ ਅਸੀਂ ਨਹੀਂ ਕੀਤਾ ? ਕਦਮ ਮਿਲਾ ਕੇ ਤੁਰਨਾ ਤਾਂ ਪਹਿਲਾਂ ਫ਼ੌਜੀ ਨਿਯਮ ਹੈ। ਉਹਨਾਂ ਦੇ ਅੰਦਰ ਇੱਕ ਦ੍ਰਿੜ੍ਹਤਾ ਤੇ ਅਡੋਲਤਾ ਭਰੀ ਜਾਂਦੀ ਹੈ, **"ਸੀਸ ਦੀਆ ਪਰ ਸਿਰਰ ਨਾ ਦੀਆ"** ਦਾ ਇਰਾਦਾ, ਇਰਾਦੇ ਦੀ ਮਜ਼ਬੂਤੀ - ਇਹ ਵੀ ਸਾਡੇ ਅੰਦਰ ਨਾ ਰਹੀ। ਫ਼ੌਜੀ ਨੂੰ ਸਿਖਾਇਆ ਜਾਂਦਾ ਹੈ ਕਿਵੇਂ ਔਕੜਾਂ ਵਿੱਚੋਂ ਲੰਘਣਾ ਹੈ ਪਰ ਆਪਣਾ ਨਿਸ਼ਾਨਾ ਨਹੀਂ ਛੱਡਣਾ, ਉਹ ਵੀ ਸਾਡੇ ਵਿੱਚ ਨਾ ਰਿਹਾ। ਫ਼ੌਜੀ ਨੂੰ ਸਿਖਾਇਆ ਜਾਂਦਾ ਹੈ ਕਿਵੇਂ ਭੁੱਖਾ ਰਹਿ ਕੇ ਵੀ ਆਪਣੇ ਜੀਵਨ ਨੂੰ ਬਲਵਾਨ ਰਖਣਾ ਹੈ, ਉਹ ਵੀ ਸਾਡੇ ਵਿੱਚ ਕਮਜ਼ੋਰੀਆਂ ਆ ਗਈਆਂ। ਸਾਡੀ ਕਮਜ਼ੋਰੀਆਂ ਤੇ ਸਾਡੀਆਂ ਭੁੱਖਾਂ ਨੇ ਹੀ ਦੁਸ਼ਮਨ ਵਿੱਚ, ਵਿਰੋਧੀ ਵਿੱਚ ਇੱਕ ਖਿਆਲ ਦੇ ਦਿੱਤਾ ਕਿ ਇਹਦਾ ਜੀਵਨ ਵਿਕਾਊ ਹੈ, ਇਹਦੀ ਕੋਈ ਕੀਮਤ ਹੈ, ਇਹ ਖ਼ਰੀਦਿਆ ਜਾ ਸਕਦਾ ਹੈ। ਬਹੁਤ ਕੁਝ ਬਦਲ ਗਿਆ। ਸਾਨੂੰ ਖਰੀਦਿਆ ਗਿਆ ਤੇ ਅਸੀਂ ਵਿਕ ਗਏ।

ਫ਼ੌਜੀ ਨੂੰ ਐਨਾ ਮਜ਼ਬੂਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ ਜੀਵਨ ਵਿੱਚ ਐਨੇ ਵਜੇ ਉੱਠਣਾ ਹੈ, ਫ਼ੌਜੀ ਨੇ ਉੱਠਣਾ ਹੀ ਹੈ। ਇਥੇ ਹੀ ਬੱਸ ਨਹੀਂ। ਫ਼ੌਜੀ ਦੇ ਜੀਵਨ ਵਿੱਚ ਜਿਹੜੀ ਚੀਜ਼ ਘੜੀ ਜਾਂਦੀ ਹੈ, ਜਿਹੜੀ ਚੀਜ਼ ਅੰਦਰ ਭਰੀ (feed) ਜਾਂਦੀ ਹੈ ਉਹ ਹੈ ਰੋਜ਼ਾਨਾ ਜੀਵਨ। ਆਪਣੀ ਡਿਊਟੀ ਲਈ, ਆਪਣੇ ਫਰਜ਼ ਲਈ ਕਿੰਨਾ ਤਤਪਰ ਹੋਣਾ ਹੈ, ਫ਼ੌਜੀ ਨੂੰ ਪਤਾ ਹੈ। ਇਹੋ



ਕਾਰਣ ਹੈ ਜਦੋਂ ਫ਼ੌਜੀ ਰਿਟਾਇਰ ਹੁੰਦਾ ਹੈ ਉਦੋਂ ਉਹਦੀ ਸਟੇਨ-ਗੰਨ ਤਾਂ ਜਮ੍ਹਾ ਕਰਾ ਲੈਂਦੇ ਨੇ ਪਰ ਕੀ ਲੋਕੀ ਉਹਨੂੰ ਮੁੜ ਫ਼ੌਜੀ ਨਹੀਂ ਆਖਦੇ। ਜ਼ਰਾ ਸੋਚਿਓ ! ਜਿੰਨੇ ਲੋਕ ਸੰਸਾਰ ਦੇ ਫੌਜੀ 'ਤੇ ਵਿਸ਼ਵਾਸ ਕਰਦੇ ਨੇ, ਉਹ ਤਾਂ ਜੇ ਕਦੇ ਉਨ੍ਹਾਂ ਨੂੰ ਕਿਸੇ ਮਨੁੱਖ ਨੂੰ ਮੁਲਾਜ਼ਮ ਰਖਣ ਦੀ ਵੀ ਲੋੜ ਪਵੇ ਤਾਂ ਕਹਿੰਦੇ ਨੇ ਕਿ ਕੋਈ ਰਿਟਾਇਰਡ ਫ਼ੌਜੀ ਲਵੋ, ਕੋਈ ਐਕਸ-ਸਰਵਿਸਮੈਨ ਮਿਲ ਜਾਏ ਕਿਉਂਕਿ ਉਹ ਡਿਊਟੀ ਦਾ ਬੜਾ ਪਾਬੰਦ ਹੁੰਦਾ ਹੈ, ਆਪਣੇ ਫਰਜ਼ ਪਛਾਣਦਾ ਹੈ ਤੇ ਇਹ ਸਭ ਐਵੇਂ ਹੀ ਨਹੀਂ ਹੁੰਦਾ। ਉਹਦੇ ਦਿਮਾਗ ਵਿੱਚ, ਉਹਦੇ ਵਿਚਾਰਾਂ ਵਿੱਚ ਆਪਣਾ ਫਰਜ਼ ਦ੍ਰਿੜ੍ਹ ਕਰਾਇਆ ਹੁੰਦਾ ਹੈ। ਉਹ ਆਪਣੀ ਡਿਊਟੀ ਨੂੰ ਪਛਾਣਦਾ ਹੈ ਕਿ ਮੈਂ ਕਿੰਨੇ ਵਜੇ ਉੱਠਣਾ ਹੈ, ਕਿਵੇਂ ਕੰਮ 'ਤੇ ਸਮੇਂ ਤੇ ਪਹੁੰਚਣਾ ਹੈ। ਪਰ, ਤੂੰ ਅਕਾਲ ਪੁਰਖ ਦੀ ਫ਼ੌਜ ਬਣਿਆ ਫਿਰਦਾ ਹੈ, ਤੇ ਅਕਾਲ ਪੁਰਖ ਨੇ ਤੇਰੇ ਲਈ ਵੀ ਡਿਊਟੀਆਂ ਦਿੱਤੀਆਂ ਹਨ :

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥"

(ਗੁ.ਗ੍ਰੰ.ਸਾ.ਪੰਨਾ : 305)

"ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥"

ਦੱਸ, ਕਿਹੜੀ ਡਿਊਟੀ ਕਰਦਾ ਹੈਂ ? ਤੂੰ ਸਮਝਦਾ ਹੈ ਕਿ ਕੇਵਲ ਲੜ ਲੈਣਾ ਹੀ ਫ਼ੌਜ ਹੈ। ਭਲਿਆ ! ਫ਼ੌਜ ਦੇ ਜੀਵਨ ਦਾ ਆਰੰਭ ਹੈ ਅਨੁਸ਼ਾਸਨ (Discipline) ਤੇ ਜੋ ਅਸੀਂ ਸ੍ਵੈਯਾ ਵੀ ਪੜ੍ਹਦੇ ਹਾਂ - "**ਦੇਹ ਸਿਵਾ ਬਰ ਮੋਹਿ ਇਹੈ...**" ਕਦੇ ਇਸ ਨੂੰ ਧਿਆਨ ਨਾਲ ਪੜ੍ਹਿਓ। ਅਸੀਂ ਜ਼ਿਆਦਾ ਜ਼ੋਰ ਏਸੇ ਗੱਲ 'ਤੇ ਦੇਈ ਜਾਂਦੇ ਹਾਂ :

"ਜਬ ਆਵ ਕੀ ਆਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ॥
ਨਾ ਡਰੋ ਅਰ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋ॥"

ਪਰ ਗੁਰੂ ਨੇ ਆਰੰਭ ਵਿੱਚ ਇਕ ਖਿਆਲ ਦਿੱਤਾ ਹੈ, ਕਹਿਣ ਲੱਗੇ - ਹੇ ਮਾਲਿਕ ! ਤੈਨੂੰ ਪਤਾ ਹੈ 'ਨਾ ਡਰੋਂ' ਦੀ ਗੱਲ, 'ਜਾਏ ਲੜੋਂ' ਦੀ ਗੱਲ, 'ਜੂਝ ਮਰੋਂ' ਦੀ ਗੱਲ ਤਾਂ ਹੀ ਹੋਵੇਗੀ ਜਦੋਂ ਹਿਰਦੇ ਵਿੱਚ "**ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ**" ਦੀ ਦ੍ਰਿੜ੍ਹਤਾ ਆਏਗੀ। ਇਸ ਲਈ ਆਰੰਭਕ ਜਿਹੜੀ ਅਰਦਾਸ ਹੈ, ਉਹ ਹੈ "**ਦੇਹ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ**" ਕਿ ਮੇਰੇ ਵਿੱਚ ਜੀਵਨ ਦਾ ਅਨੁਸ਼ਾਸਨ ਆਵੇ। ਗੁਰੂ ਦਾ ਅਨੁਸ਼ਾਸਨ ਕੀ ਹੈ - ਗੁਰੂ ਦੀ ਗੁਰਮਤਿ। ਜਿਸਦੇ ਕੋਲ ਜੀਵਨ ਦਾ ਅਨੁਸ਼ਾਸਨ ਆ ਜਾਂਦਾ ਹੈ, ਜਿਹੜਾ ਗੁਰੂ ਦੀ ਅਗਵਾਈ ਵਿੱਚ ਚਲਦਾ ਹੈ, ਉਹ ਸਿੱਖ ਹੀ :

"ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥"

(ਗੁ.ਗ੍ਰੰ.ਸਾ.ਪੰਨਾ : 667)

ਕਿਸੇ ਫ਼ੌਜੀ ਨੂੰ ਆਪਣੇ ਤੋਂ ਵੱਡੇ ਅਫਸਰ ਦਾ ਹੁਕਮ ਹੋਵੇ ਭਾਵੇਂ ਖ਼ੂਹ ਵਿੱਚ ਛਾਲ ਮਾਰਣ ਦਾ, ਉਹ ਉਥੇ ਹੀ ਮਾਰੇਗਾ। ਕਿੰਨੀ ਅਜੀਬ ਗੱਲ ਹੈ। ਗੁਰੂ ਸਾਨੂੰ ਦਿਨ-ਰਾਤ ਹੁਕਮ ਕਰੀ ਜਾਂਦਾ ਹੈ ਪਰ ਅਸੀਂ ਮੰਨਦੇ ਹੀ ਨਹੀਂ। ਫਿਰ ਵੀ ਅਖਵਾਉਂਦੇ ਫ਼ੌਜ ਹਾਂ।

ਭਲਿਓ ! ਖਿਆਲ ਕਰਿਓ, ਅਕਾਲ ਪੁਰਖ ਨੂੰ ਬਿਲਕੁਲ ਐਸੀ ਫ਼ੌਜ ਦੀ ਲੋੜ ਨਹੀਂ। ਉਹਨੇ ਤਾਂ ਤੁਹਾਨੂੰ ਫ਼ੌਜੀ ਬਣਾਇਆ ਹੈ ਤੇ ਫ਼ੌਜ ਦਾ ਨਾਂ ਇਸ ਲਈ ਦਿੱਤਾ ਹੈ ਕਿਉਂਕਿ ਅਕਾਲ ਪੁਰਖ ਚਾਹੁੰਦਾ ਹੈ ਕਿ ਮੇਰੇ ਨਾਲ ਜੁੜਿਆ ਹੋਇਆ ਜਿਹੜਾ 'ਵਾਹਿਗੁਰੂ ਜੀ ਕਾ ਖ਼ਾਲਸਾ ਹੈ', ਉਹਦੇ ਅੰਦਰ ਫ਼ੌਜ ਵਾਂਗ ਅਨੁਸ਼ਾਸਨ, ਦ੍ਰਿੜ੍ਹ ਇਰਾਦਾ ਅਤੇ ਆਪਣੀ ਧੁਨ ਹੋਵੇ ਜਿਸ ਧੁਨ ਤੇ ਵਿਸ਼ਵਾਸ ਨੂੰ ਦੁਨੀਆ ਦਾ ਕੋਈ ਲਾਲਚ, ਦੁਨੀਆ ਦਾ ਕੋਈ ਡਰ ਡਰਾ ਨਾ ਸਕੇ। ਐਸੀ ਦ੍ਰਿੜ੍ਹਤਾ ਅੰਦਰ ਆ ਜਾਏ, ਐਸੀ ਮਜ਼ਬੂਤੀ ਦਾ ਇਰਾਦਾ ਅੰਦਰ ਆ ਜਾਏ ਜੋ ਫ਼ੌਜ ਵਿੱਚ ਹੈ। ਲੜਨ-ਮਰਨ ਦੀ ਗੱਲ ਤਾਂ ਹਰ ਫ਼ੌਜ ਨੂੰ ਕਦੀ-ਕਦਾਈਂ ਹੁੰਦੀ ਹੈ ਪਰ ਜੀਵਨ ਦੇ ਅਨੁਸ਼ਾਸਨ ਵਿੱਚ ਰਹਿਣ ਦੀ ਲੋੜ ਦਿਨ-ਰਾਤ ਹੁੰਦੀ ਹੈ। ਜਿੰਨੀ ਦੇਰ ਤੂੰ ਗੁਰੂ ਦੇ ਅਨੁਸ਼ਾਸਨ ਵਿੱਚ, ਗੁਰੂ ਦੇ ਗੁਰਮਤਿ ਦੀ ਆਦਤ ਨਹੀਂ ਪਾਵੇਂਗਾ, ਲੜਨ-ਮਰਨ ਵਿੱਚ ਵੀ ਹੋ ਸਕਦਾ ਹੈ ਸਫਲ ਨਾ ਹੋਵੇਂ ਤੇ ਉਦੋਂ ਵੀ ਡੋਲ੍ਹ ਜਾਏ, ਉਦੋਂ ਵੀ ਗੁਰੂ ਦਾ ਦਰ ਤੇ ਸਿੱਖੀ ਛੱਡ ਕੇ ਮੂੰਹ ਛੁਪਾ ਲਵੇ। ਇਸੇ ਲਈ ਜ਼ਰੂਰਤ ਹੈ - ਫ਼ੌਜ ਬਣਨਾ ਹੈ ਤਾਂ ਪਹਿਲਾਂ ਗੁਰੂ ਦੇ ਗੁਰਮਤਿ ਦੇ ਘੇਰੇ ਵਿੱਚ ਆ।

ਸੰਸਾਰ ਦੀ ਫ਼ੌਜ ਨੂੰ ਪੈਦਾ ਕਰਨ ਵਾਲੇ ਲੋਕ ਵੀ ਪਹਿਲਾਂ ਅਨੁਸ਼ਾਸਨ ਸਿਖਾਉਂਦੇ ਨੇ ਤੇ ਫੇਰ ਹਥਿਆਰ ਫੜਾਉਂਦੇ ਨੇ ਅਤੇ ਜਦੋਂ ਵਾਪਿਸ ਪਰਤਦਾ ਹੈ ਉਹਦੇ ਕੋਲੋਂ ਹਥਿਆਰ ਰਖਵਾ ਲੈਂਦੇ ਹਨ ਪਰ ਕਿਸੇ ਨੂੰ ਇਹ ਨਹੀਂ ਆਖਦੇ - ਓਏ ਫ਼ੌਜੀ ! ਇਥੇ ਸਟੇਨ-ਗੰਨ ਰਖ ਦੇ ਤੇ ਅੱਜ ਤੋਂ ਤੇਰੇ ਲਈ ਨਿਯਮ ਵੀ ਕੋਈ ਨਹੀਂ। ਆਪਣੇ ਜਿਹੜੇ ਨਿਯਮ ਪਾਲਦਾ ਰਿਹਾ ਹੈ, ਉਹ ਵੀ ਇਥੇ ਛੱਡ ਜਾ - ਬਿਲਕੁਲ ਨਹੀਂ। ਫ਼ੌਜੀ ਹਥਿਆਰ ਛੱਡ ਆਉਂਦਾ ਹੈ, ਨਿਯਮ ਨਾਲ ਲੈ ਆਉਂਦਾ ਹੈ। ਉਹਦੇ ਜੀਵਨ ਦੇ ਆਖਰੀ ਪਲਾਂ ਤਕ ਨਿਯਮ ਉਹਦੇ ਨਾਲ-ਨਾਲ ਰਹਿੰਦੇ ਨੇ। ਜਿਸ ਦਿਨ ਅਸੀਂ ਗੁਰੂ ਦੇ, ਗੁਰਮਤਿ ਦੇ ਨਿਯਮਾਂ ਨੂੰ ਇਕ ਫ਼ੌਜੀ ਦੇ ਨਿਯਮਾਂ ਦੇ ਅਨੁਸ਼ਾਸਨ ਵਾਂਗੂ ਅਪਨਾਵਾਂਗੇ, ਉਸ ਦਿਨ ਅਸੀਂ ਅਕਾਲ ਪੁਰਖ ਦੀ ਫ਼ੌਜ ਹੋਵਾਂਗੇ।

ਖ਼ਾਲਸਾ ਹੋਣਾ, ਅਕਾਲ ਪੁਰਖ ਦੀ ਫ਼ੌਜ ਹੋਣਾ ਹੈ। ਫ਼ੌਜ ਗੁਰਮਤਿ ਦੇ ਘੇਰੇ ਵਿੱਚ ਆਉਣ ਤੋਂ ਬਾਅਦ ਬਣਦੀ ਹੈ। ਅਨੁਸ਼ਾਸਨ ਦਾ ਜੀਵਨ ਹੀ ਫ਼ੌਜ ਦਾ ਪ੍ਰਤੀਕ ਹੈ।

ਗੁਰੂ ਬਖਸ਼ਿਸ਼ ਕਰੇ, ਸਾਡੇ ਵਿੱਚ ਵੀ ਇਹ ਜੀਵਨ ਦੀ ਤਰਤੀਬ ਗੁਰੂ ਦੀ ਰੌਸ਼ਨੀ ਆ ਜਾਏ।

❖

ਇਕ ਸੁਆਲ

ਆਖਿਰ ਹੋਲਾ ਮਹੱਲਾ

ਬਸੰਤ ਦੀ ਰੁੱਤ ਵਿੱਚ ਹੀ

ਕਿਉਂ ਆਉਂਦਾ ਹੈ ?

ਹੋਲਾ ਮਹੱਲਾ ਅਤੇ ਬਸੰਤ ਰੁੱਤ

ਇਕ ਪੁਰਾਤਨ ਲੋਕ-ਗਾਥਾ ਮੁਤਾਬਿਕ ਰਾਜਾ ਹਰਨਾਖਸ਼ ਹੰਕਾਰ ਵੱਸ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਗਿਆ ਅਤੇ ਪਰਜਾ ਨੂੰ ਆਪਣਾ ਹੀ ਨਾਮ ਜੱਪਣ ਲਈ ਹੁਕਮ ਦਿੱਤਾ ਤਾਂ ਉਸ ਵਕਤ ਉਸ ਦੇ ਪੁੱਤਰ ਪ੍ਰਹਿਲਾਦ ਨੇ ਆਪਣੇ ਪਿਤਾ ਦੇ ਹੰਕਾਰ ਭਰੇ ਫੈਸਲੇ ਦਾ ਵਿਰੋਧ ਕੀਤਾ। ਹਰਨਾਖਸ਼ ਨੇ ਆਪਣੇ ਹੁਕਮ ਸਾਹਮਣੇ ਬਗਾਵਤ ਕਰਕੇ ਰਾਮ ਦਾ ਨਾਮ ਜੱਪਣ ਵਾਲੇ ਪੁੱਤਰ ਪ੍ਰਹਿਲਾਦ ਨੂੰ ਜਾਨੋਂ ਮਾਰ ਦੇਣ ਦਾ ਫੈਸਲਾ ਕਰ ਲਿਆ। ਪ੍ਰਹਿਲਾਦ ਦੀ ਦ੍ਰਿੜਤਾ ਅਤੇ ਰੱਬੀ ਸ਼ਕਤੀ ਦੇ ਸਾਹਮਣੇ ਹਰਨਾਖਸ਼ ਦਾ ਕੋਈ ਵੱਸ ਨਾ ਚਲਿਆ "**ਜਲ ਅਗਨੀ ਵਿਚ ਘਤਿਆ ਜਲੇ ਨ ਡੂਬੇ ਗੁਰਪ੍ਰਸਾਦਿ**"। ਕਹਿੰਦੇ ਹਨ ਆਖਿਰ ਹਰਨਾਖਸ਼ ਨੇ ਇਸ ਕੰਮ ਲਈ ਆਪਣੀ ਭੈਣ ਹੋਲਕਾਂ ਦੀ ਮਦਦ ਲਈ। ਹੋਲਕਾਂ ਜਿਸਨੇ ਅਗਨੀ ਵਿੱਚ ਨਾ ਜਲਨ ਦਾ ਵਰ ਲਿਆ ਹੋਇਆ ਸੀ, ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਬਲਦੀ ਅੱਗ ਵਿੱਚ ਬੈਠ ਗਈ। ਨਿਰੰਕਾਰ ਵਲੋਂ ਐਸਾ ਭਾਣਾ ਵਰਤਿਆ ਕਿ ਭਗਤ ਪ੍ਰਹਿਲਾਦ ਨੂੰ ਜਲਾਉਂਦੀ ਹੋਲਕਾਂ ਜਲ ਗਈ ਪਰ ਪ੍ਰਹਿਲਾਦ ਨਾ ਜਲਿਆ। ਇਉਂ ਜ਼ੁਲਮ ਤੇ ਹੰਕਾਰ ਉੱਤੇ ਭਗਤੀ ਤੇ ਸੱਚ ਦੀ ਜਿੱਤ ਹੁੰਦੀ ਹੈ ਅਤੇ ਜਦੋਂ ਜ਼ੁਲਮ ਮਿੱਟਦਾ ਹੈ ਤਾਂ ਸੱਚ ਦੀ ਜਿੱਤ ਹੁੰਦੀ ਹੈ, ਉਦੋਂ ਹੀ ਸੰਸਾਰ ਵਿੱਚ ਖੇੜਾ ਆਉਂਦਾ ਹੈ। ਇਉਂ ਖੇੜਿਆਂ ਦੀ ਪ੍ਰਤੀਕ ਬਸੰਤ ਰੁੱਤ ਵਿੱਚ ਲੋਕ ਇਸ ਸੱਚ ਦੀ ਜਿੱਤ ਦੇ ਦਿਨ ਨੂੰ ਹੋਲੀ ਦੇ ਨਾਮ ਥੱਲੇ ਮਨਾਉਣ ਲੱਗੇ।



ਸਰਦੀ ਤੇ ਗਰਮੀ ਬਿਲਕੁਲ ਵਿਰੋਧੀ ਪ੍ਰਭਾਵ ਰਖਦੀਆਂ ਹਨ। ਅੱਤ ਸਰਦੀ ਵੀ ਮਨੁੱਖਤਾ ਦੇ ਬਹੁਤ ਹਿੱਸੇ ਲਈ ਪ੍ਰੇਸ਼ਾਨੀਆਂ ਲੈ ਕੇ ਆਉਂਦੀ ਹੈ। ਗਰੀਬ ਮਨੁੱਖ ਜਿਸ ਨੂੰ ਕੁਲੀ ਨਹੀਂ ਨਸੀਬ ਹੁੰਦੀ, ਜਿਸ ਨੂੰ ਤਨ 'ਤੇ ਪਹਿਨਣ ਨੂੰ ਕਪੜਾ ਨਹੀਂ ਜੁੜਦਾ, ਖੁਲ੍ਹੇ ਦਰਖਤਾਂ ਦੀ ਓਟ ਲੈ ਕੇ ਕਿਵੇਂ ਪੋਹ-ਮਾਘ ਦੀਆਂ ਰਾਤਾਂ ਕੱਟਦਾ ਹੈ, ਇਹ ਜ਼ਾਲਮ ਸਰਦੀ ਕੀ ਜਾਣੇ ਕਿ ਉਹਦੀ ਮਾਰ ਨਾਲ ਹਰ ਸਾਲ ਕਈ ਗਰੀਬ ਮਾਰੇ ਜਾਂਦੇ ਹਨ। ਇਸੇ ਤਰ੍ਹਾਂ ਗਰਮੀ ਰੁੱਤ ਦੀਆਂ ਭਿਆਨਕ ਧੁੱਪਾਂ ਧਰਤੀ ਨੂੰ ਅੰਗਾਰ ਬਣਾ ਦਿੰਦੀਆਂ ਹਨ, ਤਪਦੇ ਮਾਰੂ ਥਲ ਜੇਠ-ਹਾੜ ਦੀਆਂ ਲੂਆਂ ਅੱਗ ਦੇ ਲਾਵੇ ਵਾਂਗ ਫੁੱਟ-ਫੁੱਟ ਨਿਕਲਦੀਆਂ ਹਨ। ਅਸਮਾਨ 'ਤੇ ਉਡਾਰੀਆਂ ਲਾਉਣ ਵਾਲੇ ਪੰਛੀ ਗਰਮੀ ਤੋਂ ਬੱਚਣ ਲਈ ਦਰਖਤਾਂ ਦੀਆਂ ਟਾਹਣੀਆਂ ਤੇ ਪੱਤਿਆਂ ਵਿੱਚ ਛੁੱਪ ਬਹਿੰਦੇ ਹਨ, ਖੂਹਾਂ ਅਤੇ ਤਾਲਾਬਾਂ ਦੇ ਸੁੱਕ ਗਏ ਪਾਣੀ ਅਤੇ ਪਾਣੀ ਦੀ ਬੂੰਦ-ਬੂੰਦ ਨੂੰ ਤਰਸਦੇ ਜੰਗਲੀ ਜਾਨਵਰਾਂ ਦੀਆਂ ਮੌਤਾਂ। ਪਰ ਗਰੀਬ ਆਦਮੀ ਮੁੜ੍ਹਕੋ-ਮੁੜ੍ਹਕੀ ਹੋਇਆ ਤਪਦੀ ਤਵੀ ਵਾਂਗ ਤਪੀ ਧਰਤੀ 'ਤੇ ਨੰਗੇ ਪੈਰੀਂ ਆਪਣਾ ਅਤੇ ਆਪਣੇ ਬੱਚਿਆਂ ਦੇ ਪੇਟ ਭਰਨ ਲਈ ਰੋਜ਼ੀ ਕਮਾਉਣ ਵਿੱਚ ਕਿੰਨਾ ਮਜਬੂਰ ਹੈ, ਇਹ ਸਭ ਗਰਮੀ ਕੀ ਜਾਣੇ ਜੋ ਕਈ ਗਰੀਬਾਂ ਦੀ ਜਾਨ ਲੇਵਾ ਬਣਦੀ ਹੈ।

ਪਰ ਸਰਬੱਤ ਦਾ ਭਲਾ ਮੰਗਣ ਵਾਲੀ ਇਹ ਬਸੰਤ ਰੁੱਤ ਗਰਮੀ ਅਤੇ ਸਰਦੀ ਨੂੰ ਇਕੱਠਿਆਂ ਕਰਕੇ ਸਮਝਾ ਬੁਝਾ, ਗਰਮੀ ਨੂੰ ਤੱਤੀਆਂ ਲੂਆਂ ਅਤੇ ਸਰਦੀ ਨੂੰ ਬਰਫੀਲੀਆਂ ਹਵਾਵਾਂ ਚਲਾਉਣ ਤੋਂ ਹੋੜ ਦਿੰਦੀ ਹੈ।

ਗਰੀਬ ਤੇ ਅਮੀਰ ਸਭ ਦੇ ਮਨ ਭਾਉਂਦੀ ਰੁੱਤ ਨੂੰ ਗੁਰੂ ਵੀ ਭਲੀ ਰੁੱਤ ਕਹਿ ਰਿਹਾ ਹੈ :

"ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ।।"

(ਗੁ.ਗ੍ਰੰ.ਸਾ.ਪੰਨਾ : 452)

ਬਸੰਤ ਦੀ ਰੁੱਤੇ ਹਰ ਪਾਸੇ ਖੇੜਾ ਇਹ ਸਾਬਤ ਕਰਦਾ ਹੈ ਕਿ ਪਕ੍ਰਿਤੀ ਲਈ ਅੱਤ ਗਰਮੀ ਅਤੇ ਅੱਤ ਸਰਦੀ ਦੋਵੇਂ ਹੀ ਮਾਰੂ ਹਨ ਅਤੇ ਪਕ੍ਰਿਤੀ ਵਿੱਚ ਖੇੜਾ ਬਸੰਤ ਰੁੱਤੇ ਹੀ ਆਉਂਦਾ ਹੈ।

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਵੀ ਦੇਖਿਆ ਸਮਾਜ ਵਿੱਚ ਅੱਤ ਗਰਮੀ ਦੀ ਰੁੱਤ ਵਾਂਗੂ ਕੁਝ ਲੋਕ ਬਾਹੂ ਬਲ ਵਾਲੇ ਤਾਨਾਸ਼ਾਹੀ ਜ਼ਾਲਮ ਨਿਰਦਈ ਹੋ ਚੁੱਕੇ ਹਨ ਜਿਨ੍ਹਾਂ ਦੇ ਜ਼ੁਲਮ ਦੀ ਅੱਗ ਵਿੱਚ ਮਾਨਵਤਾ ਝੁਲਸੀ ਜਾ ਰਹੀ ਹੈ। ਨਾਲ ਹੀ ਕੁਝ ਲੋਕ ਸ਼ਾਂਤੀ ਦੇ ਪੁਜਾਰੀ ਪਹਾੜਾਂ ਦੀਆਂ ਕੁੰਦਰਾਂ ਵਿੱਚ ਸਮਾਧੀਆਂ ਲਾ ਬੈਠੇ ਰਹੇ ਅਤੇ ਸਮਾਜ ਦੀ ਇੱਜ਼ਤ ਅਣਖ ਦੀ ਪੱਤ ਗ਼ਜ਼ਨੀ ਦੇ ਬਾਜ਼ਾਰਾਂ ਵਿੱਚ ਵਿਕਦੀ ਰਹੀ ਪਰ ਸਰਦੀ ਦੀ ਰੁੱਤ ਵਾਂਗੂ 'ਅਹਿੰਸਾ ਪਰਮੋਧਰਮਾ' ਦੀਆਂ ਬਰਫੀਲੀਆਂ ਹਵਾਵਾਂ ਕਾਰਨ ਉਨ੍ਹਾਂ ਦੀ ਗੈਰਤ ਅਣਖ ਦਾ ਖ਼ੂਨ ਜਮ ਗਿਆ ਹੈ, ਜ਼ਮੀਰ ਦੀ ਮੌਤ ਹੋ ਚੁੱਕੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵਤਾ ਦੇ ਦਰਦ ਨੂੰ ਸਮਝਿਆ। ਮਨੁੱਖ ਨੂੰ ਆਜ਼ਾਦੀ

ਤੇ ਅਣਖ ਦੇ ਜੀਵਨ ਦਾ ਖੇੜਾ ਦੇਣ ਲਈ ਬਾਹੂ ਬਲ ਨੂੰ ਬੀਰ ਰਸ ਦਾ ਰੂਪ ਦੇ ਕੇ ਅਤੇ ਧਰਮ ਦੇ ਸ਼ਾਂਤ ਰਸ ਨੂੰ ਉੱਚੇ ਇਖਲਾਕ ਪਰਉਪਕਾਰੀ ਦਾ ਸੰਤ ਰੂਪ ਦੇ ਕੇ ਦੋਹਾਂ ਰੁੱਤਾਂ ਨੂੰ ਇਕੱਠਿਆਂ ਕਰ ਇਕ **'ਸੰਤ ਸਿਪਾਹੀ'** - ਬਸੰਤ ਰੁੱਤ ਦੇ ਪ੍ਰਤੀਕ **'ਖ਼ਾਲਸੇ'** ਦੀ ਸਾਜਨਾ ਕੀਤੀ।

ਹੋਲਾ ਮਹੱਲਾ
ਅਤੇ ਬਸੰਤ
ਰੁੱਤ

ਹੋਲਾ ਮਹੱਲਾ ਉਹ ਦਿਨ ਹੈ ਜਿਸ ਦਿਨ ਬਸੰਤ ਰੁੱਤ ਵਾਂਗੂ ਖ਼ਾਲਸਾ ਖੇੜੇ ਖੁਸ਼ੀਆਂ ਤੇ ਚੜ੍ਹਦੀ ਕਲਾ ਦੇ ਆਪਣੇ ਕਰਤਬਾਂ ਦਾ ਪ੍ਰਗਟਾਵਾ ਕਰਦਾ ਹੈ। ਇਸ ਦਿਨ ਖ਼ਾਲਸੇ ਦੀ ਪਵਿੱਤਰ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਦਭੁੱਤ ਮਹੱਲਾ (ਜਲੂਸ) ਨਿਕਲਦਾ ਹੈ। ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖ਼ਾਲਸਾ ਰੰਗ ਗੁਲਾਲ ਉਡਾਉਂਦਾ ਸ਼ਸਤਰ ਵਿੱਦਿਆ ਦੇ ਅਲੌਕਿਕ ਜੌਹਰ ਦਿਖਾਉਂਦਾ ਹੈ। ਸਿੱਖ ਸੰਗਤਾਂ ਦਾ ਅਥਾਹ ਪਿਆਰ ਅਤੇ ਜੋਸ਼ ਠੱਲਿਆ ਨਹੀਂ ਜਾਂਦਾ। ਸ੍ਰੀ ਅਨੰਦਪੁਰ ਸਾਹਿਬ ਵੱਲ ਆਉਂਦੇ ਹਰ ਰਾਹ ਸੜਕ 'ਤੇ ਲੰਗਰ ਲਗੇ ਹੁੰਦੇ ਹਨ ਅਤੇ ਕੀਰਤਨ ਹੋ ਰਹੇ ਹੁੰਦੇ ਹਨ।

ਹੋਲਾ ਮਹੱਲਾ ਖ਼ਾਲਸੇ ਦੇ ਬੋਲੇ **"ਦੇਗ ਤੇਗ਼ ਫਤਹਿ"** ਦਾ ਪ੍ਰਤੀਕ ਹੈ।

❖

"ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸਾ।"
ਤਮਾਸ਼ੇ ਦਾ ਅੱਖਰੀ ਅਰਥ ਕੀ ਹੈ?
ਤਮਾਸ਼ੇ ਦੀ ਨਿਸ਼ਾਨੀ ਕੀ ਹੁੰਦੀ ਹੈ?
ਕੀ ਕੋਈ ਅੱਖਾਂ ਬੰਦ ਕਰਕੇ ਵੀ
ਤਮਾਸ਼ਾ ਵੇਖ ਸਕਦਾ ਹੈ?
ਕੀ ਸਾਡੀ ਜ਼ਿੰਦਗੀ ਵੀ
ਸਿੱਖੀ ਦਾ ਤਮਾਸ਼ਾ ਬਣ ਕੇ
ਤਾਂ ਨਹੀਂ ਰਹਿ ਗਈ?

ਜਗਤ ਤਮਾਸ਼ਾ

"ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ।"

ਕਹਿੰਦੇ ਹਨ ਧਰਮ ਨੂੰ ਚਲਾਉਣ ਆਇਆ ਹਾਂ, ਅਤੇ ਚਲਦਾ ਉਹ ਹੈ ਜਿਹੜਾ ਰੁੱਕ ਰਿਹਾ ਹੋਵੇ। ਤੇ ਧਰਮ ਰੁੱਕਦਾ ਕਦੋਂ ਹੈ ? ਸਤਿਗੁਰ ਬਾਣੀ 'ਚ ਕਹਿੰਦੇ ਨੇ :

"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।।"

(ਗੁ.ਗ੍ਰੰ.ਸਾ.ਪੰਨਾ : 663)

'ਗਤਿ ਰਹੀ' ਦਾ ਅਰਥ ਹੈ - ਗਤ ਕਹਿੰਦੇ ਨੇ ਗਤੀ (speed) ਨੂੰ, ਇਕ ਰਸ (ਇਕ ਲਯ) ਵਿੱਚ ਚਲ ਰਹੀ ਚੀਜ਼ ਨੂੰ ਗਤੀਸ਼ੀਲ ਆਖਦੇ ਨੇ - ਕਿਸ ਗਤੀ ਨਾਲ ਚਲ ਰਹੀ ਹੈ। ਸੰਗੀਤ ਵਿੱਚ ਤਬਲੇ ਦੀ ਕਿਸੇ ਚਲਦੇ ਠੇਕੇ ਨੂੰ ਵੀ ਗਤ ਆਖਦੇ ਹਨ। ਧਰਮ ਕੀ ਗਤਿ ਰਹੀ ਤੋਂ ਭਾਵ ਹੈ ਹੁਣ ਚਲਦਾ ਨਹੀਂ ਰਿਹਾ, ਰੁੱਕ ਰਿਹਾ ਹੈ ਅਤੇ ਰੁੱਕ ਰਹੇ ਦੀ ਨਿਸ਼ਾਨੀ ਹੈ, ਕਹਿੰਦੇ ਨੇ ਸੁਭਾਅ ਇਹ ਹੈ ਕਿ "ਸ੍ਰਿਸਟੀ ਸਭ ਇਕ ਵਰਨ ਹੋਈ...।" ਇਹਦਾ ਮਤਲਬ ਗੁਰੂ ਇਹ ਮਹਿਸੂਸ ਕਰਦਾ ਹੈ ਕਿ



ਸ੍ਰਿਸ਼ਟੀ ਇਕ ਵਰਨ ਨਹੀਂ ਹੋਣੀ ਚਾਹੀਦੀ। ਬਾਣੀ ਅੰਦਰ ਹੋਰ ਥਾਵੇਂ ਵੀ ਗੁਰੂ ਸਾਹਿਬ ਨੇ ਇਹ ਖਿਆਲ ਦਿੱਤਾ :

"ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ"

(ਗੁ.ਗ੍ਰੰ.ਸਾ.ਪੰਨਾ : 747-748)

ਗੁਰੂ ਦੇ ਦਰ 'ਤੇ ਕਿਸੇ ਵਰਨ ਵਿੱਚੋਂ ਕੋਈ ਆਵੇ, ਗੁਰੂ ਦਾ ਉਪਦੇਸ਼ ਧਾਰਨ ਕਰੇ, ਉਸ ਨੂੰ ਥਾਂ ਮਿਲਦੀ ਹੈ। ਪਰ ਇਥੇ ਸ੍ਰਿਸ਼ਟ ਸਭ ਇਕ ਵਰਨ ਹੋਈ ਤੋਂ ਭਾਵ ਹੋਰ ਹੈ ਜਿਹੜਾ ਸਮਝਣਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿੱਚ ਇਹ ਪ੍ਰਤੀਤ ਕੀਤਾ ਕਿ ਸੰਸਾਰ ਦਾ ਦੁਖ ਕੀ ਹੈ ? ਚਾਰ ਵਰਨ, ਚਾਰ ਮਜ਼ਬਾਂ ਜਗ ਵਿੱਚ ਹਿੰਦੂ ਮੁਸਲਮਾਨੇ : **"ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ"**। ਇਕ ਵੱਖਰੀ ਪਉੜੀ 'ਚ ਭਾਈ ਸਾਹਿਬ ਕਹਿੰਦੇ ਨੇ - **"ਵਰਨਾ ਵਰਨ ਨਾ ਭਾਵਨੀ"** - ਵਰਨ ਨੂੰ ਵਰਨ ਭਾਉਂਦਾ ਨਹੀਂ, ਇੱਕ ਦੂਜੇ ਨਾਲ ਤਕਰਾਰ ਹੈ, ਇੱਕ ਵਰਨ ਦੂਜੇ ਵਰਨ ਨੂੰ ਚੰਗਾ ਨਹੀਂ ਲੱਗਦਾ। ਤੇ ਇੱਥੇ ਸੋਚਣਾ ਹੈ - ਇਹਦਾ ਮਤਲਬ ਇੱਕ ਵਰਨ ਨਹੀਂ ਹੋਣਾ ਚਾਹੀਦਾ ?

ਦੋ ਵਰਨ ਨਿਰੰਕਾਰ ਨੇ ਪੈਦਾ ਕੀਤੇ, ਰੱਬ ਨੇ ਪੈਦਾ ਕੀਤੇ ਜਿਸਦਾ ਜ਼ਿਕਰ ਸਤਿਗੁਰੂ ਨੇ ਬਾਣੀ 'ਚ ਕੀਤਾ ਹੈ, ਕਹਿੰਦੇ ਨੇ :

"ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।। ਸੰਸਾਰ ਬਿਰਖ ਕਉ ਦੁਇ ਫਲ ਲਾਏ।।"

(ਗੁ.ਗ੍ਰੰ.ਸਾ.ਪੰਨਾ : 1172)

ਰੱਬ ਨੇ ਦੋ ਵਰਨ ਪੈਦਾ ਕੀਤੇ, ਪੈਦਾਇਸ਼ ਤਾਂ ਉਹਦੀ ਹੈ ਤੇ ਮਨੁੱਖ ਦੇ ਸਾਹਮਣੇ ਚੋਣ ਰਖ ਦਿੱਤੀ ਹੈ। ਇਕ ਪਾਪ ਵੀ ਹੈ, ਇਕ ਪੁੰਨ ਵੀ ਹੈ। ਜੇ ਸੰਸਾਰ ਅੰਦਰ ਕੇਵਲ ਪੁੰਨ ਹੁੰਦਾ, ਤਾਂ ਇਸ ਸਾਧ-ਸੰਗਤ ਦੀ ਲੋੜ ਹੀ ਨਾ ਪੈਂਦੀ, ਗੁਰਮਤ ਦੀ ਤੇ ਗੁਰੂ ਦੀ ਲੋੜ ਨਾ ਪੈਂਦੀ। ਗੁਰੂ ਕੋਲ ਜੇ ਸਿੱਖ ਨੇ ਆ ਕੇ ਬੈਠਣਾ ਹੈ ਤਾਂ ਇਸੇ ਲਈ ਬੈਠਣਾ ਹੈ, ਤਾਂ ਜੋ ਪਤਾ ਲਗ ਜਾਏ, ਇੱਥੇ ਆ ਕੇ ਪੁੱਛ ਸਕੇ ਕਿ ਪਾਪ ਕੀ ਹੈ, ਪੁੰਨ ਕੀ ਹੈ ? ਗੁਰੂ ਨੇ ਬਾਣੀ 'ਚ ਵੀ ਆਖਿਆ ਹੈ, ਕਹਿਣ ਲਗੇ :

"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।।
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ।।"

(ਗੁ.ਗ੍ਰੰ.ਸਾ.ਪੰਨਾ : 146)

ਪਾਪ ਤੇ ਪੁੰਨ ਹੈ ਹੀ ਨਹੀਂ ਸੀ, ਜਦੋਂ ਇਹ ਸ੍ਰਿਸ਼ਟੀ ਨਹੀਂ ਸੀ :

"ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।। ਪਾਪ ਪੁੰਨ ਤਬ ਕਹ ਤੇ ਹੋਤਾ।।"

(ਗੁ.ਗ੍ਰੰ.ਸਾ.ਪੰਨਾ : 290)

ਹੁਣ ਜਦੋਂ ਸ੍ਰਿਸ਼ਟੀ ਬਣੀ, ਬਣਾਉਣ ਵਾਲੇ ਨੇ ਦੋ ਚੀਜ਼ਾਂ ਤਾਂ ਆਮ੍ਹੋ-ਸਾਹਮਣੇ ਰਖ ਦਿੱਤੀਆਂ। ਇਕ ਪਾਸੇ ਚੰਗਿਆਈਆਂ, ਇਕ ਪਾਸੇ ਬੁਰਿਆਈਆਂ ਤੇ ਮਨੁੱਖ ਦਾ ਤਮਾਸ਼ਾ ਵੇਖਿਆ ਅਤੇ ਵੇਖਿਆ ਕੋਈ **"ਚੰਗਿਆਈ ਆਲਿਕ ਕਰੇ ਬੁਰਿਆਈ ਹੋਏ ਸੇਰ"**। ਇਕ ਪਾਸੇ ਅੰਧੇਰਾ ਬਣਾ ਦਿੱਤਾ, ਇਕ ਪਾਸੇ ਰੌਸ਼ਨੀ ਬਣਾ ਦਿੱਤੀ। ਨੇਕੀ ਤੇ ਬਦੀ ਆਮ੍ਹੋ-ਸਾਹਮਣੇ ਰਖ ਦਿੱਤੀ, ਸੱਚ ਤੇ ਝੂਠ ਆਮ੍ਹੋ-

ਸਾਹਮਣੇ ਟਿਕਾ ਦਿੱਤੇ - ਇਹ ਦੋ ਵਰਨ ਪੈਦਾ ਕੀਤੇ। ਗੁਰਮੁਖ ਤੇ ਮਨਮੁਖ ਇਸ ਸੰਸਾਰ ਵਿੱਚ ਪੈਦਾ ਹੋਏ, ਆਸਤਿਕ ਤੇ ਨਾਸਤਿਕ ਇਸ ਸੰਸਾਰ ਵਿੱਚ ਪੈਦਾ ਹੋਏ। ਪਰ ਗੁਰੂ ਕਹਿੰਦੇ ਨੇ ਮੈਨੂੰ ਪਰੇਸ਼ਾਨੀ ਹੋ ਗਈ ਜਦੋਂ ਮੈਂ ਵੇਖਿਆ ਕਿ ਸਾਰੀ ਸ੍ਰਿਸ਼ਟੀ ਧਰਮ ਛੱਡਣ ਵਾਲੇ ਵਰਨ ਵਿੱਚ ਇੱਕ ਹੋ ਰਹੀ ਹੈ, ਕਿਉਂਕਿ ਪਹਿਲੀ ਲਾਈਨ 'ਚ ਕਹਿ ਦਿੱਤਾ ਹੈ - **"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ"**। ਸੰਸਾਰ ਅੰਦਰ ਦੋ ਵਰਨ ਤਾਂ ਪੈਦਾ ਹੋਏ ਹੀ ਸਨ ਅਤੇ ਜੇ ਕੁਝ ਛੱਡ ਦਿੰਦੇ, ਕੁਝ ਗ੍ਰਹਿਣ ਕਰ ਲੈਂਦੇ ਤਾਂ ਮੈਂ ਆਖਦਾ- ਚਲੋ ਜਿਹੜੇ ਗ੍ਰਹਿਣ ਕਰਨ ਵਾਲੇ ਨੇ, ਉਹ ਅਗਾਂਹ ਛੱਡਣ ਵਾਲਿਆਂ ਨੂੰ ਪ੍ਰੇਰ ਲੈਣਗੇ। ਪਰ ਕਹਿਣ ਲੱਗੇ - ਦੁਖ ਦੀ ਗੱਲ, ਧਰਮ ਰੁੱਕਦਾ ਉਦੋਂ ਦਿੱਸਿਆ ਜਦੋਂ ਇਹ ਵੇਖਿਆ ਕਿ **"ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ"** ਪਰ ਜਿਨ੍ਹਾਂ ਨੇ ਧਰਮ ਨੂੰ ਗ੍ਰਹਿਣ ਕਰਨਾ ਸੀ, ਉਹ ਵੀ ਧਰਮ ਛੱਡਣ ਵਾਲਿਆਂ ਵਿੱਚ ਸ਼ਾਮਿਲ ਹੋ ਗਏ। ਜੇ ਕੁਝ ਗ੍ਰਹਿਣ ਕਰਨ ਵਾਲੇ ਵੀ ਹੁੰਦੇ ਤਾਂ ਧਰਮ ਚਲਦਾ ਰਖਦੇ, ਧਰਮ ਚਲਦਾ ਰਹਿੰਦਾ।

ਕਈ ਵਾਰ ਖ਼ਤਰਾ ਵੀ ਪੈਦਾ ਹੋ ਜਾਏ ਕਿਸੇ ਚੀਜ਼ ਦੇ ਖ਼ਤਮ ਹੋਣ ਦਾ ਤਾਂ ਆਪਾਂ ਕਿਸੇ ਚੀਜ਼ ਨੂੰ ਚਲਦਾ ਰਖਣ ਲਈ ਕਹਿੰਦੇ ਹਾਂ ਕਿ ਫਿਕਰ ਵਾਲੀ ਗੱਲ ਨਹੀਂ ਸੱਚ ਦਾ ਬੀਜ ਕਦੇ ਨਾਸ ਨਹੀਂ ਹੁੰਦਾ, ਇੱਕ ਮਨ ਅੰਦਰ ਤਸੱਲੀ ਦੇਣ ਲਈ। ਉਹਦਾ ਮਤਲਬ ਕੀ ਹੈ ? ਬੀਜ ਕਿਉਂਕਿ ਚਲਦਾ ਦਿੱਸਦਾ ਹੈ ਭਾਵੇਂ ਇੱਕ ਹੋਵੇ, ਉਹ ਜਿਹੜਾ ਇੱਕ ਹੈ ਉਸੇ ਬੀਜ ਨੇ ਕਲ ਨੂੰ ਪੰਜਾਹ ਬੀਜ ਹੋਰ ਪੈਦਾ ਕਰ ਲੈਣੇ ਨੇ। ਬੂਟਾ ਬਣਨਾ ਹੈ, ਬੂਟੇ ਨੇ ਫੇਰ ਬੀਜ ਪੈਦਾ ਕਰ ਲੈਣੇ ਨੇ, ਉਨ੍ਹਾਂ ਪੰਜਾਹ ਦੇ ਨਾਲ ਫੇਰ ਪੰਜਾਹ-ਪੰਜਾਹ ਹੋਰ ਬੀਜ ਪੈਦਾ ਹੋ ਜਾਣੇ ਨੇ, ਫੇਰ ਸੈਂਕੜਿਆਂ ਦੀ ਤਾਦਾਦ ਵਿੱਚ, ਹਜ਼ਾਰਾਂ ਦੀ ਤਾਦਾਦ ਵਿੱਚ ਹੋ ਜਾਣੇ ਨੇ। ਇਸ ਲਈ ਤਾਂ ਕਿਸੇ ਥਾਂ ਤੇ ਇੱਕ ਵੀ ਵੱਧ ਗਿਆ, ਬੀਜ ਦੇ ਰੂਪ ਵਿੱਚ ਦੇਖ ਕੇ ਮਨੁੱਖ ਨੂੰ ਤਸੱਲੀ ਹੋ ਗਈ। ਤੇ ਗੁਰੂ ਕਹਿੰਦੇ ਨੇ ਕਿ ਜੇ ਭਲਾ ਇਸ ਨਾਸਤਿਕ ਸੰਸਾਰ ਵਿੱਚ, ਇਸ ਅਧਰਮੀ ਸੰਸਾਰ ਅੰਦਰ ਜਿੱਥੇ ਲੋਕਾਂ ਨੇ ਧਰਮ ਛੱਡ ਦਿੱਤਾ ਹੋਵੇ, ਉਥੇ ਕੁਝ ਧਰਮੀ ਰਹਿ ਜਾਣ ਤਾਂ ਮੈਂ ਸਮਝਾਂ ਕਿ ਕੋਈ ਖ਼ਤਰਾ ਨਹੀਂ, ਧਰਮ ਦੀ ਦੁਨੀਆਂ ਚਲਦੀ ਰਹੇਗੀ, ਧਰਮ ਦੀ ਗਤੀ ਬਣੀ ਰਹੇਗੀ। ਪਰ ਮੈਨੂੰ ਮਹਿਸੂਸ ਇਹ ਹੋਇਆ ਕਿ ਜਿਨ੍ਹਾਂ ਨੇ ਧਰਮ ਦੀ ਗਤੀ ਨੂੰ ਚਾਲੂ ਰਖਣਾ ਸੀ, ਜਿਹੜੇ ਧਰਮ ਦੇ ਠੇਕੇਦਾਰ ਸਨ ਉਹ ਵੀ ਅਧਰਮੀਆਂ ਵਿੱਚ ਸ਼ਾਮਿਲ ਹੋ ਗਏ। ਬਸ, ਇਉਂ ਮੈਨੂੰ ਦਿੱਸਿਆ ਕਿ **"ਧਰਮ ਕੀ ਗਤਿ ਰਹੀ"**, ਜਿਵੇਂ ਧਰਮ ਦੀ ਗਤੀ ਰੁੱਕ ਰਹੀ ਹੋਵੇ।

ਗੁਰੂ ਦਸਮ ਪਾਤਸ਼ਾਹ ਵੀ ਕਹਿੰਦੇ ਹਨ - ਜਦੋਂ ਐਸਾ ਸਮਾਂ ਆਇਆ, ਮੈਨੂੰ ਇਹ ਗੱਲ ਆਖ ਕੇ ਭੇਜਿਆ ਗਿਆ, ਧਰਮ ਦੀ ਗਤ ਰੁੱਕ ਰਹੀ ਹੈ, ਇਸ ਲਈ ਇਸ ਰੁੱਕਦੀ ਹੋਈ ਗਤੀ ਨੂੰ ਗਤੀਸ਼ੀਲ ਕਰੋ -

"ਜਾਹ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।"

ਰੁੱਕਦੀ ਹੋਈ ਗਤੀ ਨੂੰ ਚਲਦਾ ਰਖ, ਜਿਹੜੇ ਲੋਕ ਕਬੁੱਧੀ ਕਰਦੇ ਨੇ, ਉਨ੍ਹਾਂ ਲੋਕਾਂ ਨੂੰ ਹਟਾ। ਜਾਂ ਉਹ ਕਬੁੱਧੀ ਛੱਡ ਦੇਣ ਜਾਂ ਹੱਟ ਜਾਣ। ਨਾਲ ਹੀ ਗੁਰੂ ਨੇ ਇਕ ਹੋਰ ਖ਼ੂਬਸੂਰਤ ਖਿਆਲ ਦੇ ਦਿੱਤਾ, ਕਹਿਣ ਲੱਗੇ - ਜਦੋਂ ਹਟਾਏਂਗਾ ਹੋ ਸਕਦਾ ਹੈ, ਤੇਰੇ ਨਾਲ ਵਿਰੋਧ ਹੋਵੇ ਪਰ ਦੁਨੀਆਂ



ਨੂੰ ਆਖ ਦੇਈਂ - ਭਲਿਓ ! ਮੈਂ ਤੁਹਾਡਾ ਵੈਰੀ ਨਹੀਂ, ਮੇਰੀ ਕਿਸੇ ਨਾਲ ਕੋਈ ਦੁਸ਼ਮਨੀ ਨਹੀਂ -

"ਜਿਮ ਤਿਨ ਕਹੀ ਤਿਨੈ ਤਿਮ ਕਹਿ ਹੌਂ। ਅਉਰ ਕਿਸੂ ਤੇ ਬੈਰ ਨ ਗਹਿ ਹੌਂ।"

ਮੈਂ ਤਾਂ ਮੇਰੇ ਮਾਲਿਕ ਨੇ ਜੋ ਆਖਿਆ ਹੈ, ਉਹ ਕਹਿਣ ਆਇਆ ਹਾਂ ਤੇ ਜੋ ਕੁਝ ਵੇਖਾਂਗਾ ਉਹ ਆਖਾਂਗਾ, ਮੈਨੂੰ ਇਸੇ ਲਈ ਤਮਾਸ਼ਾ ਵੇਖਣ ਭੇਜਿਆ ਹੈ ਤਾਂ ਕਿ ਜੋ ਗੱਲ ਵੀ ਕਰਾਂ ਉਹ ਐਵੇਂ ਨਾ ਕਰਾਂ, ਤਮਾਸ਼ਾ ਵੇਖ ਕੇ ਕਰਾਂ। ਇਸ ਲਈ ਲਫਜ਼ ਵਰਤੇ, ਕਹਿਣ ਲਗੇ :

"ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ।"

ਹੁਣ ਇੱਥੇ ਰੁਕਣਾ ਹੈ - ਕੀ ਕੋਈ ਅੱਖਾਂ ਬੰਦ ਕਰਕੇ ਵੀ ਤਮਾਸ਼ਾ ਵੇਖ ਸਕਦਾ ਹੈ ? ਭਲਾ ਕੋਈ ਸਮਾਧੀ ਲਾ ਕੇ, ਅੱਖਾਂ ਬੰਦ ਕਰਕੇ, ਖਾਮੋਸ਼ ਹੋ ਕੇ ਬੈਠਾ ਹੋਵੇ ਤਾਂ ਉਹ ਤਮਾਸ਼ਾ ਵੇਖ ਸਕਦਾ ਹੈ ? ਤਮਾਸ਼ਾ ਵੇਖਣਾ ਹੈ ਤਾਂ ਅੱਖਾਂ ਨਹੀਂ ਬੰਦ ਕਰਨੀਆਂ। ਅੱਖਾਂ ਬੰਦ ਕਰਨ ਵਾਲਾ ਕਦੇ ਤਮਾਸ਼ਾ ਨਹੀਂ ਵੇਖ ਸਕਦਾ। ਤਮਾਸ਼ਾ ਉਹੀ ਵੇਖੇਗਾ ਜਿਹੜਾ ਅੱਖਾਂ ਖੋਲੇਗਾ। ਜ਼ਰੂਰੀ ਨਹੀਂ ਕਿ ਸੰਸਾਰ ਦੀਆਂ ਬਣਾਈਆਂ ਹੋਈਆਂ ਫਿਲਮਾਂ ਦਾ ਨਾਂ ਹੀ ਤਮਾਸ਼ਾ ਹੈ, ਇਹ ਸੰਸਾਰ ਵੀ ਇੱਕ ਤਮਾਸ਼ਾ ਹੈ। ਇਸ ਦੁਨੀਆਂ ਦੇ, ਸਸਾਰ ਦੇ ਮੰਚ 'ਤੇ ਜੋ ਕੁਝ ਹੋ ਰਿਹਾ ਹੈ ਇਹ ਵੀ ਇਕ ਤਮਾਸ਼ਾ ਹੈ ਕਿਉਂਕਿ ਇਸ ਨੂੰ ਤਮਾਸ਼ਾ ਸਤਿਗੁਰੂ ਦੀ ਬਾਣੀ ਨੇ ਵੀ ਮੰਨਿਆ ਹੈ, ਕਹਿੰਦੇ ਨੇ :

"ਵਾਹੁ ਵਾਹੁ ਕਾ ਬਡਾ ਤਮਾਸਾ।।"

(ਗੁ.ਗ੍ਰੰ.ਸਾ.ਪੰਨਾ : 1403)

"ਬਾਜੀਗਰ ਡੰਕ ਬਜਾਈ।। ਸਭ ਖਲਕ ਤਮਾਸੇ ਆਈ।।"

(ਗੁ.ਗ੍ਰੰ.ਸਾ.ਪੰਨਾ : 655)

ਤਮਾਸ਼ੇ ਦਾ ਅੱਖਰੀ ਅਰਥ ਕੀ ਹੈ ? ਤਮਾਸ਼ੇ ਵਿੱਚ ਦੋ ਚੀਜ਼ਾਂ ਕੰਮ ਕਰਦੀਆਂ ਨੇ, ਤਮਾਸ਼ਾ ਕਹਿੰਦੇ ਹੀ ਉਦੋਂ ਹਨ ਜਦੋਂ ਵਿਸ਼ਾ (theme) ਅਸਲ ਹੋਵੇ, ਵੀਚਾਰ (thought) ਅਸਲ ਹੋਵੇ ਪਰ ਉਸ thought ਦੀ ਬਣਤਰ ਬਣਾ ਕੇ ਪੇਸ਼ (part) ਕਰਨ ਵਾਲਾ ਨਕਲ ਹੋਵੇ। ਇਹ ਗੱਲ ਬੜੀ ਸਮਝਣ ਵਾਲੀ ਹੈ, ਇਕ ਆਦਮੀ ਸੱਚਮੁੱਚ ਲੜ ਰਿਹਾ ਹੈ, ਜ਼ਖਮੀ ਹੋ ਗਿਆ ਹੈ, ਕਿਤੇ ਖ਼ੂਨ ਖਰਾਬਾ ਹੋ ਰਿਹਾ ਹੈ। ਕਿਤੇ ਕੋਈ ਚੋਰ ਚੋਰੀ ਕਰ ਰਿਹਾ ਦੇਖੋਗੇ ਤਾਂ ਫੌਰਨ ਪੁਲੀਸ ਨੂੰ ਖ਼ਬਰ ਦਿਓਗੇ ਫੋਨ ਕਰੋਗੇ, ਤੁਸੀਂ ਤਮਾਸ਼ਾ ਤਾਂ ਨਹੀਂ ਆਖੋਗੇ। ਪਰ ਫਿਲਮਾਂ ਵਿੱਚ ਵੀ ਲੋਕ ਲੜਦੇ ਹਨ, ਖ਼ੂਨ-ਖਰਾਬਾ ਹੁੰਦਾ ਹੈ, ਚੋਰੀਆਂ-ਡਾਕੇ ਹੁੰਦੇ ਹਨ ਤੇ ਕਦੇ ਕਿਸੇ ਦੇਖਣ ਵਾਲੇ ਨੇ ਪੁਲੀਸ ਨੂੰ ਫੋਨ ਨਹੀਂ ਕੀਤਾ। ਉਹਨੂੰ ਕਦੀ ਆਖਿਆ ਹੈ ਕਿ ਇਹ ਅਸਲ ਲੜਾਈ ਹੈ। ਲੜਾਈ ਹੈ ਪਰ ਕਿਸੇ ਦੀ ਨਕਲ ਹੈ, ਉਸਨੂੰ ਤਮਾਸ਼ਾ ਆਖਦੇ ਹਨ। ਇਹਦਾ ਮਤਲਬ ਹਰ ਨਕਲ ਦੇ ਪਿੱਛੇ ਕੋਈ ਅਸਲ ਖੜ੍ਹੀ ਹੈ। ਰੋਜ਼ਾਨਾ ਜੀਵਨ ਵਿੱਚ ਵੀ ਤਕਦੇ ਹਾਂ, ਜੇ ਕਿਤੇ ਬਾਜ਼ਾਰ ਵਿੱਚ ਦੋਂ ਭਰਾ ਲੜ ਰਹੇ ਹੋਣ, ਲਹੂ-ਲਹਾਨ ਹੋ ਜਾਣ, ਕੋਈ ਮਨੁੱਖ ਪਾਸੇ (side) 'ਤੇ ਖਲੋਤਾ ਹੱਸ ਰਿਹਾ ਹੋਵੇ, ਦੇਖ ਰਿਹਾ ਹੋਵੇ ਤਾਂ ਕੋਈ ਸਿਆਣਾ ਆਖੇਗਾ - ਭਲਿਆ ! ਇਹ ਕੋਈ ਤਮਾਸ਼ਾ ਹੈ। ਉਸਨੂੰ ਤਮਾਸ਼ਾ ਨਹੀਂ ਕਹੇਗਾ, ਇਹ ਅਸਲ ਵਿੱਚ ਲੜ ਰਹੇ ਨੇ। ਪਰ ਕਿਸੇ ਭਰਾਵਾਂ ਦੀ ਲੜਾਈ ਨੂੰ ਕੋਈ ਕਿਸੇ ਫਿਲਮ ਵਿੱਚ ਫਿਲਮਾ ਦੇਵੇ, ਉਥੇ ਵੀ ਦੋ ਭੂਮਿਕਾ (part) ਕਰਨ ਵਾਲੇ ਜਿਹੜੇ ਪਾਤਰ,

ਅਦਾਕਾਰ (actor) ਆਪਸ ਵਿੱਚ ਭਰਾ ਦੇ ਰੂਪ ਵਿੱਚ ਆ ਜਾਣ ਤੇ ਉਸੇ ਤਰ੍ਹਾਂ ਲੜ ਰਹੇ ਹੋਣ ਤਾਂ ਉਹਨੂੰ ਵੇਖਣ ਵਾਲਾ ਹਰ ਦਰਸ਼ਕ ਆਖੇਗਾ ਕਿ ਮੈਂ ਤਮਾਸ਼ਾ ਪਿਆ ਵੇਖਦਾ ਹਾਂ ਕਿਉਂਕਿ ਤਮਾਸ਼ਾ ਉਦੋਂ ਬਣ ਗਿਆ ਹੈ। ਹੁਣ ਲੜਾਈ ਤਾਂ ਅਸਲ ਸੀ ਪਰ ਉਸਨੂੰ ਪਾਰਟ ਕਰਨ ਵਾਲਾ ਜਿਹੜਾ ਹੈ ਉਹ ਨਕਲ ਹੈ, ਉਹ ਤਾਂ ਕੇਵਲ ਪਾਰਟ ਹੀ ਕਰ ਰਿਹਾ ਹੈ, ਉਹਦੇ ਕਪੜੇ ਹੀ ਪਾ ਕੇ ਬੈਠਾ ਹੈ। ਜਿਵੇਂ ਅਕਬਰ ਦੀ ਕਹਾਣੀ ਤਾਂ ਅਸਲ ਸੀ ਪਰ ਅੱਜ ਅਕਬਰ ਦੀ ਕਹਾਣੀ ਨੂੰ ਕਿਸੇ ਫਿਲਮ ਵਿੱਚ ਫਿਲਮਾਉਣ ਵਾਲਾ ਜਿਹੜਾ ਪਾਤਰ ਬੈਠਾ ਹੈ, ਉਹ ਨਕਲ ਹੈ, ਉਸ ਨੂੰ ਤਮਾਸ਼ਾ ਕਹਿੰਦੇ ਨੇ। ਜਦੋਂ ਕਦੇ ਅਸਲ ਰੂਪ ਵਿੱਚ ਅਕਬਰ ਕਿਸੇ ਤਖ਼ਤ 'ਤੇ ਬੈਠਾ ਹੋਵੇਗਾ, ਉਹਦੇ ਬੈਠਣ ਨੂੰ ਕਦੇ ਕਿਸੇ ਨੇ ਤਮਾਸ਼ਾ ਨਹੀਂ ਆਖਿਆ ਹੋਵੇਗਾ। ਪਰ ਉਹਦੀ ਅਸਲ ਨੂੰ ਕਦੇ ਕੋਈ ਨਕਲ ਰੂਪ ਵਿੱਚ ਕਰ ਰਿਹਾ ਹੋਵੇ, ਤਮਾਸ਼ਾ ਉਦੋਂ ਬਣੇਗਾ। ਬਸ, ਇਹ ਇਕ ਗੱਲ ਸਮਝ ਕੇ ਅੱਗੇ ਤੁਰਨਾ ਹੈ।

ਇਹਦਾ ਮਤਲਬ ਹੈ ਹਰ ਤਮਾਸ਼ਾ ਉਸਨੂੰ ਆਖਿਆ ਜਾਂਦਾ ਹੈ ਜਿਹਦੇ ਪਿੱਛੇ theme ਅਸਲ ਹੋਵੇ ਪਰ ਪਾਰਟ ਕਰਨ ਵਾਲਾ ਕੋਈ ਨਕਲ ਹੋਵੇ। ਰੱਬ ਸੱਚ ਹੈ ਅਤੇ **"ਇਹ ਜਗ ਸਚੇ ਕੀ ਹੈ ਕੋਠੜੀ"** ਹੈ ਪਰ ਇਸ ਜਗਤ ਦੇ ਮੰਚ ਦੇ ਪਾਤਰ ਮਨੁੱਖ ਝੂਠ ਹੈ, ਇਹਦਾ ਪਾਰਟ ਵੀ ਝੂਠਾ ਹੈ। ਪਰ ਇਸ ਝੂਠ ਦੇ ਪਾਤਰਾਂ ਦੇ ਮੰਚ ਸੰਸਾਰ ਵਿੱਚ ਕੁਝ ਰੱਬ ਦੇ ਸੱਚੇ ਪਾਤਰ ਵੀ ਹਨ, ਉਹ ਦੂਜਾ ਵੱਖਰਾ ਵਰਨ ਹਨ

"ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ।।
ਆਵਹਿ ਨ ਜਾਵਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ।।"

(ਗੁ.ਗ੍ਰੰ.ਸਾ.ਪੰਨਾ : 855)

ਇਉਂ ਸੱਚ ਤੇ ਝੂਠ, ਧਰਮ ਤੇ ਅਧਰਮ ਦੋ ਵਰਨ ਹੋ ਗਏ। ਪਰ ਜੇ ਸੱਚ ਦੇ ਪਾਤਰ, ਸੱਚ ਦੀ ਖੇਡ ਖੇਡਣ ਵਾਲੇ ਵੀ ਝੂਠ ਦੀ ਖੇਡ ਵਿੱਚ ਸ਼ਾਮਲ ਹੋ ਕੇ ਇਕ ਵਰਨ ਹੋ ਜਾਣ ਤਾਂ ਰੱਬ ਨੂੰ ਫਿਕਰ ਹੋਵੇਗਾ ਹੀ। ਤੇ ਗੁਰੂ ਆਖ ਰਹੇ ਨੇ **"ਦੇਖਨ ਆਇਓ ਜਗਤ ਤਮਾਸ਼ਾ"**, ਇਹਦਾ ਮਤਲਬ ਗੁਰੂ ਮਹਿਸੂਸ ਕਰਦਾ ਹੈ ਕਿ ਸੱਚ ਨੂੰ ਕੇਵਲ ਕੋਈ ਫਿਲਮਾ ਰਿਹਾ ਹੈ, ਸੱਚ ਦਾ ਕੋਈ ਪਾਰਟ ਅਦਾ ਕਰ ਰਿਹਾ ਹੈ ਤੇ ਪਾਰਟ ਸੱਚ ਨਹੀਂ। ਕਿਤੇ ਐਸਾ ਤੇ ਨਹੀਂ ਕਿ ਉਸ ਤਮਾਸ਼ੇ ਵਿੱਚ ਅਸੀਂ ਵੀ ਸ਼ਾਮਿਲ ਹੋ ਗਏ ਹੋਈਏ।

ਸਿੱਖੀ ਇੱਕ ਸਿਧਾਂਤ ਹੈ, ਸਿੱਖ ਇੱਕ ਸੱਚ ਹੈ ਪਰ ਜਿਹੜਾ ਅੱਜ ਸੰਸਾਰ ਦੇ ਮੰਚ 'ਤੇ ਸਿੱਖੀ ਦਾ ਪਾਰਟ ਅਦਾ ਕਰ ਰਿਹਾ ਹੈ, ਉਹ ਜ਼ਿਆਦਾਤਰ ਤਮਾਸ਼ਾ ਹੈ। ਤੇ ਤਮਾਸ਼ੇ ਦੀ ਨਿਸ਼ਾਨੀ ਕੀ ਹੁੰਦੀ ਹੈ ? ਇਕ ਉਦਾਹਰਨ ਦੇਣਾ ਚਾਹਾਂਗਾ - ਜਦੋਂ ਕਿਸੇ ਨੇ ਤਮਾਸ਼ਾ ਰਚਨਾ ਹੁੰਦਾ ਹੈ, ਉਦੋਂ ਕਈ ਵਾਰ ਗ਼ਰੀਬ ਸਾਧਾਰਨ ਮਨੁੱਖ ਨੂੰ ਫੜ ਕੇ ਲੈ ਆਉਂਦੇ ਨੇ ਤੇ ਉਹਨੂੰ ਆਖਦੇ ਨੇ - ਭਈ ਦੇਖ ! ਸਾਡੇ ਤਮਾਸ਼ੇ ਵਿੱਚ ਇੱਕ ਤੂੰ ਪਾਰਟ ਕਰਨਾ ਹੈ, ਤੂੰ ਬਾਦਸ਼ਾਹ ਵਾਲੇ ਖ਼ੂਬਸੂਰਤ ਕਪੜੇ ਪਾ ਕੇ ਤਖ਼ਤ 'ਤੇ ਬਹਿ ਜਾਈਂ, ਲੋਕ ਤੇਰੇ ਸਾਹਮਣੇ ਸਲਾਮਾਂ ਵੀ ਕਰਨਗੇ, ਉਸੇ ਤਰ੍ਹਾਂ ਹਾਕਮ ਬਣ ਕੇ ਹਕੂਮਤ ਵੀ ਕਰੀਂ, ਸ਼ਾਮਾਂ ਨੂੰ ਜਦੋਂ ਪਾਰਟ ਖ਼ਤਮ ਹੋ ਜਾਏਗਾ, ਜਦੋਂ ਇਹ



ਨਾਟਕ ਖ਼ਤਮ ਹੋ ਜਾਏਗਾ, ਉਸੇ ਵੇਲੇ ਤੈਨੂੰ ਪੰਜਾਹ ਰੁਪਏ ਦਿਹਾੜੀ ਮਿਲ ਜਾਏਗੀ। ਕਪੜੇ ਖ਼ੂਬਸੂਰਤ ਪਹਿਨਾ ਦਿੱਤੇ, ਬਹਿ ਗਿਆ ਤਖ਼ਤ 'ਤੇ ਅਤੇ ਹਕੂਮਤ ਵੀ ਕਰ ਰਿਹਾ ਹੈ। ਜਿਹੜੇ ਤਾਂ ਅੱਖਾਂ ਖੋਲ੍ਹ ਕੇ ਨਹੀਂ ਵੇਖਦੇ ਤੇ ਜਿਨ੍ਹਾਂ ਨੇ ਇਹ ਤਮਾਸ਼ਾ ਦੇਖਿਆ ਹੀ ਨਹੀਂ, ਉਨ੍ਹਾਂ ਨੂੰ ਤਾਂ ਨਹੀਂ ਪਤਾ। ਜਿਨ੍ਹਾਂ ਨੇ ਉਸ ਤਮਾਸ਼ੇ ਦੇ ਦੇਖਣ ਵਿੱਚ ਹਿੱਸਾ ਲਿਆ, ਉਨ੍ਹਾਂ ਨੂੰ ਪਤਾ ਹੈ ਕਿ ਕੋਈ ਕਲ ਦਾ ਮੰਗਤਾ, ਦਰ-ਦਰ ਮੰਗਣ ਵਾਲਾ, ਗਲੀਆਂ-ਬਾਜ਼ਾਰਾਂ ਵਿੱਚ ਮਜ਼ਦੂਰੀ ਕਰਨ ਵਾਲੇ ਨੂੰ ਇਹ ਕਪੜੇ ਪਹਿਨਾ ਕੇ ਤਖ਼ਤ 'ਤੇ ਬਿਠਾ ਦਿੱਤਾ ਗਿਆ ਹੈ ਅਤੇ ਉਹ ਹਕੂਮਤ ਕਰ ਰਿਹਾ ਹੈ। ਤਾਂ ਵਿਸ਼ਵਾਸ ਕਰਿਓ ! ਉਹ ਖ਼ੂਬਸੂਰਤ ਕਪੜੇ ਪਾ ਕੇ ਖ਼ੁਸ਼ ਨਹੀਂ ਹੋ ਰਿਹਾ, ਇਸ ਲਈ ਕਪੜਿਆਂ ਦੀ ਉਹਨੂੰ ਖ਼ੁਸ਼ੀ ਕੋਈ ਨਹੀਂ, ਆਪਣੇ ਭੇਖ ਦੀ ਉਹਨੂੰ ਖ਼ੁਸ਼ੀ ਬਿਲਕੁਲ ਕੋਈ ਨਹੀਂ, ਉਹ ਤੇ ਉਹਨੇ ਲੋਕਾਂ ਵਾਸਤੇ ਪਾਏ ਨੇ, ਕਿਸੇ ਲੋੜ ਲਈ ਪਾਏ ਨੇ, ਉਹ ਬਾਦਸ਼ਾਹ ਤਾਂ ਹੈ ਨਹੀਂ। ਉਹ ਤਾਂ ਕੇਵਲ ਐਨੀ ਕੁ ਖ਼ੁਸ਼ੀ ਮਾਨ ਰਿਹਾ ਹੈ ਕਿ ਭਲਾ ਕਦੋਂ ਇਹ 4-6 ਘੰਟੇ ਦਾ ਨਾਟਕ, ਤਮਾਸ਼ਾ ਖ਼ਤਮ ਹੋਵੇ, ਮੈਂ ਇਹ ਕਪੜੇ ਲਾ ਕੇ ਵਗ੍ਹਾ ਮਾਰਾਂ, ਮੈਨੂੰ ਪੰਜਾਹ ਰੁਪਏ ਦਿਹਾੜੀ ਮਿਲੇ ਤੇ ਮੈਂ ਤੁਰਾਂ। ਉਹ ਤਾਂ ਪੰਜਾਹ ਰੁਪਏ ਦਿਹਾੜੀ ਲਈ ਬੈਠਾ ਹੈ ਕਪੜੇ ਪਾ ਕੇ ਬਾਦਸ਼ਾਹ ਦੇ। ਕਪੜੇ ਬਾਦਸ਼ਾਹ ਦੇ ਪਰ ਉਡੀਕ ਪੰਜਾਹ ਰੁਪਏ ਦਿਹਾੜੀ ਦੀ। ਸਤਿਗੁਰੂ ਨੇ ਬਾਣੀ 'ਚ ਇਕ ਸ਼ਬਦ ਵਿੱਚ ਵੀ ਜ਼ਿਕਰ ਕੀਤਾ ਹੈ :

"ਅਨਿਕ ਸ੍ਵਾਂਗ ਕਾਛੇ ਭੇਖਧਾਰੀ॥ ਜੈਸੋ ਸਾ ਤੈਸੋ ਦ੍ਰਿਸਟਾਰੀ॥"

(ਗੁ.ਗ੍ਰੰ.ਸਾ.ਪੰਨਾ : 1299)

ਕਹਿਣ ਲੱਗੇ - ਅਨੇਕ ਸੁਆਂਗ ਰਚਦਾ ਹੈ ਸੁਆਂਗ ਰਚਣਵਾਲਾ ਸੁਆਂਗੀ, ਨਾਟਕਕਾਰ ਪਰ ਜਦੋਂ ਕਪੜੇ ਲਾਹੁੰਦਾ ਹੈ ਉਦੋਂ ਪਤਾ ਲਗਦਾ ਹੈ, ਇਹ ਜਿਹੋ ਜਿਹਾ ਸੀ ਉਹੋ ਜਿਹਾ ਹੀ ਹੈ। ਕਪੜੇ ਤਾਂ ਇਹਨੇ ਕੇਵਲ ਦੋ-ਚਾਰ ਘੰਟੇ ਲਈ ਪਹਿਨੇ ਸਨ ਕੇਵਲ ਮਜ਼ਦੂਰੀ ਲੈਣ ਦੀ ਖਾਤਿਰ, ਬਸ। ਜਿਹੜਾ ਇਉਂ ਕਪੜੇ ਪਾਵੇ, ਉਸਨੂੰ ਅਸੀਂ ਆਖਦੇ ਹਾਂ ਨਾਟਕਕਾਰ, ਤਮਾਸ਼ੇ ਵਾਲਾ ਜਿਹੜਾ ਅਸਲ ਜੀਵਨ ਦੇ ਸਿਧਾਂਤ 'ਤੇ ਨਿਰਭਰ ਹੁੰਦਾ ਹੈ ਪਰ ਕਰਨ ਵਾਲਾ ਅਸਲ ਨਹੀਂ ਹੁੰਦਾ। ਕੋਈ ਅਕਬਰ ਦੇ ਅਸਲ ਰੂਪ 'ਤੇ ਨਿਰਭਰ ਹੈ ਪਰ ਅਕਬਰ ਦਾ ਪਾਰਟ ਅਦਾ ਕਰਨ ਵਾਲਾ ਤਾਂ ਅਕਬਰ ਨਹੀਂ। ਕੋਈ ਮਹਾਰਾਜ ਰਣਜੀਤ ਸਿੰਘ ਦੇ ਨਾਂ 'ਤੇ ਨਾਟਕ ਖੇਡਿਆ ਜਾ ਰਿਹਾ ਹੈ, ਬਣਤਰ ਉਹੋ ਹੀ ਹੈ, ਕਹਾਣੀ ਉਹੋ ਹੀ ਹੈ ਜੋ ਕਦੀ ਅਸਲ ਸੀ ਪਰ ਮਹਾਰਾਜਾ ਬਣ ਬੈਠਣ ਵਾਲਾ ਤਾਂ ਮਹਾਰਾਜਾ ਰਣਜੀਤ ਸਿੰਘ ਨਹੀਂ।

ਬਸ ! ਮੈਨੂੰ ਅੱਜ ਦੀ ਸਾਡੀ ਜ਼ਿੰਦਗੀ ਦੇ ਤਮਾਸ਼ੇ ਵਿੱਚੋਂ ਇਹੋ ਦਿੱਸਦਾ ਹੈ ਤੇ ਮੈਂ ਤੁਹਾਨੂੰ ਇਹ ਵਿਸ਼ਵਾਸ ਦੁਆਉਣਾ ਚਾਹੁੰਦਾ ਹਾਂ ਕਿ ਮਤ ਸਮਝਿਓ, ਗੁਰੂ ਕੋਲੋਂ ਇਹ ਤਮਾਸ਼ਾ ਭੁੱਲਿਆ ਹੋਇਆ ਹੈ, ਅਸੀਂ-ਤੁਸੀਂ ਬੇਸ਼ਕ ਅੱਖਾਂ ਮੀਟ ਕੇ ਲੰਘ ਜਾਈਏ ਪਰ ਗੁਰੂ ਦੇਖ ਰਿਹਾ ਹੈ ਕਿ ਸਿੱਖ ਸਿਧਾਂਤ ਕਿਵੇਂ ਰੋਲਿਆ ਜਾ ਰਿਹਾ ਹੈ, ਸੰਸਾਰ ਅੰਦਰ ਇਕ ਸਿੱਖੀ ਦਾ ਨਾਟਕ ਹੋ ਰਿਹਾ ਹੈ। ਧਾਰਮਿਕ ਪਦਵੀਆਂ ਦੇ ਮੁਖੀ ਵੀ ਅੱਜ ਝੂਠੀ ਸਿਆਸਤ ਦੀ ਖੇਡ ਦੇ ਭਾਈਵਾਲ ਦਿੱਸਦੇ ਹਨ। ਇਕ ਪਾਸੇ ਆਖਿਆ ਜਾਂਦਾ ਕਿ 1999 ਦੀ ਵਿਸਾਖੀ 'ਚ ਸਿੰਘੋਂ, ਸਾਰੀ ਕੌਮ ਨੂੰ ਅੰਮ੍ਰਿਤਧਾਰੀ

ਕਰ ਦੇਈਏ, ਦੂਜੇ ਪਾਸੇ ਸ਼ਰਾਬ ਪੀਣ ਵਾਲੇ ਅਤੇ ਸ਼ਰਾਬ ਦੇ ਠੇਕਿਆਂ ਦੇ ਵੱਡੇ ਠੇਕੇਦਾਰ ਅੱਜ ਦੇ ਪੰਥ ਦੇ ਆਗੂਆਂ ਵਿੱਚ ਸ਼ਾਮਲ ਹਨ। ਪਰ ਸਿੱਖੀ ਨਾਅਰਿਆਂ 'ਤੇ ਵਿਸ਼ਵਾਸ ਨਹੀਂ ਰਖਦੀ, ਸਿੱਖੀ ਵਿਸ਼ਵਾਸ ਰਖਦੀ ਹੈ practically implementation 'ਤੇ, ਤੁਸੀਂ ਕਰਦੇ ਕੀ ਹੋ ?

ਇਸ ਨੂੰ ਇਕ ਉਦਾਹਰਣ ਲੈ ਕੇ ਸਮਝੀਏ - ਕਦੀ ਇਹ ਗੱਲ ਔਰੰਗਜ਼ੇਬ ਨੇ ਵੀ ਸੋਚੀ ਸੀ ਕਿ ਸਾਰੇ ਹਿੰਦੁਸਤਾਨੀਆਂ ਨੂੰ ਮੁਸਲਮਾਨ ਕਰ ਦੇਣਾ ਹੈ। ਤੇ ਔਰੰਗਜ਼ੇਬ ਬੜਾ ਸਿਆਣਾ ਸੀ, ਸਾਡੇ ਨਾਲੋਂ ਸਿਆਣਾ ਸੀ, ਉਹਨੇ ਆਖਿਆ ਕਿ ਜਿੰਨੇ ਹਿੰਦੁਸਤਾਨ ਵਿੱਚ ਹਿੰਦੂ ਵੱਸਦੇ ਨੇ ਉਹ ਸਾਰੇ ਕਿਸੇ ਨਾ ਕਿਸੇ ਬ੍ਰਾਹਮਣ ਦੇ ਘੇਰੇ ਵਿੱਚ ਹਨ, ਕਿਉਂਕਿ ਹਿੰਦੂ ਬ੍ਰਾਹਮਣ ਦੀ ਅਗਵਾਈ ਵਿੱਚ ਹੁੰਦਾ ਹੈ। ਧਾਰਮਿਕ ਤੌਰ 'ਤੇ ਹਿੰਦੂਮਤ (Hinduism) ਦਾ ਆਗੂ ਬ੍ਰਾਹਮਣ ਹੈ। ਇਸ ਲਈ ਔਰੰਗਜ਼ੇਬ ਨੇ ਸੋਚਿਆ ਕਿ ਮੈਂ ਬ੍ਰਾਹਮਣ ਨੂੰ ਮੁਸਲਮਾਨ ਬਣਾ ਲਵਾਂ ਤਾਂ ਸਾਰੀ ਹਿੰਦੂ ਕੌਮ ਨੂੰ ਮੁਸਲਮਾਨ ਬਣਾਉਣਾ ਆਸਾਨ ਹੋ ਜਾਏਗਾ ਤੇ ਜਦੋਂ ਉਹ ਮੁਸਲਮਾਨ ਹੋ ਜਾਣਗੇ ਉਹ ਆਪੇ ਹੋਰਨਾਂ ਨੂੰ ਪ੍ਰੇਰ-ਪ੍ਰੇਰ ਕੇ ਮੁਸਲਮਾਨ ਬਣਾਈ ਜਾਣਗੇ। ਔਰੰਗਜ਼ੇਬ ਨੇ ਐਨੀ ਖ਼ੂਬਸੂਰਤ ਕਾਢ ਕੱਢੀ, ਉਹਨੇ ਫੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਓ ਤੇ ਬ੍ਰਾਹਮਣ ਦਾ ਸਭ ਤੋਂ ਵੱਡਾ ਘਰ ਸੀ ਕਸ਼ਮੀਰ। ਉਹਨੇ ਆਪਣਾ ਕੰਮ ਕਸ਼ਮੀਰ ਤੋਂ ਆਰੰਭ ਕੀਤਾ। ਇਹੋ ਕਾਰਣ ਸੀ ਕਸ਼ਮੀਰੀ ਪੰਡਿਤ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਪਨਾਹ ਲੈਣ ਲਈ ਆਏ ਕਿਉਂਕਿ ਕੰਮ ਉਥੋਂ ਸ਼ੁਰੂ ਹੋਇਆ। ਮੈਂ ਇਕ ਅਰਜ਼ ਕਰਾਂ, ਭਾਵੇਂ ਕਿਸੇ ਦੁਸ਼ਮਨ ਦੇ ਵਿੱਚੋਂ ਵੀ ਕੋਈ ਗੁਣ, ਕੋਈ ਚੰਗਿਆਈ, ਕੋਈ ਪ੍ਰੇਰਣਾ ਮਿਲੇ ਤਾਂ ਲੈ ਲੈਣੀ ਚਾਹੀਦੀ ਹੈ। ਜੇ ਤੁਹਾਡੇ ਮਨ ਵਿੱਚ ਇਹ ਸੀ ਕਿ ਸੰਪੂਰਨ ਸਿੱਖੀ ਨੂੰ ਅੰਮ੍ਰਿਤਧਾਰੀ ਕਰ ਦੇਣਾ ਹੈ, ਤਾਂ ਬਹੁਤ ਵਧੀਆ ਸੋਚ ਹੈ। ਪਰ ਇਸ ਲਈ ਤਰੀਕਾ ਤੇ ਅਪਣਾਓ।

ਕਿਉਂਕਿ ਹਰ ਸਿੱਖ ਕਿਸੇ ਨਾ ਕਿਸੇ ਗੁਰਦੁਆਰੇ ਨਾਲ ਸੰਬੰਧਿਤ ਹੈ, ਜਿੱਥੇ ਦਸ ਸਿੱਖ ਜਿਸ ਮਹੱਲੇ ਵਿੱਚ ਰਹਿੰਦੇ ਹਨ, ਉਥੇ ਗੁਰਦੁਆਰਾ ਜ਼ਰੂਰ ਬਣਾ ਲੈਂਦੇ ਹਨ। ਇਸ ਲਈ ਸਭ ਤੋਂ ਆਸਾਨ ਤਰੀਕਾ ਹੋਵੇਗਾ, ਸਭ ਤੋਂ ਪਹਿਲਾਂ ਜੇ ਕਦੇ ਅਸੀਂ ਕੇਵਲ ਤੇ ਕੇਵਲ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਅੰਮ੍ਰਿਤਧਾਰੀ ਕਰ ਲਈਏ, ਤੇ ਬਾਕੀ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਕਰਨਾ ਆਸਾਨ ਹੋ ਜਾਵੇਗਾ। ਜੇ ਉਹ ਅੰਮ੍ਰਿਤਧਾਰੀ ਹੋਣਗੇ, ਕਿਉਂਕਿ ਹਰ ਸਿੱਖ ਨੇ ਕਿਸੇ ਨਾ ਕਿਸੇ ਗੁਰਦੁਆਰੇ ਜਾਣਾ ਹੈ, ਅੰਮ੍ਰਿਤਧਾਰੀ ਪ੍ਰਬੰਧਕ ਅੰਮ੍ਰਿਤ ਲਈ ਪ੍ਰੇਰਣਾ ਦੇਣਗੇ ਤਾਂ ਇਹ ਆਸਾਨ ਹੋ ਜਾਵੇਗਾ। ਇਕ-ਇਕ ਥਾਵੇਂ ਸਾਨੂੰ ਪਹੁੰਚਣ ਦੀ ਬਜਾਏ ਪ੍ਰਬੰਧਕ ਆਪੇ ਹੀ ਕੰਮ ਕਰੀਂ ਜਾਣਗੇ, ਜੇ ਅਸੀਂ ਮੁੱਢਲੇ ਰੂਪ ਵਿੱਚ ਕੇਵਲ ਪ੍ਰਬੰਧਕਾਂ ਨੂੰ ਹੀ ਅੰਮ੍ਰਿਤਧਾਰੀ ਬਣਾ ਲਈਏ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਆਪਣੇ ਆਪ ਨੂੰ ਪੰਥ ਅਖਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪਹਿਲਾਂ ਬੁਲਾ ਕੇ ਇਹਨਾਂ ਸਭ ਤੋਂ ਪੁੱਛਿਆ ਜਾਏ ਕਿ ਸਾਰੇ ਅੰਮ੍ਰਿਤਧਾਰੀ ਹਨ ਕਿ ਨਹੀਂ, ਜਿਨ੍ਹਾਂ ਵਿੱਚ ਕਮਜ਼ੋਰੀ ਨਜ਼ਰ ਆਵੇ ਉਨ੍ਹਾਂ ਨੂੰ ਅੰਮ੍ਰਿਤਧਾਰੀ ਨਿਯਮਾਂ ਵਿੱਚ ਲੈ ਆਇਆ ਜਾਏ। ਇਹ ਕੰਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਸਾਨੀ ਨਾਲ



ਹੋ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਿਆਰ ਸਹਿਤ ਸਿੱਖਾਂ ਦੇ ਸਾਰੇ ਗੁਰਦੁਆਰਿਆਂ ਅਤੇ ਧਰਮ ਸਥਾਨਾਂ ਦੇ ਪ੍ਰਬੰਧਕਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਹਦਾਇਤਾਂ ਕੀਤੀਆਂ ਜਾਣ।

ਆਪਾਂ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਉਨ੍ਹਾਂ ਦੇ ਘਰ ਪੁੱਜ ਕੇ ਨਹੀਂ ਬਣਾ ਸਕਾਂਗੇ। ਆਪਣੇ ਕੇਵਲ ਨਾਅਰੇ ਰਹਿ ਜਾਣਗੇ। ਤੇ ਗੁਰਮਤਿ ਦੀ ਦੁਨੀਆਂ ਵਿੱਚ ਨਿਰਾ ਨਾਅਰਾ ਵੀ ਪ੍ਰਵਾਨ ਨਹੀਂ, ਕਰਨੀ ਪ੍ਰਵਾਨ ਹੈ -

"ਕਹਨ ਕਹਾਵਨ ਸਗਲ ਜੰਜਾਰ।। ਨਾਨਕ ਦਾਸ ਸਚੁ ਕਰਣੀ ਸਾਰ।।"

(ਗੁ.ਗ੍ਰੰ.ਸਾ.ਪੰਨਾ : 1299)

ਕਰਨੀ ਦੀ ਜ਼ਰੂਰਤ ਹੈ, ਕਥਨੀ ਦੀ ਨਹੀਂ। ਇਸ ਲਈ ਉਪਰਾਲਾ ਉਹ ਕਰੋ ਜਿਹਦੇ ਵਿੱਚ ਸਾਰਿਆਂ ਦਾ ਭਵਿੱਖ ਹੈ, ਉਹ practically ਸਾਹਮਣੇ ਨਜ਼ਰ ਆਵੇ। ਤੇ ਮੈਂ ਫੇਰ ਦੋਹਰਾਉਣਾ ਚਾਹੁੰਦਾ ਹਾਂ, ਪਹਿਲਾਂ ਪ੍ਰਬੰਧਕ ਵੀਰਾਂ ਨੂੰ ਅੰਮ੍ਰਿਤਧਾਰੀ ਕਰੋ।

ਅੱਜ ਸਾਨੂੰ ਇਉਂ ਦਿੱਸਦਾ ਹੈ ਜਿਵੇਂ ਸਾਡਾ ਜੀਵਨ ਇੱਕ ਸਿੱਖੀ ਦਾ ਨਾਟਕ ਬਣ ਗਿਆ ਹੈ, ਜਿਵੇਂ ਸਾਡੀ ਜ਼ਿੰਦਗੀ ਸਿੱਖੀ ਦਾ ਤਮਾਸ਼ਾ ਬਣ ਕੇ ਰਹਿ ਗਈ ਹੈ। ਅਸੀਂ ਤੁਸੀਂ ਅੱਖਾਂ ਮੀਟ ਲਈਏ, ਖ਼ਾਮੋਸ਼ ਹੋ ਕੇ ਲੰਘ ਜਾਈਏ ਪਰ ਗੁਰੂ ਜਿਵੇਂ ਸਦੀਆਂ ਪਹਿਲਾਂ ਜਗਤ ਤਮਾਸ਼ਾ ਦੇਖ ਰਿਹਾ ਸੀ, ਉਸੇ ਤਰ੍ਹਾਂ ਅੱਜ ਇਸ ਸਿੱਖੀ ਤਮਾਸ਼ਾ ਨੂੰ ਵੀ ਦੇਖ ਰਿਹਾ ਹੈ ਤੇ ਨਾਲ ਇਹ ਵੀ ਕਹਿੰਦਾ ਹੈ - ਭਲਿਓ, ਮੈਂ ਤਮਾਸ਼ਾ ਵੇਖ ਕੇ ਖਾਮੋਸ਼ ਨਹੀਂ ਰਹਿ ਸਕਦਾ, ਸਤਿਗੁਰੂ ਕਹਿੰਦੇ ਨੇ

"ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ। ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।"

ਇੱਕ ਖਿਆਲ ਕਰਿਓ ! ਰਾਤ ਦੇ ਅੰਧੇਰੇ ਵਿੱਚ ਕੁਝ ਨਾ ਦਿੱਸਦਾ ਹੋਵੇ, ਅੱਖਾਂ ਵਿੱਚ ਵੀ ਜੋਤ ਨਾ ਹੋਵੇ ਤੇ ਕੋਈ ਮਨੁੱਖ ਰਾਹ ਜਾਂਦਿਆਂ ਠੇਡਾ ਖਾ ਕੇ ਖੂਹ ਵਿੱਚ ਡਿੱਗ ਪਵੇ ਪਰ ਦੂਜੇ ਪਾਸੇ ਉਹ ਮਨੁੱਖ ਹੋਵੇ ਜਿਹੜਾ ਦਿਨ ਦੇ ਚਾਨਣ ਵਿੱਚ ਆਪ ਖੂਹ 'ਚ ਛਾਲ ਮਾਰੇ। ਦੋਹਾਂ ਦੇ ਡਿੱਗਣ ਦੀ ਆਵਾਜ਼ ਸੁਣ ਕੇ ਕੋਈ ਆਵੇ ਤੇ ਉਹਨਾਂ ਦੋਹਾਂ ਨੂੰ ਬਾਹਰ ਕੱਢ ਲਏ। ਭਲਾ, ਦੋਹਾਂ ਵਿੱਚੋਂ ਕਿਸੇ ਨੂੰ ਸਜ਼ਾ ਮਿਲੇਗੀ, ਕਿਸੇ ਨੂੰ ਛੱਡਿਆ ਵੀ ਜਾਏਗਾ ਹਾਲਾਂਕਿ ਜਾਨ ਉਨ੍ਹਾਂ ਦੀ ਆਪਣੀ ਹੈ। ਜਿਹੜਾ ਡਿੱਗ ਪਿਆ ਹੈ ਜੋਤ ਨਾ ਹੋਣ ਕਰਕੇ, ਹਨ੍ਹੇਰੇ ਕਰਕੇ ਅਨਜਾਣੇ ਡਿੱਗ ਪਿਆ ਹੈ ਉਹਦੀ ਵੀ ਜਾਨ ਆਪਣੀ ਹੈ ਅਤੇ ਜਿੰਨੇ ਜਾਣ ਕੇ ਛਾਲ ਮਾਰੀ ਹੈ ਉਹਦੀ ਵੀ ਜਾਨ ਆਪਣੀ ਹੈ। ਪਰ ਤੁਸੀਂ ਵੇਖਦੇ ਹੋ ਜਿਹੜਾ ਜਾਣ ਕੇ ਛਾਲ ਮਾਰਦਾ ਹੈ, ਜੇ ਉਹ ਬੱਚ ਜਾਏ ਤਾਂ ਉਹਦੇ 'ਤੇ ਕੇਸ ਦਾਇਰ ਹੁੰਦਾ ਹੈ। ਖੂਹ ਵਿੱਚੋਂ ਉਹਨੂੰ ਕੱਢ ਲੈਂਦੇ ਨੇ, ਜੇਲ੍ਹ ਵਿੱਚ ਸੁੱਟ ਦਿੰਦੇ ਨੇ, ਬੜੀ ਅਜੀਬ ਗੱਲ ਹੈ। ਜੇ ਉਹ ਆਖੇ ਜਾਨ ਮੇਰੀ ਸੀ, ਮੈਂ ਆਪਣੀ ਜਾਨ ਆਪ ਗੁਆਉਣਾ ਚਾਹੁੰਦਾ ਹਾਂ। ਹਾਲਾਂਕਿ ਦੂਜਾ ਵੀ ਤੇ ਖੂਹ ਵਿੱਚ ਡਿੱਗਿਆ ਹੈ, ਜਿਹੜਾ ਡਿੱਗਿਆ ਹੈ ਉਹਨੂੰ ਤੁਸੀਂ ਕੱਢ ਕੇ ਹਮਦਰਦੀ ਜ਼ਾਹਿਰ ਕੀਤੀ ਹੈ। ਕੀ ਆਖਦੇ ਹੋ ? ਕਹਿੰਦੇ ਨੇ, ਭਈ ਉਹ ਆਪ ਨਹੀਂ ਡਿੱਗਿਆ, ਉਹਦਾ ਦੋਸ਼ ਕੋਈ ਨਹੀਂ। ਜਿਹੜਾ ਖੁਦਕੁਸ਼ੀ ਕਰੇ, ਦੋਸ਼ੀ ਉਹ ਹੁੰਦਾ ਹੈ ਭਾਵੇਂ ਗੱਡੀ ਥੱਲੇ ਸਿਰ ਦਿੰਦਾ ਪਹਿਲਾਂ ਫੜਿਆ ਜਾਵੇ ਤੇ ਭਾਵੇਂ ਖੂਹ ਵਿੱਚ ਛਾਲ ਮਾਰਦਾ ਕੱਢ

ਲਿਆ ਜਾਵੇ। ਕਿਉਂਕਿ ਉਹ ਆਪ ਮਰਜ਼ੀ ਨਾਲ ਖੂਹ ਵਿੱਚ ਛਾਲ ਮਾਰ ਰਿਹਾ ਹੈ ਇਸ ਲਈ ਉਹਦੀ ਸਜ਼ਾ ਉਸਨੂੰ ਮਿਲਦੀ ਹੈ। ਜਿਹੜਾ ਅਣਜਾਣੇ ਡਿੱਗ ਪਿਆ ਹੈ, ਉਹਦੇ ਨਾਲ ਹਮਦਰਦੀ ਹੈ, ਭਾਵੇਂ ਕੱਢਿਆ ਦੋਹਾਂ ਨੂੰ ਹੈ।

ਭਲਿਓ ! ਦੁੱਖ ਇਸ ਗੱਲ ਦਾ ਹੁੰਦਾ ਹੈ ਜਦੋਂ ਅਣਜਾਣੇ ਕਿਸੇ ਐਸੀ ਥਾਵੇਂ, ਦੇਸ਼ ਵਿਦੇਸ਼ ਵਿੱਚ ਕੁਝ ਗੁਰਦੁਆਰਿਆਂ ਦੇ ਪ੍ਰਬੰਧਕ ਅੰਮ੍ਰਿਤਧਾਰੀ ਨਹੀਂ ਹਨ, ਜਿਨ੍ਹਾਂ ਨੇ ਗੁਰਮਤ ਨਾ ਪੜ੍ਹੀ ਹੋਵੇ, ਜਾਣੇ-ਅਣਜਾਣੇ ਕੋਈ ਗ਼ਲਤੀ ਕਰ ਬਹਿਣ ਤਾਂ ਉਹ ਤਾਂ ਇਉਂ ਹੀ ਹੋਵੇਗਾ ਜਿਵੇਂ ਅਣਜਾਣੇ ਕੋਈ ਖੂਹ ਵਿੱਚ ਡਿੱਗ ਪਿਆ। ਉਹਦੇ ਨਾਲ ਹਮਦਰਦੀ ਹੋ ਸਕਦੀ ਹੈ, ਭਈ ਉਨ੍ਹਾਂ ਨੂੰ ਪਤਾ ਨਹੀਂ, ਇਨ੍ਹਾਂ ਨੂੰ ਗੁਰਮਤ ਪੜ੍ਹਾਉਣ ਤੇ ਪਿਆਰ ਨਾਲ ਸਮਝਾਉ ਕਿ ਪ੍ਰਚਾਰਕ ਅਤੇ ਪ੍ਰਬੰਧਕ ਦਾ ਅੰਮ੍ਰਿਤਧਾਰੀ ਹੋਣਾ ਕਿਉਂ ਜ਼ਰੂਰੀ ਹੈ। ਪਰ ਸਾਡੀਆਂ ਮੁੱਖ ਸੰਸਥਾਵਾਂ ਦੇ ਪ੍ਰਬੰਧਕ ਵੀਰ ਜਿਹੜੇ ਗੁਰਮਤਿ ਦੇ ਆਗੂ ਅਖਵਾਉਂਦੇ ਹੋਣ, ਜਿਨ੍ਹਾਂ ਨੂੰ ਹਰ ਰੋਜ਼ ਇਸ ਲਈ ਮਾਨ-ਸਨਮਾਨ ਤੇ ਫੁੱਲਾਂ ਦੇ ਹਾਰ ਪਾਏ ਜਾਂਦੇ ਹੋਣ ਕਿ ਇਹ ਸਾਡੀ ਸਿੱਖੀ ਤੌਰ 'ਤੇ ਅਗਵਾਈ ਕਰਨਗੇ ਅਤੇ ਜੇ ਉਹ ਆਪ ਜਾਣਦੇ ਹੋਇਆਂ ਸਭ ਕੁਝ ਕਿ ਇਹ ਗੁਰਮਤਿ ਨਹੀਂ ਮਨਮਤ ਹੈ ਤੇ ਫੇਰ ਉਹਦੇ ਵਿੱਚ ਛਾਲ ਮਾਰਣ, ਉਨ੍ਹਾਂ ਨੂੰ ਗੁਰੂ ਨਹੀਂ ਬਖਸ਼ੇਗਾ। ਜਿਹੜਾ ਹੱਥ ਵਿੱਚ ਦੀਵਾ ਲੈ ਕੇ ਖੂਹ ਵਿੱਚ ਛਾਲ ਮਾਰੇ, ਉਹਦੇ ਨਾਲ ਕੋਈ ਲਿਹਾਜ਼ ਨਹੀਂ।

"ਕਬੀਰ ਮਨ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ।।
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।। "

(ਗੁ.ਗ੍ਰੰ.ਸਾ.ਪੰਨਾ : 1376)

ਗੁਰੂ ਨੇ ਅੱਖਾਂ ਨਹੀਂ ਮੀਟੀਆਂ ਹੋਈਆਂ, ਗੁਰੂ ਇਹ ਸਭ ਤਮਾਸ਼ਾ ਦੇਖ ਰਿਹਾ ਹੈ ਕਿ ਕਿਸ ਤਰ੍ਹਾਂ ਬਹੁਤੇ ਲੋਭ-ਲਾਲਚ ਅਤੇ ਝੂਠੀ ਸਿਆਸਤ ਦੀ ਰੱਸੀ ਨਾਲ ਬੱਝ ਕੇ ਇਕ ਵਰਨ ਹੋ ਰਹੇ ਹਨ ਅਤੇ ਧਰਮ ਦੀ, ਸਿੱਖੀ ਦੀ ਗਤੀ ਰੁੱਕ ਰਹੀ ਹੈ, ਸਿਧਾਂਤ ਦਾ ਦਮ ਘੁੱਟ ਰਿਹਾ ਹੈ। ਗੁਰੂ ਰਹਿਮਤ ਕਰੇ ਇਸ ਸਿੱਖੀ ਸਿਧਾਂਤ ਦੀ ਗਤੀ ਨੂੰ ਚਲਦਾ ਰੱਖੇ।

❖

ਧਰਮ ਤੇ ਰਾਜਨੀਤੀ ਦੀ ਸਾਂਝ

ਆਮੋ-ਸਾਹਮਣੇ ਜਿਵੇਂ ਦਰਿਆ ਦੇ ਦੋ ਕਿਨਾਰੇ।

ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨ ਡਿਉਢੀ ਦੇ

ਸਾਹਮਣੇ ਅਕਾਲ ਤਖ਼ਤ ਕਿਉਂ ਹੈ?

ਪਰ ਜਦੋਂ ਰਾਜਨੀਤੀ ਧਰਮ ਅਸਥਾਨਾਂ ਅੰਦਰ

ਵੜ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਰਾਜ ਜੋਗ ਦਾ ਸੰਕਲਪ

ਸਿੱਖ ਸਿਧਾਂਤ ਅਨੁਸਾਰ ਧਰਮ ਤੇ ਰਾਜਨੀਤੀ ਦੀ ਸਾਂਝ ਹੈ, ਪਰ ਹੈ ਆਮ੍ਹੋ-ਸਾਹਮਣੇ। ਦਰਬਾਰ ਸਾਹਿਬ ਧਰਮ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜ - ਰਾਜਨੀਤੀ ਧਰਮ ਦੇ ਸਨਮੁਖ ਖੜ੍ਹੋਤੀ ਹੈ। ਬਸ ! ਇਹ ਦ੍ਰਿਸ਼ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈ - ਆਮ੍ਹੋ-ਸਾਹਮਣੇ। ਜਿਵੇਂ ਇਕ ਦਰਿਆ ਦੇ ਦੋ ਕਿਨਾਰੇ ਤੇ ਦੋਵੇਂ ਹੀ ਜ਼ਰੂਰੀ ਹਨ। ਦਰਿਆ ਲੰਮੇ ਸਫਰ ਕਰਕੇ ਬੇ ਰੋਕ-ਟੋਕ ਸਾਗਰ ਤਕ ਪਹੁੰਚ ਸਕਦਾ ਹੈ ਪਰ ਜੇ ਦੋਵੇਂ ਕਿਨਾਰੇ ਸਾਬਤ ਰਹਿਣ ਅਤੇ ਦਰਿਆ ਦੋਹਾਂ ਕਿਨਾਰਿਆਂ ਦੇ ਅੰਦਰ ਵੱਗੇ। ਜਿਸ ਦਿਨ ਦਰਿਆ ਨੇ ਆਪਣੇ ਵਹਿਣ ਦੀ ਕਿਸੇ ਮਦਮਸਤੀ ਜਾਂ ਆਪਹੁਦਰੀ ਨਾਲ ਮੋਢਾ ਮਾਰ ਕੇ ਇਕ ਕਿਨਾਰਾ ਵੀ ਤੋੜ ਦਿੱਤਾ, ਫਿਰ ਦਰਿਆ ਨਹੀਂ ਹੜ੍ਹ ਬਣ ਜਾਏਗਾ। ਲੰਮੇ ਸਫਰ ਕਰਕੇ ਮੰਜ਼ਿਲਾਂ ਮਾਰਨ ਵਾਲੀ ਦਰਿਆਈ ਸ਼ਕਤੀ ਲੋਕਾਂ ਦੇ ਘਰ-ਘਾਟ ਹੀ ਬਰਬਾਦ ਕਰੇਗੀ ਅਤੇ ਰੇਤਲੇ ਮੈਦਾਨਾਂ ਵਿੱਚ ਖਿੱਲਰ ਕੇ ਆਪ ਵੀ ਸੁੱਕ ਜਾਵੇਗੀ। ਇਸ ਲਈ ਦੋਹਾਂ ਕਿਨਾਰਿਆਂ ਦੀ ਲੋੜ ਹੈ।

ਗੁਰੂ ਨੇ ਸਿਧਾਂਤਕ ਤੌਰ 'ਤੇ ਦੋ ਕਿਨਾਰੇ ਬਖ਼ਸ਼ੇ - ਮੀਰੀ ਤੇ ਪੀਰੀ, ਧਰਮ ਤੇ ਰਾਜਨੀਤੀ, ਸੰਤ ਤੇ ਸਿਪਾਹੀ ਅਤੇ ਦੋਹਾਂ ਹੀ ਕਿਨਾਰਿਆਂ ਵਿੱਚ ਕੌਮ ਦੀ ਸਦੀਆਂ ਤੋਂ ਵੱਗਦਾ ਦਰਿਆ ਭਗਤੀ ਅਤੇ ਸ਼ਕਤੀ।

ਸਤਿਗੁਰੂ ਆਪ ਵੀ ਰਾਜ ਜੋਗੀ ਦੇ ਪ੍ਰਤੀਕ ਰਹੇ। ਕਲ੍ਹ ਭੱਟ ਲਿੱਖਦਾ ਹੈ -



"ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।।"

(ਗੁ.ਗ੍ਰੰ.ਸਾ.ਪੰਨਾ : 1389)

ਸਿੱਖ ਨੂੰ ਵੀ ਹੁਕਮ ਦਿੱਤਾ -

"ਕਟੀਐ ਤੇਰਾ ਅਹੰ ਰੋਗੁ।।
ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ।।"

(ਗੁ.ਗ੍ਰੰ.ਸਾ.ਪੰਨਾ : 211)

ਇਉਂ ਖ਼ਾਲਸੇ ਨੇ ਆਪਣੇ ਦੋਵੇਂ ਕਿਨਾਰੇ ਧਰਮ ਅਤੇ ਰਾਜਨੀਤੀ ਸਲਾਮਤ ਰੱਖੇ - ਰਾਜ ਵੀ ਰਹੇ ਅਤੇ ਜੋਗ ਵੀ। ਜਿਸ ਦਿਨ ਇਸ ਨੇ '**ਰਾਜ ਕਰੇਗਾ ਖ਼ਾਲਸਾ**' ਦਾ ਸਦੀਆਂ ਤੋਂ ਚੇਤੇ ਕਰਾਇਆ ਜਾ ਰਿਹਾ ਸੰਕਲਪ ਤੋੜ ਦਿੱਤਾ ਜਾਂ ਰਾਜ ਨੂੰ ਸਾਬਤ ਰੱਖਣ ਲਈ ਧਰਮ ਵੱਲੋਂ, ਗੁਰੂ ਵੱਲੋਂ ਮੂੰਹ ਮੋੜ ਲਿਆ ਤਾਂ ਫਿਰ ਇਸ ਦਾ ਜੀਵਨ ਸਫਰ ਲੰਮਾ ਨਹੀਂ ਰਹੇਗਾ, ਜੈਸਾ ਕਿ ਅੱਜ-ਕਲ ਹੋ ਰਿਹਾ ਹੈ। ਅੱਜ ਰਾਜ ਦੀ ਪ੍ਰਾਪਤੀ ਅਤੇ ਪਕੜ ਲਈ ਧਰਮ ਸਿਧਾਂਤ ਕੁਰਬਾਨ ਕੀਤਾ ਜਾ ਰਿਹਾ ਹੈ।

ਸਿੰਘ ਜਦੋਂ ਦਰਸ਼ਨੀ ਡਿਉਢੀ ਪੁੱਜਦਾ ਹੈ, ਉਹ ਧਰਮ ਅਤੇ ਰਾਜਨੀਤੀ ਦੇ ਐਨ ਦਰਮਿਆਨ ਵਿੱਚ ਖੜਾ ਹੁੰਦਾ ਹੈ। ਦਰਸ਼ਨੀ ਡਿਉਢੀ ਤੋਂ ਇਕ ਪਾਸੇ ਜਿਤਨੀ ਦੂਰੀ 'ਤੇ ਦਰਬਾਰ ਸਾਹਿਬ ਹੈ, ਦੂਜੇ ਪਾਸੇ ਉਤਨੀ ਦੂਰੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਪਰ ਇਕ ਖਿਆਲ ਕਰਨਾ ਕਿ ਦਰਬਾਰ ਸਾਹਿਬ ਦੇ ਅੰਦਰ ਰਾਜਨੀਤੀ ਨਹੀਂ, ਉਥੇ ਤਾਂ ਦੋਹਰਾ 'ਰਾਜ ਕਰੇਗਾ ਖ਼ਾਲਸਾ' ਵੀ ਨਹੀਂ ਪੜ੍ਹਿਆ ਜਾਂਦਾ। ਉਥੇ ਤਾਂ ਗੁਰਬਾਣੀ ਦੇ ਅੰਮ੍ਰਿਤ ਜਲ ਨਾਲ ਧੋ ਕੇ "**ਜੀਅਹੁ ਨਿਰਮਲ ਬਾਹਰਹੁ ਨਿਰਮਲ**" ਕਰਕੇ ਕੇਵਲ ਖ਼ਾਲਸਾ ਬਣਾਇਆ ਜਾਂਦਾ ਹੈ।

ਧਰਮ ਅੰਮ੍ਰਿਤ ਸਰੋਵਰ ਦੇ ਪਵਿੱਤਰ ਅਤੇ ਸ਼ੀਤਲ ਜਲ ਦੇ ਧੁਰ ਅੰਦਰ ਠੰਡਕ ਵਿੱਚ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤ ਸਰੋਵਰ ਦੇ ਕਿਨਾਰੇ ਸ਼ੀਤਲ ਪਵਨ ਦੇ ਝੋਕਿਆਂ ਵਿੱਚ ਹੈ, ਪਾਣੀ ਵਿੱਚ ਨਹੀਂ। ਕਿਉਂਕਿ ਉਥੇ ਤੱਪ, ਤੇਜ਼, ਬੀਰ-ਰਸ ਵੀ ਲੋੜੀਂਦਾ ਹੈ। ਦਰਬਾਰ ਸਾਹਿਬ 'ਚ ਢਾਡੀ ਨਹੀਂ ਗਾਉਂਦੇ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਢਾਡੀ ਯੋਧਿਆਂ ਦੀਆਂ ਬੀਰ ਰਸੀ ਵਾਰਾਂ ਗਾਉਂਦੇ ਹਨ। ਦਰਬਾਰ ਸਾਹਿਬ ਵਿੱਚ ਖ਼ਾਲਸਾ ਬਣਾਉਣ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ ਜੂਝਣਾ ਸਿਖਾਇਆ ਜਾਂਦਾ ਹੈ। ਇਉਂ ਸਿੱਖ ਖ਼ਾਲਸਾ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਖ਼ਾਲਸੇ ਦੇ ਰੂਪ ਵਿੱਚ ਧਰਮ ਦਾ ਰਾਜ ਚਲਾਉਣ ਦੀ ਪ੍ਰੇਰਨਾ ਅਤੇ ਪ੍ਰਣ ਲੈਂਦਾ ਹੈ।

ਫਿਰ ਧਰਮ ਦਾ ਨਿਸ਼ਾਨ ਸਾਹਿਬ ਥੋੜ੍ਹਾ ਉੱਚਾ ਹੈ ਅਤੇ ਰਾਜਨੀਤੀ ਦਾ ਨਿਸ਼ਾਨ ਸਾਹਿਬ ਥੋੜ੍ਹਾ ਨੀਵਾਂ ਹੈ। ਧਰਮ ਸ਼ਕਤੀ ਦੇ ਅਧੀਨ ਰਾਜ ਸ਼ਕਤੀ ਹੈ, ਰਾਜ ਸ਼ਕਤੀ ਦੇ ਅਧੀਨ ਧਰਮ ਨਹੀਂ। ਧਰਮ ਨੂੰ ਉੂਪਰ ਰੱਖਣਾ ਹੈ ਰਾਜਨੀਤੀ ਨੂੰ ਨਹੀਂ, ਕੈਸੀ ਉੱਤਮ ਫ਼ਿਲਾਸਫੀ ਹੈ। ਦੋਵੇਂ ਨਿਸ਼ਾਨ ਸਾਹਿਬ ਵੱਖ ਵੱਖ ਪਰ ਆਪਸ ਵਿੱਚ ਬੱਝੇ ਹੋਏ, ਕੈਸਾ ਸੁੰਦਰ ਭਾਵਕ ਅਜੀਬ ਦ੍ਰਿਸ਼ ਹੈ ਸਿੱਖਾ ਤੇਰੀ ਧਰਮ ਤੇ ਰਾਜਨੀਤੀ ਦੀ ਅਟੁੱਟ ਸਾਂਝ ਦਾ। ਪਰ ਜੇ ਇਹ ਇਸ ਅਟੁੱਟ ਸਾਂਝ ਦਾ

ਖ਼ਿਆਲ ਰੱਖੇ।

ਰਾਜਨੀਤੀ ਧਰਮ ਦੇ ਵਿੱਚ ਨਹੀਂ ਆਮ੍ਹੋ-ਸਾਹਮਣੇ ਹੈ ਤਾਂ ਕਿ ਰਾਜਨੀਤੀ ਵਿੱਚ ਬੈਠਿਆਂ ਤੈਨੂੰ ਧਰਮ ਦਿੱਸਦਾ ਰਹੇ, ਧਰਮ ਵੱਲੋਂ ਅੱਖਾਂ ਨਾ ਮੀਟ ਲਏ। ਜਿਤਨੀ ਦੂਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੈ ਇਤਨੀ ਦੂਰੀ ਜ਼ਰੂਰ ਰੱਖੀਂ, ਇਹ ਇਕੱਠੇ ਹਨ ਪਰ ਵਖੋ-ਵੱਖ ਆਮ੍ਹੋ-ਸਾਹਮਣੇ। ਗੁਰੂ ਕੇਵਲ ਧਰਮ ਅਸਥਾਨ ਦੇ ਅੰਦਰ ਸਿੱਖ ਨੂੰ ਗੁਰਬਾਣੀ ਰਾਹੀਂ ਸੁੱਚੀ ਰਾਜਨੀਤੀ ਪੜ੍ਹਾ ਰਿਹੈ। ਸਿੱਖ ਨੇ ਧਰਮ ਅਨੁਕੂਲ ਰਾਜਨੀਤੀ ਉਥੇ ਸਿੱਖਣੀ ਹੈ ਅਤੇ ਬਾਹਰ ਵਰਤਣੀ ਹੈ।

"ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥"

(ਗੁ.ਗ੍ਰੰ.ਸਾ.ਪੰਨਾ : 74)

ਪਰ ਜਦ ਅਸੀਂ ਇਹ ਭੁੱਲ ਕੇ ਬਾਹਰ ਦੀ ਝੂਠੀ ਰਾਜਨੀਤੀ ਨੂੰ ਧਰਮ ਅਸਥਾਨਾਂ ਦੇ ਅੰਦਰ ਲੈ ਜਾਂਦੇ ਹਾਂ, ਜੋ ਅੱਜ ਹੋ ਰਿਹਾ ਹੈ ਤਾਂ ਉਦੋਂ ਜੋ ਕੁਝ ਅਸੀਂ ਗੁਆਉਂਦੇ ਹਾਂ ਉਹ ਹੈ ਗੁਰੂ ਦਾ ਅਤੇ ਧਰਮ ਅਸਥਾਨ ਦਾ ਅਦਬ-ਸਤਿਕਾਰ ਤੇ ਮਹਾਨਤਾ।

ਅਗਲੀ ਗੱਲ, ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਬਿਲਕੁਲ ਸਾਹਮਣੇ ਰਾਜ ਅਕਾਲ ਤਖ਼ਤ ਕਿਉਂ ?

"ਰਾਜ ਬਿਨਾਂ ਨਹਿ ਧਰਮ ਚਲੈ ਹੈ", ਚੰਗਾ ਰਾਜ ਧਰਮ ਦੀ ਰਾਖੀ ਲਈ ਜ਼ਰੂਰੀ ਹੈ ਅਤੇ ਰਖਵਾਲਾ ਹਮੇਸ਼ਾਂ ਦਰਵਾਜ਼ੇ ਦੇ ਸਾਹਮਣੇ ਖੜ੍ਹਾ ਹੁੰਦਾ ਹੈ। ਇਹ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦ੍ਰਿਸ਼। ਧਰਮ ਸਿਧਾਂਤ ਦਾ ਰਾਖਾ ਸ੍ਰੀ ਅਕਾਲ ਤਖ਼ਤ ਧਰਮ ਦੇ ਦਰਵਾਜ਼ੇ ਦੇ ਸਾਹਮਣੇ ਹੈ। ਰਾਜਨੀਤੀ ਧਰਮ ਲਈ ਤਾਂ ਹੀ ਮੰਨੀ ਜਾਵੇਗੀ ਜੇ ਧਰਮ ਦੇ ਬਾਹਰ ਖਲੋਤੀ ਹੋਵੇ। ਜੇ ਰਖਵਾਲਾ ਅੰਦਰ ਵੜ ਜਾਵੇ ਜੋ ਧਰਮ ਸਿਧਾਂਤ ਅਤੇ ਧਰਮ ਅਸਥਾਨਾਂ ਲਈ ਘਾਤਕ ਸਾਬਤ ਹੋਵੇਗੀ, ਤਾਂ ਸਮਝ ਲਓ ਸਥਾਨ ਦੀ ਰਾਖੀ ਨਹੀਂ ਬਲਕਿ ਰਖਵਾਲਾ ਆਪਣਾ ਬਚਾਅ ਸੋਚ ਰਿਹਾ ਹੈ। ਜਦੋਂ ਰਾਜਨੀਤੀ ਧਰਮ ਅਸਥਾਨ ਦੇ ਅੰਦਰ ਵੜ ਜਾਵੇ ਤਾਂ ਧਰਮ ਦੀ ਰਾਖੀ ਨਹੀਂ, ਬਲਕਿ ਧਰਮ ਦੀ ਆੜ ਵਿੱਚ ਰਾਜਨੀਤੀ ਦੀ ਰਾਖੀ ਹੋਵੇਗੀ, ਜੋ ਅੱਜ ਹੋ ਰਿਹਾ ਹੈ।

❖

"ਗਗਨ ਮੈ ਥਾਲੁ
ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥"

ਆਰਤੀ ਕੀ ਹੁੰਦੀ ਹੈ ?

ਰੱਬ ਦੀ ਆਰਤੀ ਕਿਵੇਂ ਹੁੰਦੀ ਹੈ ?

ਕੀ ਕਦੀ ਰੱਬ ਵੇਖਿਆ ਹੈ ?

ਆਰਤੀ

ਮਨੁੱਖ ਦੀ ਅਵੱਸਥਾ ਵਿੱਚੋਂ ਉਸਦੇ ਜੀਵਨ ਦਾ ਪ੍ਰਭਾਵ ਮਿਲਦਾ ਹੈ। ਜਿੱਧਰ ਵੀ, ਜਿਸ ਨਾਲ ਵੀ ਮਨੁੱਖ ਦਾ ਮਨ ਜੁੜ ਜਾਏ, ਕੁਦਰਤ ਦੀ ਹਰ ਆਹਟ ਹਰ ਆਵਾਜ਼ ਹਰ ਹਿਲਦੇ ਹੋਂਠ ਵਿੱਚੋਂ ਉਸ ਮਨੁੱਖ ਨੂੰ ਆਪਣੇ ਪਿਆਰੇ ਦੀ ਗੱਲ ਦਾ ਹੀ ਝਾਉਲਾ ਨਜ਼ਰੀਂ ਪੈਂਦਾ ਹੈ। ਉਸਨੂੰ ਹਰੇਕ ਹਿੱਲਦਾ ਹੋਂਠ ਉਸੇ ਦੀ ਗੱਲ ਦੱਸਦਾ ਹੈ। ਤੁਸੀਂ ਵੇਖੋਗੇ ਕਿ ਸੰਸਾਰ ਦੇ ਮਨੋਵਿਗਿਆਨਿਕ ਲੋਕ, ਜਿਹੜੇ ਕਿਸੇ ਦੀ ਅਵੱਸਥਾ ਦੀ ਪਰਿਭਾਸ਼ਾ ਕਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਦੇ ਅੰਦਰ ਜੋ ਖ਼ਿਆਲ ਮਜ਼ਬੂਤ ਹੋ ਕੇ ਕੰਮ ਕਰੀ ਜਾਏ, ਉਹੀ ਬਾਹਰ ਦਿੱਸਦਾ ਹੈ। ਆਮ ਜੀਵਨ ਵਿੱਚ ਵੀ ਜੇ ਕੋਈ ਚੋਰੀ ਕਰਕੇ ਦੌੜੇ ਤੇ ਆ ਕੇ ਕਿਸੇ ਕਾਫ਼ਲੇ ਵਿੱਚ, ਮਨੁੱਖਾਂ ਦੇ ਹਜੂਮ ਵਿੱਚ, ਇਸ ਖ਼ਿਆਲ ਕਰਕੇ ਸ਼ਾਮਿਲ ਹੋ ਜਾਏ ਕਿ ਇਸ ਹਜੂਮ ਵਿੱਚ ਮਿਲਣ ਨਾਲ ਮੇਰੀ ਪਛਾਣ ਨਹੀਂ ਹੋ ਸਕੇਗੀ ਅਤੇ ਜਿਹੜੇ ਮੈਨੂੰ ਪਕੜਨ ਵਾਲੇ ਪਿੱਛੇ ਆ ਰਹੇ ਹਨ ਉਹਨਾਂ ਤੋਂ ਬਚ ਜਾਵਾਂਗਾ। ਉਸਦੇ ਦਿਮਾਗ ਵਿੱਚ, ਉਸਦੀਆਂ ਵਿਚਾਰਾਂ ਵਿੱਚ ਆਪਣੇ-ਆਪ ਨੂੰ ਛੁਪਾਉਣ ਦਾ ਤੇ ਲੋਕਾਂ ਦਾ ਪਛਾਣ ਕਰਨ ਦਾ ਇਕ ਦ੍ਰਿਸ਼ ਐਨਾ ਪ੍ਰਭਾਵਿਤ ਹੋ ਚੁਕਾ ਹੁੰਦਾ ਹੈ, ਐਨਾ ਅਸਰ ਕਰ ਚੁਕਾ ਹੁੰਦਾ ਹੈ, ਮਨੋਵਿਗਿਆਨਿਕ ਕਹਿੰਦੇ ਹਨ ਕਿ ਜੇ ਕੋਈ ਉਸ ਕਾਫ਼ਲੇ ਦਾ ਮਨੁੱਖ ਆਪਣੀ ਵੀ ਕੋਈ ਗੱਲ ਕਰ ਰਿਹਾ ਹੋਵੇ ਤਾਂ ਚੋਰ ਸੋਚਦਾ ਹੈ ਕਿਤੇ ਮੇਰੀ ਗੱਲ ਤਾਂ ਨਹੀਂ ਕਰ ਰਿਹਾ, ਇਹ ਜ਼ਰੂਰ ਮੈਨੂੰ ਪਛਾਣ ਗਿਆ ਹੈ। ਹੁਣ ਪਛਾਨਣ ਜਾਂ ਨਾ ਪਛਾਨਣ ਦਾ ਮਸਲਾ ਨਹੀਂ, ਅੰਦਰ ਦੇ ਵਿਚਾਰਾਂ



ਦੀ ਗੱਲ ਹੈ ਕਿਉਂਕਿ ਉਹਦੇ ਅੰਦਰ ਜੋ ਵਿਚਾਰ ਕੰਮ ਕਰ ਰਹੇ ਹਨ, ਜਿਹੜੀ ਅਵੱਸਥਾ ਕੰਮ ਕਰ ਰਹੀ ਹੈ, ਹਰ ਕਿਸੇ ਦਾ ਹਿੱਲਦਾ ਹੋਇਆ ਹੋਂਠ ਉਸਨੂੰ ਉਹੀ ਦਿੱਸਦਾ ਹੈ। ਜੇ ਸੱਚਮੁੱਚ ਐਸਾ ਹੈ, ਚੋਰ ਦੇ ਅੰਦਰ ਦੀ ਸੋਚ ਹਰ ਕਿਸੇ ਦੇ ਹਿੱਲਦੇ ਹੋਏ ਹੋਂਠ ਵਿੱਚੋਂ ਆਪਣੇ ਜੀਵਨ ਦਾ ਫੈਸਲਾ ਦੇਖਦੀ ਹੈ, ਨਜ਼ਰੀਂ ਪੈਂਦਾ ਹੈ ਤਾਂ ਗੁਰੂ ਜੀ ਕਹਿੰਦੇ ਹਨ ਕਿ ਜੇ ਭਲਾ ਕਿਸੇ ਮਨੁੱਖ ਦੇ ਅੰਦਰ ਰੱਬ ਵੱਸ ਜਾਏ ਤਾਂ ਕੀ ਉਸਨੂੰ ਹਰ ਕਿਸੇ ਦੇ ਹਿਲਦੇ ਹੋਏ ਹੋਂਠਾਂ ਵਿੱਚੋਂ ਨਿਕਲੀ ਗੱਲ ਆਪਣੇ ਰੱਬ ਦੀ ਗੱਲ ਨਹੀਂ ਜਾਪੇਗੀ।

ਗੁਰੂ ਕਹਿੰਦੇ ਹਨ ਕਿ ਮੈਂ ਇਸ ਗੱਲ ਦਾ ਤਜ਼ਰਬਾ ਕੀਤਾ ਹੈ, ਜਦੋਂ ਦਾ ਜੁੜਿਆ ਹਾਂ। ਜੇ ਕੋਈ ਮਿਰਗ ਵੀ ਬੋਲਦਾ ਹੈ, ਦਰਖ਼ਤ ਦੀ ਕਿਸੇ ਸ਼ਾਖਾ 'ਤੇ ਬੈਠਾ ਪੰਛੀ ਵੀ ਬੋਲਦਾ ਹੈ ਤਾਂ ਮੈਨੂੰ ਪ੍ਰਭੂ ਦਾ ਜਾਪ ਕਰਦਾ ਹੀ ਲਗਦਾ ਹੈ :

"ਜੇ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ।।"

(ਗੁ.ਗ੍ਰੰ.ਸਾ.ਪੰਨਾ : 1265)

"ਅਧ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।।
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ।।"

(ਗੁ.ਗ੍ਰੰ.ਸਾ.ਪੰਨਾ : 1286)

ਜੇ ਕਿਸੇ ਦੀ ਕੋਈ ਆਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਹੈ ਤਾਂ ਮੈਨੂੰ ਇਓ ਲੱਗਦਾ ਹੈ ਜਿਵੇਂ ਮੇਰੇ ਰੱਬ ਦੀਆਂ ਗੱਲਾਂ ਪਏ ਕਰਦੇ ਨੇ, ਕਿਸੇ ਹੋਰ ਦੀ ਗੱਲ ਹੋ ਹੀ ਨਹੀਂ ਰਹੀ। ਕਿਉਂਕਿ ਮੇਰੇ ਅੰਦਰ ਰੱਬ ਐਨਾ ਅਸਰਅੰਦਾਜ਼ ਹੈ, ਐਨਾ ਵੱਸ ਚੁਕਾ ਹੈ ਕਿ ਮੈਨੂੰ ਹੁਣ ਕੋਈ ਹੋਰ ਗੱਲ ਸੁਣਦੀ ਹੀ ਨਹੀਂ ਤੇ ਜੇ ਕੋਈ ਬੋਲਦਾ ਹੈ ਤਾਂ ਮੈਨੂੰ ਦਿੱਸਦਾ ਹੈ ਕਿ ਮੇਰੇ ਰੱਬ ਦੀ ਗੱਲ ਪਿਆ ਕਰਦਾ ਹੈ। ਮੋਰ ਬੋਲਦੇ ਨੇ, ਮੈਂ ਕਹਿੰਦਾ ਹਾਂ ਮੇਰੇ ਰੱਬ ਨੂੰ ਆਵਾਜ਼ ਦੇ ਰਿਹਾ ਹੈ। ਕੋਇਲ ਬੋਲਦੀ ਹੈ ਮੈਂ ਸਮਝਦਾ ਹਾਂ ਮੇਰੇ ਰੱਬ ਨੂੰ ਮਿਲਣ ਲਈ ਤਾਂਘ ਰਹੀ ਹੈ, ਆਵਾਜ਼ਾਂ ਦੇ ਰਹੀ ਹੈ। ਗੁਰੂ ਜੀ ਹੋਰ ਕਹਿੰਦੇ ਹਨ ਕਿ ਇਥੋਂ ਤਕ ਜੇ ਹਰਟ ਵੀ ਬੋਲਦਾ ਹੈ, ਜੇ ਖੂਹ ਵੀ ਚਲਦਾ ਹੈ ਤੇ ਚਲਦੇ ਹੋਏ ਖੂਹ ਦੀ ਆਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਹੈ ਤਦ ਵੀ ਮੈਂ ਆਖਦਾ ਹਾਂ ਕਿ ਹੇ ਹਰਟ, ਤੂੰ ਬੜਾ ਚੰਗਾ ਹੈ, ਤੇਰੇ ਸੁਭਾਅ ਦੀ ਗੱਲ ਮੈਨੂੰ ਬੜੀ ਚੰਗੀ ਲਗੀ ਹੈ ਕਿਉਂਕਿ ਤੇਰੇ ਸੁਭਾਅ ਵਿੱਚ 'ਤੂੰ-ਤੂੰ' ਦੀ ਆਵਜ਼ ਹੈ ਤੇ ਤੂੰ ਮੇਰੇ ਰੱਬ ਨੂੰ 'ਤੂੰ ਹੀ, ਤੂੰ ਹੀ' ਕਹਿ ਕੇ ਪੁਕਾਰ ਰਿਹਾ ਹੈਂ :

"ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ।।"

(ਗੁ.ਗ੍ਰੰ.ਸਾ.ਪੰਨਾ : 1420)

ਕਹਿੰਦੇ ਨੇ, ਬੜੀ ਚੰਗੀ ਆਦਤ ਹੈ, ਬੜੀ ਭਲੀ ਬਾਣ ਹੈ, ਬੜਾ ਖ਼ੂਬਸੂਰਤ ਸੁਭਾਅ ਹੈ ਤੇਰਾ। ਤੇ ਹਰਟ, ਜਦੋਂ ਤੂੰ ਬੋਲਦਾ ਹੈ, ਤੇਰੇ ਚਕਲਾਂ ਵਿੱਚੋਂ ਨਿਕਲੀ ਹੋਈ ਆਵਾਜ਼ ਮੈਨੂੰ ਮੇਰੇ ਪ੍ਰੀਤਮ ਦੀ ਬੰਦਗੀ ਨਜ਼ਰ ਆਉਂਦੀ ਹੈ। ਭਲਾ ਹੁਣ ਸੋਚਿਓ ! ਜਿਸ ਦੀ ਅਵੱਸਥਾ ਇਥੋਂ ਤਕ ਜੁੜ ਜਾਏ, ਜਿਸਦੇ ਨੈਨ ਰੱਬੀ ਰੰਗ ਵਿੱਚ ਰੰਗੇ ਜਾਣ, ਕੀ ਉਹ ਸੰਸਾਰ ਦੇ, ਕੁਦਰਤ ਦੇ ਹਰੇਕ ਨਜ਼ਾਰੇ ਵਿਚੋਂ ਮੇਰੇ ਰੱਬ ਦੀ ਸੂਰਤ ਨਹੀਂ ਵੇਖੇਗਾ।

"ਦੁਇ ਦੁਇ ਲੋਚਨ ਪੇਖਾ।।
ਹਉ ਹਰਿ ਬਿਨੁ ਅਉਰੁ ਨ ਦੇਖਾ।।
ਨੈਨ ਰਹੇ ਰੰਗੁ ਲਾਈ।।
ਅਬ ਬੇ ਗਲ ਕਹਨੁ ਨ ਜਾਈ।।"

(ਗੁ.ਗ੍ਰੰ.ਸਾ.ਪੰਨਾ : 655)

ਬਸ ! ਇਹੋ ਕਾਰਣ ਸੀ ਗੁਰੂ ਨਾਨਕ ਜੀ ਦੇ 'ਆਰਤੀ' ਉਚਾਰਣ ਦਾ। ਗੁਰੂ ਨਾਨਕ ਦੀ ਅੰਦਰ ਦੀ ਅਵਸਥਾ :

"ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ।।"

(ਗੁ.ਗ੍ਰੰ.ਸਾ.ਪੰਨਾ : 1401)

ਗੁਰੂ ਨਾਨਕ ਰੱਬ ਦੇ ਬਿਲਕੁਲ ਨੇੜੇ ਰਹਿੰਦੇ ਹਨ :

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।"

(ਗੁ.ਗ੍ਰੰ.ਸਾ.ਪੰਨਾ : 1408)

ਤੇ ਜਿਹੜਾ ਰੱਬ ਨਾਲ ਐਨਾ ਸੰਬੰਧ ਰੱਖਦਾ ਹੋਵੇ, ਭਲਾ ਸੰਸਾਰ ਦੇ ਵਿੱਚ, ਦੁਨੀਆਂ ਦੇ ਵਿੱਚ ਰਹਿੰਦਿਆਂ ਹੋਇਆਂ ਉਸਨੂੰ ਕੁਦਰਤ ਦੇ ਹਰੇਕ ਨਜ਼ਾਰੇ ਵਿਚੋਂ ਰੱਬੀ ਝਲਕ ਨਹੀਂ ਪੈਂਦੀ। ਬਸ, ਇਹੋ ਇਤਿਹਾਸ ਹੈ ਗੁਰੂ ਨਾਨਕ ਜੀ ਦੀ 'ਆਰਤੀ' ਦਾ।

ਸੰਸਾਰ ਦੇ ਇਤਿਹਾਸਕਾਰਾਂ ਨੇ, ਦੁਨੀਆ ਦੇ ਲਿਖਾਰੀਆਂ ਨੇ ਗੁਰੂ ਨਾਨਕ ਜੀ ਦੀ ਉਚਾਰੀ ਹੋਈ ਇਸ 'ਆਰਤੀ' ਦੇ ਸ਼ਬਦ ਸਬੰਧੀ ਇਤਿਹਾਸ 'ਚ ਇਹ ਗੱਲ ਲਿਖ ਦਿੱਤੀ ਸੀ ਕਿ ਜਗਨਨਾਥ ਪੁਰੀ ਵਿੱਚ ਗੁਰੂ ਨਾਨਕ ਗਏ ਤੇ ਆਰਤੀ ਦਾ ਸ਼ਬਦ ਉਥੇ ਉਚਾਰਿਆ। ਇਹ ਗੱਲ ਦਰੁੱਸਤ ਹੈ। ਉਥੇ ਉਹ ਗਏ ਸਨ ਜਿਸ ਵੇਲੇ ਸ਼ਾਮਾਂ ਦੇ ਸਮੇਂ ਬ੍ਰਾਹਮਣ-ਪੰਡਿਤ ਮਿਲ ਕੇ ਦੇਵਤਿਆਂ ਦੇ ਮੰਦਰ ਵਿੱਚ, ਜਗਨਨਾਥ ਦੇ ਮੰਦਰ ਵਿੱਚ ਆਰਤੀ ਉਤਾਰ ਰਹੇ ਸਨ। ਸਮੱਗਰੀ ਦੇ ਥਾਲ ਵਿੱਚ ਉਨ੍ਹਾਂ ਨੇ ਬਹੁਤ ਸਾਰੀਆਂ ਵਸਤੂਆਂ ਜਿਵੇਂ ਧੂਪ, ਦੀਪ, ਕੇਸਰ, ਚੰਦਨ ਆਦਿ ਟਿਕਾਏ ਹੋਏ ਸਨ ਤੇ ਦੀਵੇ ਜਗਾ ਕੇ, ਘੁਮਾ-ਘੁਮਾ ਕੇ, ਕੁਰਬਾਨ ਕਰ ਕੇ, ਫੇਰੀਆਂ ਲੈ ਕੇ ਆਰਤੀ ਕਰ ਰਹੇ ਸਨ ਤਾਂ ਗੁਰੂ ਨਾਨਕ ਖਾਮੋਸ਼ ਕੋਲ ਖਲੋਤੇ ਮੁਸਕਰਾ ਰਹੇ ਸਨ। ਬ੍ਰਾਹਮਣਾਂ ਨੇ ਇਹ ਮਹਿਸੂਸ ਕੀਤਾ ਕਿ ਭੇਖ ਤੋਂ, ਪਹਿਰਾਵੇ ਤੋਂ, ਇਹ ਕੋਈ ਸਾਧੂ ਨਜ਼ਰ ਆਉਂਦਾ ਹੈ ਤੇ ਆਇਆ ਵੀ ਕਿਸੇ ਦੁਰਾਡੇ ਤੋਂ ਹੈ। ਪਰ ਜਗਨਨਾਥ ਦੇ ਮੰਦਰ ਵਿੱਚ ਆਇਆ ਹੈ ਤੇ ਇਹਨੂੰ ਪਤਾ ਨਹੀਂ ਕਿ ਆਰਤੀ ਕੀ ਹੁੰਦੀ ਹੈ ? ਅਤੇ ਭਗਵਾਨ ਦੀ ਆਰਤੀ ਵਿੱਚ ਹਰੇਕ ਸ਼ਰਧਾਲੂ ਨੂੰ ਸ਼ਾਮਿਲ ਹੋਣਾ ਚਾਹੀਦਾ ਹੈ। ਬ੍ਰਾਹਮਣ ਸੋਚਦਾ ਹੈ ਕਿ ਇਹ ਕੋਈ ਪ੍ਰਭੂ ਨਾਲ ਜੁੜਿਆ, ਧਰਮ ਦੇ ਜੀਵਨ ਨੂੰ ਅਪਨਾਉਣ ਵਾਲਾ ਮਨੁੱਖ ਹੈ, ਇਸਦੇ ਲਿਬਾਸ ਤੋਂ ਵੀ ਇਹ ਨਜ਼ਰ ਆਉਂਦਾ ਹੈ ਪਰ ਕੀ ਇਸਨੂੰ ਦੇਵ ਮੰਦਰ ਵਿੱਚ ਆ ਕੇ ਆਰਤੀ ਵਿੱਚ ਸ਼ਾਮਿਲ ਹੋਣ ਦਾ ਅਹਿਸਾਸ ਨਹੀਂ ਹੈ ? ਬਜਾਏ ਇਸ ਗੱਲ ਦੇ ਕਿ ਆਰਤੀ ਵਿੱਚ ਸ਼ਾਮਿਲ ਹੋਵੇ, ਜਿਉਂ ਜਿਉਂ ਅਸੀਂ ਆਰਤੀ ਕਰ ਰਹੇ ਹਾਂ ਤਿਉਂ-ਤਿਉਂ ਇਹ ਮੁਸਕਰਾ ਰਿਹਾ ਹੈ।

ਆਰਤੀ ਸਮਾਪਤ ਹੋਈ ਤਾਂ ਗੁਰੂ ਨਾਨਕ ਦੇ ਦੁਆਲੇ ਕੁਝ ਬ੍ਰਾਹਮਣ ਇਕੱਠੇ ਹੋ ਗਏ



ਤੇ ਕਹਿਣ ਲੱਗੇ - ਬਾਬਾ, ਭਗਵਾਨ ਜਗਨਨਾਥ ਦੀ ਆਰਤੀ ਉਤਾਰੀ ਜਾ ਰਹੀ ਸੀ ਤੇ ਤੂੰ ਮੁਸਕਰਾ ਰਿਹਾ ਸੀ, ਹੱਸ ਰਿਹਾ ਸੀ। ਤੇਰੀ ਜ਼ੁਬਾਨ ਤੋਂ ਸਾਡੀ ਗਾਈ ਜਾ ਰਹੀ ਆਰਤੀ ਦਾ ਇਕ ਲਫਜ਼ ਵੀ ਨਹੀਂ ਸੀ ਨਿਕਲ ਰਿਹਾ। ਬਾਬਾ ਜੀ ਕਹਿੰਦੇ ਹਨ ਕਿ ਮੈਂ ਵੀ ਆਰਤੀ ਵਿੱਚ ਸ਼ਾਮਿਲ ਸਾਂ ਪਰ ਤੁਹਾਡੀ ਆਰਤੀ ਵਿੱਚ ਨਹੀਂ। ਮੈਂ ਵੀ ਆਰਤੀ ਗਾ ਰਿਹਾ ਸਾਂ ਪਰ ਤੁਹਾਡੇ ਵਾਲੀ ਆਰਤੀ ਨਹੀਂ। ਇਹ ਸੁਣ ਕੇ ਬ੍ਰਾਹਮਣ ਕਹਿਣ ਲੱਗੇ ਕਿ ਫੇਰ ਬਾਬਾ, ਤੂੰ ਕਿਹੜੀ ਆਰਤੀ ਗਾ ਰਿਹਾ ਸੀ, ਜ਼ਰਾ ਸਾਨੂੰ ਇਕ ਵਾਰ ਆਪਣੀ ਗਾਈ ਹੋਈ ਆਰਤੀ ਸੁਣਾ, ਅਸੀਂ ਸੁਣਨਾ ਚਾਹੁੰਦੇ ਹਾਂ। ਪ੍ਰਭੂ ਆਰਤੀ ਦੀ ਗੱਲ ਸੁਣਦਿਆਂ ਹੀ ਬਾਬਾ ਕਿਸੇ ਮਸਤੀ ਸਰੂਰ ਵਿੱਚ ਆ ਗਿਆ ਤੇ ਕਹਿੰਦੈ, ਹੇ ਮੇਰੇ ਰੱਬ ! ਇਹ ਬ੍ਰਾਹਮਣ ਤੇਰੀ ਆਰਤੀ ਮੇਰੇ ਕੋਲੋਂ ਸੁਣਨਾ ਚਾਹੁੰਦੇ ਹਨ। ਤਦ ਬਾਬੇ ਨੇ ਰੱਬ ਨੂੰ, ਅਕਾਲ ਪੁਰਖ ਨੂੰ ਮੁਖਾਤਿਬ ਕਰਕੇ ਗਾਇਆ।

ਕਈ ਵਾਰ ਇਹ ਆਖ ਦਿੱਤਾ ਜਾਂਦਾ ਹੈ ਕਿ ਗੁਰੂ ਨਾਨਕ ਜੀ ਨੇ ਬ੍ਰਾਹਮਣਾਂ ਨੂੰ ਮੁਖਾਤਿਬ ਕਰਕੇ ਇਹ ਸ਼ਬਦ ਉਚਾਰਣ ਕੀਤਾ - ਨਹੀਂ। ਸ਼ਬਦ ਦੀ ਬਨਾਵਟ ਵੇਖ ਲਵੋ, ਇਥੇ ਲਫਜ਼ third person ਦੇ ਰੂਪ ਵਿੱਚ ਨਹੀਂ। ਜੇ ਬਾਬੇ ਨੇ ਗੱਲ ਕਰਨੀ ਹੋਵੇ ਰੱਬ ਦੀ ਤੇ ਕਰਨੀ ਹੋਵੇ ਬ੍ਰਾਹਮਣ ਨਾਲ ਤੇ ਫੇਰ ਤਾਂ ਇਹ ਆਖੇਗਾ ਨਾ - ਕੈਸੀ ਆਰਤੀ ਹੋਏ ਉਸਦੀ, ਕਿਉਂਕਿ ਤੀਜਾ ਹੈ, ਪਰ ਇਹ ਲਫਜ਼ ਨਹੀਂ। ਸਾਰੇ ਸ਼ਬਦ ਵਿੱਚ ਆਮ੍ਹੋ-ਸਾਹਮਣੇ ਸੰਬੋਧਨ ਹੈ, ਤੀਜੇ ਨਾਲ ਸੰਬੋਧਨ ਨਹੀਂ :

"ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।।੧।। ਰਹਾਉ।।
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ।।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।।੨।।"

(ਗੁ.ਗ੍ਰੰ.ਸਾ.ਪੰਨਾ : 663)

ਤਵ ਤੋਂ ਭਾਵ ਹੈ ਤੇਰੇ, ਸਾਰੇ ਸ਼ਬਦ ਵਿੱਚ ਜਿੰਨੀ ਵਾਰ ਇਹ ਲਫਜ਼ ਵਰਤਿਆ ਗਿਆ ਹੈ ਉਹ ਆਮ੍ਹੋ-ਸਾਹਮਣੇ ਸੰਬੋਧਨ ਹੈ। ਗੁਰੂ ਨਾਨਕ ਜੀ ਨੇ ਰੱਬ ਦੇ ਪਿਆਰ ਵਿੱਚ ਭਿੱਜ ਕੇ ਜੋ ਤਸੱਵਰ ਕੀਤਾ, ਆਰਤੀ ਦਾ ਸਰੂਪ ਉਹੋ ਉਚਾਰਣ ਕੀਤਾ ਤੇ ਕਹਿਣ ਲੱਗੇ - ਹੇ ਮੇਰੇ ਰੱਬ ! ਬ੍ਰਾਹਮਣ ਕੀ ਜਾਣਦੇ ਨੇ ਤੇਰੀ ਆਰਤੀ ਕੀ ਹੈ ? ਮੈਨੂੰ ਤਾਂ ਬ੍ਰਹਿਮੰਡ ਵਿਚੋਂ, ਕਿਸੇ ਹਿੱਸੇ ਵਿੱਚੋਂ ਕੋਈ ਆਵਾਜ਼ ਕੰਨੀ ਪੈਂਦੀ ਹੈ ਭਾਵੇਂ ਉਹ ਕੋਈ ਪੰਛੀ ਬੋਲਦਾ ਹੈ, ਭਾਵੇਂ ਕੋਈ ਮਿਰਗ ਬੋਲਦਾ ਹੈ, ਭਾਵੇਂ ਕੋਈ ਮੱਛੀ ਬੋਲਦੀ ਹੈ, ਭਾਵੇਂ ਕੋਈ ਰਾਹ ਜਾਂਦਿਆਂ ਕੋਲੋਂ ਆਵਾਜ਼ ਪੈਂਦੀ ਹੈ, ਭਾਵੇਂ ਕੋਈ ਹਰਟ ਦੀ ਚਾਂ-ਚਾਂ ਦੀ ਆਵਾਜ਼ ਨਿਕਲਦੀ ਹੈ, ਮੈਨੂੰ ਤਾਂ ਹਰ ਆਵਾਜ਼ ਹੀ ਤੇਰੀ ਆਰਤੀ ਦਿੱਸਦੀ ਹੈ ਕਿਉਂਕਿ ਮੈਨੂੰ ਹਰ ਕੋਈ ਤੇਰੇ ਗੀਤ ਗਾਉਂਦਾ ਨਜ਼ਰ ਆਉਂਦਾ ਹੈ।

ਗੁਰੂ ਨਾਨਕ ਜੀ ਨੂੰ ਦਿੱਸਦਾ ਹੈ ਜਿਵੇਂ ਸਾਰਾ ਆਕਾਸ਼ ਹੀ ਇਕ ਥਾਲ ਬਣ ਗਿਆ ਹੋਵੇ, ਜਿੰਨੇ ਤਾਰੇ ਨੇ ਉਹ ਉਹਦੇ ਵਿੱਚ ਮੋਤੀ ਬਣ ਕੇ, ਮਾਨਕ ਬਣ ਕੇ ਟਿੱਕ ਗਏ ਹੋਣ। ਜਿੰਨੀ ਸੰਸਾਰ ਦੀ ਬਨਾਸਪਤੀ ਹੈ, ਉਹ ਆਪਣੇ ਨਾਲ ਖਿੜੇ ਹੋਏ ਫੁੱਲਾਂ ਦਾ ਇਕੱਠ ਕਰ ਕੇ ਤੇਰੇ ਸਾਹਮਣੇ

ਪੇਸ਼ ਕਰਨ ਲਈ ਹਾਜ਼ਰ ਹੋ ਗਈ ਹੋਵੇ। ਜਿੰਨੀ ਸੰਸਾਰ ਦੀ ਪਵਨ ਹੈ ਉਹ ਮਾਨੋ ਧੂਪ ਬਣ ਕੇ ਨਾਲ ਆ ਗਈ ਹੋਵੇ ਇਸ ਗਗਨ ਦੇ ਥਾਲ ਵਿੱਚ। ਚੰਦਰਮਾਂ ਤੇ ਸੂਰਜ - ਦੋਵੇਂ ਖਾਮੋਸ਼ ਤੇ ਵੱਡੇ ਆਕਾਰ ਦੇ ਤੇਰੇ ਪੈਦਾ ਕੀਤੇ ਹੋਏ, ਦੀਵੇ ਬਣ ਕੇ ਉਸ ਗਗਨ ਦੇ ਥਾਲ ਵਿੱਚ ਟਿੱਕ ਗਏ ਹੋਣ। ਜਦੋਂ ਮੈਂ ਐਨੀ ਵੱਡੀ ਤੇਰੀ ਆਰਤੀ ਦੇਖਦਾ ਹਾਂ ਤੇ ਇਹ (ਬ੍ਰਾਹਮਣ) ਭਲਾ ਮੈਨੂੰ ਕਿਉਂ ਆਖਦੇ ਨੇ ਕਿ ਮੈਂ ਇਨ੍ਹਾਂ (ਬ੍ਰਾਹਮਣਾਂ) ਦੀ ਆਰਤੀ ਵਿੱਚ ਸ਼ਾਮਿਲ ਹੋ ਜਾਵਾਂ।

ਗੁਰੂ ਨਾਨਕ ਆਖਦੇ ਨੇ ਮੈਨੂੰ ਪਤਾ ਹੈ ਤੇਰੀ ਆਰਤੀ ਕਿਹੋ ਜਿਹੀ ਹੋ ਰਹੀ ਹੈ :

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥"

(ਗੁ.ਗ੍ਰੰ.ਸਾ.ਪੰਨਾ : 663)

ਕਿਧਰੇ ਆਕਾਸ਼ ਦਾ ਥਾਲ ਬਣਿਆ ਹੋਇਆ ਹੈ, ਕਿਧਰੇ ਤਾਰਿਆਂ ਦਾ ਮੰਡਲ ਜਨਕ-ਮੋਤੀ ਪਿਆ ਹੋਇਆ ਹੈ, ਕਿਧਰੇ ਸੰਸਾਰ ਦੀ ਸਾਰੀ ਬਨਾਸਪਤੀ ਖ਼ੂਬਸੂਰਤ ਫੁੱਲਾਂ ਦਾ ਸੰਗ੍ਰਹਿ ਬਣੀ ਹੋਈ ਹੈ, ਕਿਧਰੇ ਜਿੰਨੀ ਪਵਨ ਹੈ ਉਹ ਸਾਰੀ ਜਿੱਥੇ ਸੰਸਾਰ ਦੀ ਬਨਾਸਪਤੀ ਦੇ ਫੁੱਲਾਂ ਦੀਆਂ ਖ਼ੁਸ਼ਬੂ ਲਿਆ ਕੇ, ਤੇਰੇ ਦਰ 'ਤੇ ਸਮਰਪਣ ਕਰ ਰਹੀ ਹੈ, ਉਥੇ ਮਹਿਸੂਸ ਕਰਦਾਂ ਹਾਂ, ਉਹ ਸਾਰੀ ਪਵਨ ਮਾਨੋ ਚੰਵਰ ਦਾ ਕੰਮ ਕਰ ਰਹੀ ਹੈ, ਚੰਵਰ ਪਈ ਝੁਲਾਂਦੀ ਹੈ। ਜਿੱਥੇ ਐਨੀ ਵੱਡੀ ਆਰਤੀ ਹੋ ਰਹੀ ਹੈ, ਭਲਾ ਉਥੇ ਕਿਸੀ ਛੋਟੀ ਆਰਤੀ ਦੀ ਕੀ ਜ਼ਰੂਰਤ ਹੈ ?

ਹੁਣ ਇਥੇ ਸੁਆਲ (ਪ੍ਰਸ਼ਨ) ਖੜ੍ਹਾ ਹੋ ਗਿਆ - ਬਾਬਾ, ਤੂੰ ਸਾਰੇ ਬ੍ਰਹਿਮੰਡ ਨੂੰ ਰੱਬ ਦੇ ਦਰ 'ਤੇ, ਮਾਲਕ ਦੇ ਦਰ 'ਤੇ ਆਰਤੀ ਕਰਨ ਵਾਲਾ ਕਹਿ ਰਿਹਾ ਹੈਂ। ਤੂੰ ਆਖ ਰਿਹਾ ਹੈਂ ਕਿ ਪੂਰਾ ਬ੍ਰਹਿਮੰਡ ਮੇਰੇ ਮਾਲਿਕ ਦੇ ਦਰ 'ਤੇ ਆਰਤੀ ਪਿਆ ਕਰਦਾ ਹੈ, ਤੂੰ ਐਨਾਂ ਰੱਬ ਨਾਲ, ਪ੍ਰਭੂ ਨਾਲ ਨੇਹੁ ਰਖਦਾ ਹੈਂ, ਐਨਾ ਨੇੜੇ ਹੈਂ ਤਾਂ ਕੀ ਤੂੰ ਕਦੀ ਰੱਬ ਵੇਖਿਆ ਹੈ, ਕਦੀ ਰੱਬ ਨੂੰ ਤੱਕਿਆ ਹੈ ?

ਗੁਰੂ ਜੀ ਕਹਿਣ ਲਗੇ - ਤੁਸੀਂ ਕਹਿੰਦੇ ਹੋ ਕਦੀ ਰੱਬ ਨੂੰ ਤੱਕਿਆ ਹੈ, ਮੈਂ ਤਾਂ ਕਦੇ ਰੱਬ ਨਾਲੋਂ ਵਿੱਛੜਿਆ ਹੀ ਨਹੀਂ, ਉਹ ਤਾਂ ਕਦੇ ਮੇਰੇ ਤੋਂ ਦੂਰ ਹੀ ਨਹੀਂ ਹੋਇਆ। ਬ੍ਰਾਹਮਣਾਂ ਨੇ ਸੁਆਲ ਕੀਤਾ ਕਿ ਫਿਰ ਸਾਨੂੰ ਦੱਸੇਂਗਾ ਉਹ ਰੱਬ ਕਿਹੋ ਜਿਹਾ ਹੈ ? ਗੁਰੂ ਨਾਨਕ ਜੀ ਫੇਰ ਪ੍ਰਭੂ ਦੇ ਸਰੂਪ ਵੱਲ ਸੰਬੋਧਨ ਹੁੰਦੇ ਨੇ, ਕਿਉਂਕਿ ਆਖਣਾ ਤਾਂ ਉਹੋ ਜਿਹਾ ਹੀ ਹੈ ਨਾ ਜੋ ਕੁਝ ਵੇਖਣਾ ਹੈ। ਸੰਸਾਰ ਦੇ ਆਖਣ ਵਿੱਚ ਅਤੇ ਗੁਰੂ ਨਾਨਕ ਦੇ ਆਖਣ ਵਿੱਚ ਇਹੋ ਅੰਤਰ ਹੈ। ਗੁਰੂ ਨਾਨਕ ਜੋ ਦੇਖਦਾ ਹੈ ਉਹੀ ਬੋਲਦਾ ਹੈ, ਗੁਰੂ ਨਾਨਕ ਸੰਸਾਰ ਦੇ ਲੋਕਾਂ ਨੂੰ ਓਨੀ ਹੀ ਗੱਲ ਦੱਸਣ ਆਇਆ ਹੈ ਜਿਹੜੀ ਗੱਲ ਉਸਨੇ ਵੇਖੀ ਹੈ। ਇਸ ਲਈ ਸੰਸਾਰ ਦੇ ਲੋਕਾਂ ਨੂੰ ਮੁਖਾਤਿਬ ਕਰ ਕੇ ਆਖਦਾ ਹੈ - ਦੁਨੀਆਂ ਦੇ ਲੋਕੋ, ਮੈਂ ਕੋਈ ਹਵਾਈ ਗੱਲਾਂ ਨਹੀਂ ਕਰਦਾ ਬਲਕਿ :

"ਸੰਤਨ ਕੀ ਸੁਣਿ ਸਾਚੀ ਸਾਖੀ॥
ਸੋ ਬੋਲਹਿ ਜੋ ਪੇਖਹਿ ਆਖੀ॥"

(ਗੁ.ਗ੍ਰੰ.ਸਾ.ਪੰਨਾ : 894)



ਜੇ ਰੱਬ ਦਾ ਰੂਪ, ਤਸੱਵਰ ਕੀਤਾ ਹੋਇਆ ਰੂਪ ਸੁਨਣਾ ਚਾਹੁੰਦੇ ਹੋ ਤਾਂ ਸੁਣ ਲਓ। ਜੇ ਕੋਈ ਅੱਜ ਦਾ ਸਾਧੂ-ਮਹਾਤਮਾ ਹੁੰਦਾ ਤੇ ਉਹਨੂੰ ਪੁੱਛਦੇ - ਤੂੰ ਰੱਬ ਵੇਖਿਆ ਹੈ ਤਾਂ ਉਹ ਆਪਣੀ ਵਿਚਾਰ ਨਾਲ ਰੱਬ ਦਾ ਇਕ ਖ਼ੂਬਸੂਰਤ ਰੂਪ ਕਿਸੇ ਸਤਵੇਂ ਆਕਾਸ਼ ਵਿੱਚ ਵੱਸਦਾ ਰੱਬ ਜਿਥੇ ਸਿਰਫ ਉਸੇ ਦੀ ਪਹੁੰਚ ਹੋਵੇ, ਹੋਰ ਕਿਸੇ ਦੀ ਨਹੀਂ, ਲੋਕਾਂ ਨੂੰ ਦੱਸ ਕੇ ਸੰਸਾਰ ਨੂੰ ਪਿੱਛੇ ਲਾਉਂਦਾ ਅਤੇ ਲੋਕ ਸਮਝਦੇ ਕਿ ਜਿਹੜਾ ਰੱਬ ਅਸੀਂ ਨਹੀਂ ਵੇਖਿਆ, ਉਹ ਇਸਨੇ ਵੇਖਿਆ ਹੈ। ਅੱਜ ਦੇ ਯੁੱਗ ਵਿੱਚ ਜ਼ਰੂਰ ਐਸਾ ਹੁੰਦਾ। ਪਰ ਗੁਰੂ ਨਾਨਕ ਸੰਸਾਰ ਨੂੰ ਦੁਬਿਧਾ (confuse) ਵਿੱਚ ਨਹੀਂ ਪਾਉਣਾ ਚਾਹੁੰਦੇ, ਗੁਰੂ ਨਾਨਕ ਦੁਨੀਆਂ ਨੂੰ ਮੁਗ਼ਾਲਤੇ, ਭਰਮ ਵਿੱਚ ਨਹੀਂ ਪਾਉਣਾ ਚਾਹੁੰਦੇ। ਗੁਰੂ ਨਾਨਕ ਸੰਸਾਰ ਵਿੱਚੋਂ ਭਰਮ ਕੱਢਣ ਆਏ, ਭਰਮ ਪਾਉਣ ਨਹੀਂ ਆਏ ਕਿ ਲੋਕ ਭਰਮ ਵਿੱਚ ਪਏ ਹੋਏ ਕਿਸੇ ਵੱਖਰੇ ਰੱਬ ਨੂੰ ਲੱਭਦੇ ਫਿਰਨ।

ਗੁਰੂ ਨਾਨਕ ਆਖਦੇ ਹਨ - ਹੇ ਮੇਰੇ ਰੱਬ, ਇਹ ਜਾਣਦੇ ਨਹੀਂ। ਇਹ ਪੁੱਛਦੇ ਨੇ ਕਦੀ ਰੱਬ ਵੇਖਿਆ ਹੈ ਤੇ ਮੈਂ ਇਹਨਾਂ ਕੋਲੋਂ ਪੁੱਛਾਂ ਕਿ ਤੁਸਾਂ ਕਿਹੜਾ ਨਹੀਂ ਵੇਖਿਆ ? ਇਹ ਇਕ ਖ਼ਿਆਲ ਸਮਝਣ ਵਾਲਾ ਹੈ। ਬ੍ਰਾਹਮਣ ਹੈਰਾਨ ਨੇ ਕਿ ਅਸੀਂ ਹਰ ਰੋਜ਼ ਪੱਥਰਾਂ ਦੀ, ਮੂਰਤੀਆਂ ਦੀ ਪੂਜਾ ਕਰਦੇ ਹਾਂ, ਫੁੱਲ-ਮਾਲਾ ਪਹਿਨਾਉਂਦੇ ਹਾਂ, ਭੋਗ ਲਗਵਾਉਂਦੇ ਹਾਂ, ਚੰਦਨ ਦੇ ਤਿਲਕ ਚੜ੍ਹਵਾਉਂਦੇ ਹਾਂ, ਆਰਤੀ ਕਰਦੇ ਹਾਂ ਅਤੇ ਸਭ ਕੁਝ ਕਰਨ ਤੋਂ ਬਾਅਦ ਵੀ ਸਮਝਦੇ ਹਾਂ ਕਿ ਬਸ, ਰੱਬ ਜਦੋਂ ਚਾਹੁਣਗੇ, ਭਗਵਾਨ ਜਦੋਂ ਚਾਹੁਣਗੇ ਉਦੋਂ ਪ੍ਰਗਟ ਹੋਣਗੇ, ਦੀਦਾਰ ਦੇਣਗੇ ਪਰ ਅੱਜ ਤਕ ਨਹੀਂ ਹੋਇਆ। ਤੇ ਇਹ ਬਾਬਾ ਕਹਿੰਦਾ ਹੈ - ਤੁਸੀਂ ਵੀ ਦੇਖਦੇ ਹੋ। ਗੁਰੂ ਨਾਨਕ ਨੇ ਆਖਿਆ - ਮੈਂ ਗਲਤ ਨਹੀਂ ਕਹਿੰਦਾ, ਰੱਬ ਨੂੰ ਮੈਂ ਵੇਖਿਆ ਹੈ ਤੇ ਇਹ ਵੀ ਗਲਤ ਨਹੀਂ ਕਹਿੰਦਾ ਕਿ ਰੱਬ ਨੂੰ ਤੁਸਾਂ ਵੀ ਵੇਖਿਆ ਹੈ। ਮੈਂ ਵੀ ਰੋਜ਼ ਵੇਖਦਾ ਹਾਂ, ਤੁਸੀਂ ਵੀ ਰੋਜ਼ ਵੇਖਦੇ ਹੋ। ਫਰਕ ਸਿਰਫ ਐਨਾ ਹੈ ਕਿ ਮੈਂ ਰੱਬ ਨੂੰ ਦੇਖ ਕੇ ਪਛਾਣ ਲੈਂਦਾ ਹਾਂ, ਤੁਸੀਂ ਰੱਬ ਨੂੰ ਵੇਖ ਕੇ ਕੋਲੋਂ ਲੰਘ ਜਾਂਦੇ ਹੋ।

ਦੇਖਣਾ ਸਭ ਕੁਝ ਨਹੀਂ ਹੁੰਦਾ, ਪਛਾਨਣਾ ਅਗਲੀ ਗੱਲ ਹੈ। ਜੇ ਮਨੁੱਖ ਦੇਖ ਲਏ ਪਰ ਪਛਾਣੇ ਨਾ, ਕੋਈ ਲਾਭ ਨਹੀਂ ਹੁੰਦਾ। ਕਦੇ ਬਚਪਨ ਵਿੱਚ ਦੋ ਭਰਾ ਵਿੱਛੜ ਜਾਣ ਤੇ ਜੇ 10-12 ਸਾਲਾਂ ਬਾਅਦ ਕਦੇ ਮਿਲਾਪ ਹੋ ਜਾਏ, ਉਦੋਂ ਤਕ ਸ਼ਕਲਾਂ ਬਦਲ ਜਾਣ, ਕਦੇ ਕੋਈ ਇਕ ਗ਼ਰੀਬ ਹੋ ਜਾਏ ਤੇ ਇਕ ਅਮੀਰ ਹੋ ਜਾਏ। ਉਸੇ ਭਰਾ ਦੇ ਘਰ ਆ ਕੇ ਇਕ ਭਰਾ ਨੌਕਰ ਵੀ ਲੱਗ ਜਾਏ ਅਤੇ ਪਛਾਣੇ ਨਾ ਤਾਂ ਕੀ ਫਾਇਦਾ। ਜਿਹੜਾ ਸੁਖ ਹੈ, ਜਿਹੜਾ ਭਰਾ ਦੇ ਮਿਲਾਪ ਦਾ ਰਸ ਹੈ, ਉਹ ਤਾਂ ਉਦੋਂ ਹੀ ਆਉਣਾ ਹੈ ਜਦੋਂ ਪਛਾਣ ਲਏਗਾ। ਜਿੰਨੀਂ ਦੇਰ ਤਕ ਪਛਾਣੇ ਨਾ, ਭਾਵੇਂ ਨੌਕਰ ਬਣ ਕੇ ਆਪਣੀ ਹੱਥੀਂ ਰੋਜ਼ ਖਾਣਾ ਬਣਾ ਕੇ ਭਰਾ ਨੂੰ ਖੁਆਉਂਦਾ ਰਹੇ ਤਾਂ ਭਲਾ ਐਸਾ ਹੋ ਸਕਦਾ ਹੈ ਕਿ ਉਸਨੂੰ ਇਹ ਅਹਿਸਾਸ ਹੋਵੇ, ਇਹ ਸੁਖ ਮਿਲੇ ਕਿ ਮੈਂ ਭਰਾ ਦੇ ਹੱਥਾਂ ਦਾ ਬਣਾਇਆ ਹੋਇਆ ਭੋਜਨ ਛੱਕ ਰਿਹਾ ਹਾਂ। ਐਸੀ ਗੱਲ ਨਹੀਂ। ਸੁੱਖ ਪਛਾਣ ਵਿੱਚ ਹੈ ਸਿਰਫ ਦੇਖਣ ਵਿੱਚ ਨਹੀਂ।

ਗੁਰੂ ਜੀ ਕਹਿੰਦੇ ਹਨ -

"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ..."


ਹੇ ਮੇਰੇ ਰੱਬ ! ਇਹ ਜਿਹੜਾ ਸੰਸਾਰ ਪਿਆ ਵੱਸਦਾ ਹੈ ਤੇ ਜਿਨ੍ਹਾਂ ਨੇ ਇਸ ਸੰਸਾਰ ਦੇ, ਦੁਨੀਆਂ ਦੇ ਹਰ ਸਰੂਪ ਵਿੱਚ ਜੇ ਰੱਬ ਨਹੀਂ ਵੇਖਿਆ, ਉਹ ਇਉਂ ਹੀ ਨੇ ਜਿਵੇਂ ਕੋਲੋਂ ਲੰਘ ਜਾਣ ਪਰ ਪਛਾਨਣ ਨਾ। ਇਹ ਸਾਰੇ ਤੇਰੀਆਂ ਹੀ ਅੱਖਾਂ ਨੇ ਤੇ ਇਨ੍ਹਾਂ ਤੋਂ ਵੱਖਰੀ ਤੇਰੀ ਕੋਈ ਅੱਖ ਨਹੀਂ। ਇਹ ਸੰਸਾਰ ਦਾ ਹਰ ਜੀਅ ਜਿਹੜਾ ਹੈ ਉਹ ਤੇਰੀ ਹੀ ਸੂਰਤ ਹੈ, ਤੇਰੀ ਹੀ ਸ਼ਕਲ ਹੈ। ਰੱਬ ਸਾਰਿਆਂ ਵਿੱਚ ਰਹਿੰਦਾ ਹੈ, ਸਾਰੇ ਉਸਦਾ ਰੂਪ ਨੇ ਤੇ ਸਿਰਫ ਦੇਖਣ-ਦੇਖਣ ਵਿੱਚ ਹੀ ਅੰਤਰ ਹੈ। ਮੈਂ ਇਨ੍ਹਾਂ ਵਿੱਚ ਹੀ ਰੱਬ ਨੂੰ ਵੇਖਦਾ ਹਾਂ। ਇਹੋ ਕਾਰਣ ਹੈ ਮੈਂ ਰੱਬ ਨੂੰ ਲੱਭਣ ਵਾਸਤੇ ਕਿਸੇ ਪਹਾੜ ਦੀਆਂ ਕੰਦਰਾਂ ਵਿੱਚ ਨਹੀਂ ਗਿਆ, ਰੱਬ ਨੂੰ ਮਿਲਣ ਲਈ ਕਿਸੇ ਜੰਗਲ ਬੀਆਬਾਨ ਵਿੱਚ ਨਹੀਂ ਗਿਆ। ਮੈਂ ਇਸੇ ਸੰਸਾਰ ਵਿੱਚ, ਜਿੱਥੇ ਰੱਬ ਇਕ-ਇਕ ਪੱਤੇ ਵਿੱਚ ਰਮਿਆ ਹੋਇਆ ਹੈ, ਜਿੱਥੇ ਹਰ ਜੀਅ ਵਿੱਚ ਰੱਬ ਬੈਠਾ ਹੈ ਉੱਥੇ ਉਸ ਜੀਵ ਨਾਲੋਂ ਤਾਂ ਪਿੱਠ ਮੋੜ ਲਵਾਂ, ਉਹਦੇ ਨਾਲ ਤਾਂ ਮੂੰਹ ਫੇਰ ਲਵਾਂ, ਉਹਦੇ ਨਾਲ ਤਾਂ ਦੁਸ਼ਮਣੀ ਕਾਇਮ ਕਰ ਲਵਾਂ, ਉਸ ਸੰਸਾਰ ਦੇ ਜੀਵ ਨੂੰ ਦੁੱਖਾਂ ਵਿੱਚ ਰੋਂਦਿਆਂ ਹੋਇਆ ਤੱਕ ਕੇ ਮੈਂ ਆਪ ਜੰਗਲਾਂ ਵਿੱਚੋਂ ਰੱਬ ਨੂੰ ਲੱਭਣ ਲਈ ਚਲਾ ਜਾਵਾਂ। ਕੀ ਉਹ ਰੱਬ ਇਨ੍ਹਾਂ ਤੋਂ ਕੋਈ ਵੱਖਰਾ ਹੈ ? ਇਹ ਸਾਰੀਆਂ ਤੇਰੀਆਂ ਹੀ ਮੂਰਤਾਂ ਨੇ, ਸਾਰੀਆਂ ਤੇਰੀਆਂ ਹੀ ਸ਼ਕਲਾਂ ਨੇ, ਤੇ ਇਨ੍ਹਾਂ ਤੋਂ ਵੱਖਰੀ "**...ਨਨਾ ਏਕ ਤੋਹੀ**" ਇਕ ਵੀ ਸ਼ਕਲ ਤੇਰੀ ਕੋਈ ਐਸੀ ਨਹੀਂ ਜਿਹੜੀ ਇਨ੍ਹਾਂ ਤੋਂ ਵੱਖਰੀ ਹੋਵੇ, ਜਿਸਨੂੰ ਪਛਾਨਣ ਦੀ ਲੋੜ ਹੋਵੇ। ਜਿਹੜੇ ਇਨ੍ਹਾਂ ਵਿੱਚ ਰੱਬ ਨੂੰ ਨਹੀਂ ਪਛਾਣਦੇ, ਉਹ ਤੈਨੂੰ ਕਦੇ ਮਿਲ ਹੀ ਨਹੀਂ ਸਕਦੇ ਤੇ ਤੇਰੇ ਮਿਲਾਪ ਦਾ ਸੁਖ ਵੀ ਨਹੀਂ ਮਾਣ ਸਕਦੇ।

ਗੁਰੂ ਨਾਨਕ ਆਖਦੇ ਨੇ - ਹੇ ਬ੍ਰਾਹਮਣ ! ਮੈਂ ਤਾਂ ਹੈਰਾਨ ਹਾਂ। ਮੈਂ ਤਾਂ ਜਦੋਂ ਇਸ ਸੰਸਾਰ ਨੂੰ, ਇਸ ਮਨੁੱਖਤਾ ਨੂੰ ਦੇਖਦਾ ਹਾਂ ਤਾਂ ਇਹਨਾਂ ਵਿੱਚ ਮੈਨੂੰ ਰੱਬ ਮਿਲਦਾ ਹੈ। ਤੁਸੀਂ ਇਸ ਸੰਸਾਰ ਨੂੰ ਰੋਜ਼ ਦੇਖਦੇ ਹੋ ਤੇ ਰੋਜ਼ ਕੋਲੋਂ ਲੰਘ ਜਾਂਦੇ ਹੋ, ਇਹਨਾਂ ਵਿੱਚ ਰੱਬ ਨੂੰ ਪਛਾਣਦੇ ਹੀ ਨਹੀਂ। ਹੁਣ ਮੈਂ ਕਿਵੇਂ ਆਖਾਂ ਕਿ ਮੈਂ ਰੱਬ ਦੇਖਦਾ ਹਾਂ ਤੇ ਤੁਸੀਂ ਨਹੀਂ ਦੇਖਦੇ। ਦੇਖਦਾ ਮੈਂ ਵੀ ਹਾਂ, ਦੇਖਦੇ ਤੁਸੀਂ ਵੀ ਹੋ ਸਿਰਫ ਫਰਕ ਐਨਾ ਹੈ ਕਿ ਮੈਂ ਦੇਖ ਕੇ ਪਛਾਣ ਲੈਂਦਾ ਹਾਂ, ਤੇ ਉਹਦੇ ਮਿਲਾਪ ਦੀ ਮੈਨੂੰ ਖ਼ੁਸ਼ੀ ਹੋ ਜਾਂਦੀ ਹੈ। ਤੁਸੀਂ ਰੱਬ ਨੂੰ ਰੋਜ਼ ਦੇਖਦੇ ਹੋ, ਕੋਲੋਂ ਲੰਘ ਜਾਂਦੇ ਹੋ ਪਰ ਉਸਨੂੰ ਪਛਾਣਦੇ ਨਹੀਂ ਅਤੇ ਇਸ ਲਈ ਰੱਬ ਦੇ ਮਿਲਾਪ ਦੀ ਖ਼ੁਸ਼ੀ ਨਹੀਂ ਪ੍ਰਾਪਤ ਕਰ ਸਕਦੇ। ਗੁਰੂ ਜੀ ਅੱਗੇ ਕਹਿੰਦੇ :

"ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥"

(ਗੁ.ਗ੍ਰੰ.ਸਾ.ਪੰਨਾ : 663)

ਸਾਰਿਆਂ ਦੇ ਅੰਦਰ ਉਸਦੀ ਜੋਤ ਵੱਸਦੀ ਹੈ। ਸਾਰਿਆਂ ਦੇ ਅੰਦਰ ਰੱਬ ਦੀ ਜੋਤ ਹੈ। ਫਰਕ ਸਿਰਫ ਐਨਾ ਹੈ ਕਿ ਉਸਦੀ ਜੋਤ ਕਿਸੇ ਦੇ ਸਾਹਮਣੇ ਪਛਾਣ ਲਈ ਪਰਗਟ ਤਾਂ ਹੀ ਹੁੰਦੀ ਹੈ ਜੇ ਗੁਰੂ ਰਹਿਮਤ ਕਰੇ :



"ਗੁਰ ਸਾਖੀ ਜੋਤਿ ਪਰਗਟੁ ਹੋਇ।।
ਜੋ ਤਿਸੁ ਭਾਵੈ ਸੁ ਆਰਤੀ ਹੋਇ।।"

(ਗੁ.ਗ੍ਰੰ.ਸਾ.ਪੰਨਾ : 663)

ਗੁਰੂ ਜਦੋਂ ਰਹਿਮਤ ਕਰਦਾ ਹੈ ਉਦੋਂ ਅੰਦਰੋਂ ਜੋਤ ਪ੍ਰਗਟ ਹੋ ਜਾਂਦੀ ਹੈ। ਇਹ ਗੁਰੂ ਨਾਨਕ ਦਾ ਆਦਰਸ਼ ਹੈ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮੈਂ ਕਿਸੇ ਹੋਰ ਪੂਜਾ ਨੂੰ ਨਹੀਂ ਮੰਨਦਾ, ਮੈਂ ਕਿਸੇ ਹੋਰ ਦਾਨ ਨੂੰ ਨਹੀਂ ਮੰਨਦਾ, ਮੈਂ ਕਿਸੇ ਹੋਰ ਆਰਤੀ ਦਾ ਮੁਥਾਜ ਨਹੀਂ। ਮੈਂ ਸਾਰੇ ਬ੍ਰਹਿਮੰਡ ਵਿੱਚ ਰੱਬ ਨੂੰ ਵੇਖ ਰਿਹਾ ਹਾਂ ਤੇ ਇਸ ਰੂਪ ਵਿੱਚ ਵੇਖ ਰਿਹਾ ਹਾਂ ਕਿ ਸਾਰਿਆਂ ਵਿੱਚ ਉਸਦੀ ਜੋਤ ਹੈ ਤੇ ਗੁਰੂ ਸਾਖੀ ਹੋਵੇ ਤਾਂ ਉਹ ਜੋਤ ਪ੍ਰਗਟ ਹੋ ਜਾਂਦੀ ਹੈ।

ਗੁਰੂ ਨਾਨਕ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਵੱਖ ਨਹੀਂ। ਗੁਰੂ ਸਾਖੀ ਹੋ ਗਿਆ ਹੈ ਤੇ ਉਸੇ ਜੋਤ ਦਾ ਜ਼ਿਕਰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਵੀ ਕੀਤਾ ਹੈ। ਗੁਰੂ ਨਾਨਕ ਜੀ ਦਾ ਦਿੱਤਾ ਹੋਇਆ ਆਰਤੀ ਦਾ concept ਦਸਮ ਪਾਤਸ਼ਾਹ ਸੰਪੂਰਨ ਕਰ ਰਹੇ ਹਨ। ਗੁਰੂ ਨਾਨਕ ਜੀ ਆਖਦੇ ਨੇ ਕਿ ਸਾਰਿਆਂ ਵਿੱਚ ਉਸਦੀ ਜੋਤ ਹੈ ਪਰ ਬੇ-ਪਛਾਣ ਹੈ। ਗੁਰੂ ਰਹਿਮਤ ਕਰੇ ਤਾਂ ਅੰਦਰੋਂ ਜੋਤ ਜੱਗ ਪੈਂਦੀ ਹੈ, ਪਰਗਟ ਹੋ ਜਾਂਦੀ ਹੈ। ਜਦੋਂ ਗੁਰੂ ਦੀ ਰਹਿਮਤ ਸਦਕਾ ਅੰਦਰੋਂ ਜੋਤ ਜੱਗ ਪੈਂਦੀ ਹੈ ਉਦੋਂ ਮਨੁੱਖ ਕੀ ਬਣਦਾ ਹੈ - 'ਖ਼ਾਲਸਾ'। ਇਹੋ ਗੱਲ ਗੁਰੂ ਦਸਮ ਪਾਤਸ਼ਾਹ ਜੀ ਨੇ ਆਖੀ -

"ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।"

ਇਹ ਜਿੰਨੇ ਸੰਸਾਰ ਦੇ ਆਪਸੀ ਟਕਰਾਅ ਹਨ, ਇਹ ਸਾਰੇ ਬੇ-ਪਛਾਣ ਜੋਤ ਕਰਕੇ ਹਨ। ਰੱਬ ਤੇ ਸਾਰਿਆਂ ਵਿੱਚ ਵੱਸਦਾ ਹੈ। ਦੁਨੀਆਂ ਦਾ ਹਰ ਧਰਮ ਆਖ ਰਿਹਾ ਹੈ, ਹਰ ਚੰਗਾ ਮਨੁੱਖ ਇਸ ਗੱਲ ਨੂੰ ਮਾਨਤਾ ਦੇ ਰਿਹਾ ਹੈ, ਮੰਨ ਰਿਹਾ ਹੈ ਪਰ ਫੇਰ ਵੀ ਟਕਰਾਓ ਹੈ। ਕਿਉਂ ਹੈ ? ਕਿਉਂਕਿ ਜੋਤ ਬੇ-ਪਛਾਣ ਹੈ।

ਗੁਰੂ ਨਾਲ ਜੁੜਨ ਦੀ ਲੋੜ ਹੈ ਤੇ ਗੁਰੂ ਦੀ ਅਗਵਾਈ ਵਿੱਚ ਉਹ ਜਿਹੜੀ ਜੋਤ ਬੇ-ਪਛਾਣ ਹੈ, ਉਹ ਪ੍ਰਗਟ ਹੁੰਦੀ ਹੈ, ਤੇ ਜਦੋਂ ਉਹ ਬੇ-ਪਛਾਣ ਜੋਤ ਪ੍ਰਗਟ ਹੁੰਦੀ ਹੈ ਉਸਦਾ ਨਾਂ ਹੀ 'ਖ਼ਾਲਸਾ' ਹੁੰਦਾ ਹੈ। ਗੁਰੂ ਦਸਮ ਪਾਤਸ਼ਾਹ ਨੇ ਵੀ ਇਹੋ ਫੈਸਲਾ ਦਿੱਤਾ ਹੈ -

"ਪੂਰਨ ਜੋਤ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।"

ਰੱਬ ਦੀ ਜੋਤ ਸਾਰਿਆਂ ਵਿੱਚ ਹੈ, ਸਾਰਾ ਬ੍ਰਹਿਮੰਡ ਉਸ ਦਾ ਰੂਪ ਹੈ। ਸਿਰਫ ਬੇ-ਪਛਾਣ ਜੋਤ ਇਸ ਲਈ ਹੈ ਕਿਉਂਕਿ ਮਨੁੱਖ ਗੁਰੂ ਨਾਲ ਨਹੀਂ ਜੁੜ ਰਿਹਾ। ਜੋਤ ਪ੍ਰਗਟ ਹੋਣੀ ਹੈ ਜਦੋਂ ਗੁਰੂ ਨਾਲ ਜੁੜੇਗਾ। ਜਿਸ ਦਿਨ ਗੁਰੂ ਸਾਖੀ ਹੋਇਆ, ਜੋਤ ਪ੍ਰਗਟ ਹੋ ਗਈ, ਬਸ ਉਸ ਦਿਨ ਖ਼ਾਲਸਾ ਹੋ ਜਾਏਗਾ। ਖ਼ਾਲਸਾ ਅਕਾਲ ਪੁਰਖ ਦਾ ਹੈ, "ਵਾਹਿਗੁਰੂ ਜੀ ਕਾ ਖ਼ਾਲਸਾ..."

ਹੈ। ਕਿਉਂਕਿ ਸੰਬੰਧ ਸਿੱਧਾ ਹੋ ਜਾਏਗਾ ਜਿਸ ਦਿਨ ਜੋਤ ਪ੍ਰਗਟ ਹੋ ਗਈ। ਇਸ ਲਈ ਜ਼ਰੂਰਤ ਹੈ ਗੁਰੂ ਨਾਨਕ ਦੀ ਆਰਤੀ ਦਾ concept ਲੈ ਕੇ, ਖ਼ਾਲਸੇ ਦੀ ਜੋਤ ਰੂਪ ਅੰਦਰ, ਗੁਰੂ ਸਾਖੀ ਰਾਹੀਂ ਸੰਪੂਰਨ ਜੋਤ ਦਾ ਜਾਗਣਾ ਅਤੇ 'ਖ਼ਾਲਸਾ' ਦੀ ਮੰਜ਼ਿਲ ਤਕ ਪੁੱਜਣਾ।

❖

ਬਣਤ ਅਤੇ ਗਣਿਤ
ਦਾ ਗੂੜ੍ਹਾ ਸੰਬੰਧ ਹੈ।
ਮਨੁੱਖ ਪੂਰਾ ਜੀਵਨ ਬਣਤ-ਗਣਿਤ
ਵਿੱਚ ਹੀ ਪਿਆ ਰਹਿੰਦਾ ਹੈ,
ਪਰ ਉਹਦੀ ਬਣਤ ਮੁਤਾਬਿਕ
ਗਣਿਤ ਕਦੋਂ ਪੂਰੀ ਹੁੰਦੀ ਹੈ?

ਬਣਤ-ਗਣਿਤ

"ਆਗੈ ਸੁਖੁ ਮੇਰੇ ਮੀਤਾ॥
ਪਾਛੇ ਆਨਦੁ ਪ੍ਰਭਿ ਕੀਤਾ॥
ਪਰਮੇਸੁਰਿ ਬਣਤ ਬਣਾਈ॥
ਫਿਰਿ ਡੋਲਤ ਕਤਹੂ ਨਾਹੀ॥੧॥
ਸਾਚੇ ਸਾਹਿਬ ਸਿਉ ਮਨੁ ਮਾਨਿਆ॥
ਹਰਿ ਸਰਬ ਨਿਰੰਤਰਿ ਜਾਨਿਆ॥੧॥ ਰਹਾਉ॥
ਸਭ ਜੀਅ ਤੇਰੇ ਦਇਆਲਾ॥
ਅਪਨੇ ਭਗਤ ਕਰਹਿ ਪ੍ਰਤਿਪਾਲਾ॥
ਅਚਰਜੁ ਤੇਰੀ ਵਡਿਆਈ॥
ਨਿਤ ਨਾਨਕ ਨਾਮੁ ਧਿਆਈ॥੨॥"

(ਸੋਰਠ ਮ: ੫, ਗੁ.ਗ੍ਰੰ.ਸਾ.ਪੰਨਾ : 629-630)

"ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥"

(ਗੁ.ਗ੍ਰੰ.ਸਾ.ਪੰਨਾ : 452)



ਬਣਤ-ਸਕੀਮ ਗਣਿਤ-ਸਕੀਮ ਨੂੰ ਸਿਰੇ ਚੜ੍ਹਾਉਣ ਲਈ ਸਾਧਨਾਂ ਦਾ ਹਿਸਾਬ-ਕਿਤਾਬ ਕਰਕੇ, ਪਰਿਵਾਰ ਮਿਲ ਕੇ ਘਰ ਬਣਾਉਣਾ ਸੋਚਦਾ ਹੈ। ਫੈਸਲਾ ਹੋ ਜਾਂਦਾ ਹੈ, ਜ਼ਰੂਰਤ ਅਨੁਸਾਰ ਘਰ ਦਾ ਨਕਸ਼ਾ ਬਣਾਇਆ ਜਾਂਦਾ ਹੈ। ਬਣਤ ਬਣ ਗਈ, ਹੁਣ ਗਣਿਤ ਸ਼ੁਰੂ ਹੋਈ। ਇਸ ਮਕਾਨ 'ਤੇ ਖ਼ਰਚਾ ਕਿਤਨਾ ਆਵੇਗਾ ਅਤੇ ਖਰਚ ਲਈ ਪੈਸਾ ਕਿਥੋਂ-ਕਿਥੋਂ ਆਵੇਗਾ, ਉਸ ਵਿੱਚ ਮੈਟੀਰੀਅਲ ਕਿਹੜਾ-ਕਿਹੜਾ ਅਤੇ ਕਿੰਨਾ-ਕਿੰਨਾ ਲਗੇਗਾ, ਕਿੰਨੇ ਕਾਰੀਗਰ ਇਸਨੂੰ ਕਿੰਨੇ ਸਮੇਂ ਵਿੱਚ ਬਨਾਉਣਗੇ। ਇਹ ਸਭ ਕੁਝ ਗਣਿਤ ਹੈ।

ਬਣਤ ਅਤੇ ਗਣਿਤ ਦਾ ਗੂੜ੍ਹਾ ਸਬੰਧ ਹੈ। ਜੇ ਬਣਤ ਨਾਲ ਗਣਿਤ ਨਾ ਹੋਵੇ ਤਾਂ ਬਣਤ ਸਿਰੇ ਨਹੀਂ ਚੜ੍ਹਦੀ। ਅਤੇ ਜੇ ਗਣਿਤ ਹੋਵੇ ਪਰ ਬਣਤ (ਸਕੀਮ) ਹੀ ਕੋਈ ਨਾ ਹੋਵੇ ਤਾਂ ਗਣਿਤ ਕਿਸੇ ਲੇਖੇ ਨਹੀਂ। ਆਮ ਮਨੁੱਖ ਦਾ ਪੂਰਾ ਜੀਵਨ ਬਣਤ ਤੇ ਗਣਿਤ ਵਿੱਚ ਹੀ ਉਲਝਿਆ ਹੋਇਆ ਹੈ। ਆਪਣੇ ਲਈ, ਪਰਿਵਾਰ ਲਈ, ਕੌਮ ਲਈ, ਦੇਸ਼ ਲਈ, ਸੰਸਾਰ ਲਈ, ਜਿਤਨਾ ਕਿਸੇ ਦਾ ਘੇਰਾ ਹੈ, ਉਹ ਬਣਤ-ਗਣਿਤ ਵਿੱਚ ਪਿਆ ਰਹਿੰਦਾ ਹੈ। ਕਈ ਵਾਰ ਮਾਂ-ਬਾਪ ਆਪਣੇ ਬੱਚੇ ਦੇ ਜਨਮ ਤੋਂ ਪਹਿਲੇ ਹੀ ਉਸ ਲਈ ਬਣਤਾਂ ਬਣਾਉਂਦੇ ਹਨ ਕਿ ਉਸਦਾ ਨਾਮ ਇਹ ਰੱਖਾਂਗੇ, ਉਸਨੂੰ ਪੜ੍ਹਾ ਕੇ ਡਾਕਟਰ ਬਣਾਵਾਂਗੇ। ਉਸ ਲਈ ਗਣਿਤ ਵੀ ਨਾਲ ਹੀ ਸ਼ੁਰੂ ਹੋ ਜਾਂਦੀ ਹੈ, ਔਖਾ ਹੋ ਕੇ ਵੀ ਓਵਰ-ਟਾਈਮ ਲਾ ਕੇ ਪੈਸਾ ਜਮ੍ਹਾ ਕਰਦਾ ਹੈ। ਕਈ ਵਾਰ ਕੀ ਬਹੁਤ ਵਾਰ, ਬਣਤ ਮੁਤਾਬਿਕ ਗਣਿਤ ਪੂਰੀ ਨਹੀਂ ਹੁੰਦੀ, ਪੜ੍ਹਾਈ ਵਿਚੇ ਰਹਿ ਜਾਂਦੀ ਹੈ ਅਤੇ ਬੱਚਾ ਡਾੱਕਟਰ ਨਹੀਂ ਬਣ ਸਕਦਾ।

ਸਤਿਗੁਰੂ ਜੀ ਕਹਿੰਦੇ ਹਨ ਜੇ ਜੀਵਨ ਦੇਣ ਵਾਲੇ ਅੱਗੇ ਜੀਵਨ ਸਮਰਪਣ ਕਰ ਦੇਵੇਂ, ਸਹਿਜ ਵਿੱਚ ਆ ਜਾਵੇਂ, ਆਖੇਂ ਜੀ ਤੇਰੀ ਬਣਤ ਬਣਾਵਣੀ :

"ਸੋਈ ਕਰਾਇ ਜੋ ਤੁਧੁ ਭਾਵੈ।।
ਮੋਹਿ ਸਿਆਣਪ ਕਛੂ ਨ ਆਵੈ।।
ਹਮ ਬਾਰਿਕ ਤਉ ਸਰਣਾਈ।।
ਪ੍ਰਭਿ ਆਪੇ ਪੈਜ ਰਖਾਈ।।੧।।
ਮੇਰਾ ਮਾਤ ਪਿਤਾ ਹਰਿ ਰਾਇਆ।।
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ।। ਰਹਾਉ।।
ਜੀਅ ਜੰਤ ਤੇਰੇ ਧਾਰੇ।।
ਪ੍ਰਭ ਡੋਰੀ ਹਾਥਿ ਤੁਮਾਰੇ।।
ਜਿ ਕਰਾਵੈ ਸੋ ਕਰਣਾ।।
ਨਾਨਕ ਦਾਸ ਤੇਰੀ ਸਰਣਾ।।੨।।"

(ਸੋਰਠ ਮ: ੫, ਗੁ.ਗ੍ਰੰ.ਸਾ.ਪੰਨਾ : 626-627)

ਫਿਰ ਉਸ ਪਰਮੇਸਰ ਕੋਲ ਤੇਰੇ ਜੀਵਨ ਦੀ ਖੁਸ਼ਹਾਲੀ ਲਈ ਬਣਤਾਂ ਵੀ ਬਹੁਤ ਹਨ ਅਤੇ ਉਸ ਕੋਲ ਸਾਧਨ ਵੀ ਅਣਗਿਣਤ ਹਨ।

ਫਿਰ ਮਨੁੱਖ "ਬੇਪਰਵਾਹ ਸਦਾ ਰੰਗ ਹਰ ਕੈ" ਹੋ ਜਾਂਦਾ ਹੈ।

"ਪਰਮੇਸੁਰਿ ਬਣਤ ਬਣਾਈ॥"
ਫਿਰ ਡੋਲਤ ਕਤਹੂ ਨਾਹੀ॥

❖

ਅੱਜ ਸਿੱਖਾਂ ਵਿੱਚ
ਵੱਖ-ਵੱਖ ਰਹਿਤ ਮਰਯਾਦਾ
ਕਿਉਂ ਹਨ?
ਅੱਜ ਮਰਯਾਦਾ ਦੇ ਪੱਖੋਂ
ਬਹੁਤ ਸਾਰੇ ਪਹਿਲੂਆਂ 'ਤੇ
ਭਰਮ ਪੈਦਾ ਹੋ ਗਏ ਹਨ ਜੋ ਟਕਰਾਓ ਪੈਦਾ ਕਰਕੇ
ਸਿੱਖੀ ਪਰਿਵਾਰ ਨੂੰ ਲੀਰੋ-ਲੀਰ ਕਰ ਰਹੇ ਹਨ।
ਪਤਾ ਨਹੀਂ ਕਦੋਂ ਇਹ ਅਖੌਤੀ ਜੱਥੇਦਾਰ
ਗੁਰਬਾਣੀ ਗੁਰਮਤਿ ਦਾ
'ਉਜਾਰੋ ਦੀਪਾ'
ਆਪਣੇ ਹੱਥਾਂ ਵਿੱਚ ਲੈ ਕੇ
ਸਿੱਖੀ ਦੇ ਰਾਹਾਂ 'ਤੇ ਖੜੇ ਹੋਣਗੇ
ਤਾਂ ਕਿ ਸਿੱਖੀ ਦਾ ਭਵਿੱਖ
ਉਜਲਾ ਹੋ ਸਕੇ।

ਮਰਯਾਦਾ ਦੇ ਫੈਸਲੇ

ਮਰਯਾਦਾ ਦਾ ਅਰਥ ਹੈ ਇਕ ਐਸੀ ਜੀਵਨ ਜੁਗਤ, ਜੀਵਨ ਦੇ ਰਹਿਨ-ਸਹਿਨ ਦੀ ਇਕ ਉਹ ਤਰਕੀਬ ਜਿਸ ਵਿੱਚ ਜੀਵਨ ਬੇਫਿਕਰ ਅਤੇ ਸੁਰੱਖਿਅਤ ਤੁਰਿਆ ਜਾਵੇ। ਸਿੱਖੀ ਵਿੱਚ ਇਸੇ ਦਾ ਨਾਮ 'ਗੁਰਮਤਿ ਰਹਿਤ ਮਰਯਾਦਾ' ਹੈ ਕਿਉਂਕਿ ਇਹ ਜੀਵਨ ਜੁਗਤ, ਗੁਰੂ ਸਿੱਖ ਨੂੰ ਬਖਸ਼ਦਾ ਹੈ ਅਤੇ ਸਿੱਖ ਇਸ ਅਨੁਸਾਰ ਹੀ ਜੀਵਨ ਗੁਜ਼ਾਰਦਾ ਹੈ। ਇਸੇ ਲਈ ਇਸ ਦਾ ਨਾਮ 'ਸਿੱਖ ਰਹਿਤ ਮਰਯਾਦਾ' ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਿੱਖ ਨੂੰ ਜੀਵਨ ਜਾਚ ਦੀ ਬੜੀ ਲੰਮੀ ਲਿਸਟ ਦਿੱਤੀ ਹੈ :

"ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥
ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ॥"

(ਗੁ.ਗ੍ਰੰ.ਸਾ.ਪੰਨਾ : 1019)

"ਆਰਾਧਨਾ ਆਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ॥
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥"

(ਗੁ.ਗ੍ਰੰ.ਸਾ.ਪੰਨਾ : 1018)



"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।।"

(ਗੁ.ਗ੍ਰੰ.ਸਾ.ਪੰਨਾ : 488)

"ਵਿਚਿ ਦੁਨੀਆ ਸੇਵ ਕਮਾਈਐ।।
ਤਾ ਦਰਗਹ ਬੈਸਣੁ ਪਾਈਐ।।"

(ਗੁ.ਗ੍ਰੰ.ਸਾ.ਪੰਨਾ : 26)

"ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ।।"

(ਗੁ.ਗ੍ਰੰ.ਸਾ.ਪੰਨਾ : 199)

"ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।।"

(ਗੁ.ਗ੍ਰੰ.ਸਾ.ਪੰਨਾ : 918)

ਆਦਿ ਜੁਗਾਦਿ ਸੱਚ ਤਾਂ ਇਹ ਹੈ ਕਿ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰਮਤਿ ਰਹਿਤ ਮਰਯਾਦਾ ਭਾਵ ਸਿੱਖ ਰਹਿਤ ਮਰਯਾਦਾ ਹੈ ਜੋ ਜੀਵਨ ਦੇ ਹਰ ਬਿਖੜੇ ਮੋੜ 'ਤੇ ਸਿੱਖ ਨੂੰ ਜੀਵਨ ਜਾਂਚ ਦੇ ਰਾਹਿ ਰਾਸ ਪਾਉਣ ਦੀ ਜਾਮਨ ਹੈ।

"ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।।"

(ਗੁ.ਗ੍ਰੰ.ਸਾ.ਪੰਨਾ : 1185)

ਗੁਰਮਤਿ ਰਹਿਤ ਮਰਯਾਦਾ ਦਾ ਮਤਲਬ ਹੈ ਗੁਰੂ ਦੀ ਮਰਜ਼ੀ ਦੀ ਜੀਵਨ ਜਾਂਚ। ਫਿਰ ਗੁਰੂ ਦਾ ਹੁਕਮ ਵੀ ਹੈ।

"ਗੁਰਸਿਖ ਮੀਤ ਚਲਹੁ ਗੁਰ ਚਾਲੀ।।
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ।।"

(ਗੁ.ਗ੍ਰੰ.ਸਾ.ਪੰਨਾ : 667)

ਫਿਰ ਇਹ ਵੀ ਚੇਤਾਵਨੀ ਦਿੱਤੀ ਕਿ ਸਿੱਖ ਦੇ ਜੀਵਨ ਵਿੱਚ ਜੇ ਕਦੀ ਪਰੇਸ਼ਾਨੀਆਂ ਅਤੇ ਦਰ-ਦਰ ਠੋਕਰਾਂ ਦਾ ਸਮਾਂ ਆਉਂਦਾ ਹੈ ਤਾਂ ਉਹ ਵੀ ਗੁਰੂ ਦੀ ਮਰਜ਼ੀ ਰੂਪੀ ਲਕੀਰ ਮਰਯਾਦਾ ਤੋਂ ਬਾਹਰ ਹੋ ਜਾਣ ਕਰਕੇ ਹੀ ਆਉਂਦਾ ਹੈ।

"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।।
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।"

(ਗੁ.ਗ੍ਰੰ.ਸਾ.ਪੰਨਾ : 601)

ਜੇ ਕਦੀ ਸਿੱਖ ਗੁਰੂ ਦੀ ਮਰਜ਼ੀ ਵਿੱਚ ਜੀਵੇ ਤਾਂ ਗੁਰੂ ਸਿੱਖ ਦੇ ਜੀਵਨ ਦਾ ਹਰ ਪਹਿਲੂ ਧਰਮ, ਅਰਥ, ਕਾਮ, ਮੋਖਸ਼, ਚਾਰੇ ਪਦਾਰਥ ਝੋਲੀ ਪਾ ਕੇ, ਸਿੱਖ ਦਾ ਹਲਤ-ਪਲਤ ਸੰਵਾਰਨ ਦਾ ਜਾਮਨ ਹੈ।

"ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।।"

(ਗੁ.ਗ੍ਰੰ.ਸਾ.ਪੰਨਾ : 286)

ਪਰ ਸ਼ਰਤ ਹੈ -

"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ।। (ਗ੍ਰਿਹਿ - ਮਰਯਾਦਾ ਵਿੱਚ)
ਗੁਰ ਕੀ ਆਗਿਆ ਮਨ ਮਹਿ ਸਹੈ।।
ਆਪਸ ਕਉ ਕਰਿ ਕਛੁ ਨ ਜਨਾਵੈ।।
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ।।
ਮਨੁ ਬੇਚੈ ਸਤਿਗੁਰ ਕੈ ਪਾਸਿ।।
ਤਿਸੁ ਸੇਵਕ ਕੇ ਕਾਰਜ ਰਾਸਿ।।"

ਇਉਂ ਗੁਰਮਤਿ ਰਹਿਤ ਮਰਯਾਦਾ ਸਿੱਖ ਦੇ ਜੀਵਨ ਦਾ ਆਧਾਰ ਹੈ।

ਦੂਜਾ ਪਹਿਲੂ -

ਸਿੱਖਾਂ ਦੇ ਦਸ ਜਾਂ ਗਿਆਰਾਂ ਜਾਂ ਇਸ ਤੋਂ ਵਧੀਕ ਗੁਰੂ ਕਹਿਣੇ ਸਰਾਸਰ ਮਨਮਤ ਹੈ ਅਤੇ ਸਿੱਖੀ ਨਾਲ ਵੱਡਾ ਧ੍ਰੋਹ ਹੈ। ਸਿੱਖ ਦਾ ਗੁਰੂ ਇੱਕ ਹੈ। ਉਸ ਇਕੋ ਗੁਰੂ ਨੇ ਸਮੇਂ-ਸਮੇਂ ਨਾਲ ਦੱਸ ਕਾਇਆ ਪਲਟੀਆਂ ਹਨ ਪਰ ਹਰ ਕਾਇਆ ਵਿੱਚ ਗੁਰੂ ਜੋਤ ਉਹੋ ਹੀ ਰਹੀ ਹੈ ਅਤੇ ਗੁਰੂ ਦੀ ਜੁਗਤ, ਮਰਜ਼ੀ (ਮਰਯਾਦਾ) ਵੀ ਉਹੋ ਹੀ ਰਹੀ ਹੈ, ਉਹ ਨਹੀਂ ਪਲਟੀ।

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।"

(ਗੁ.ਗ੍ਰੰ.ਸਾ.ਪੰਨਾ : 966)

ਆਖਰ ਵਿੱਚ ਗੁਰੂ ਨੇ ਬਕਾਲੇ ਦੀਆਂ 22 ਮੰਜੀਆਂ ਦਾ ਗੁਰੂ ਡੰਮ ਅਤੇ ਮਸੰਦਾਂ ਦੇ ਹਾਲਤ ਦੇਖ ਕੇ ਸਿੱਖੀ ਸਿਧਾਂਤ ਅਤੇ ਸਿੱਖੀ ਵਿਸ਼ਵਾਸ ਨੂੰ ਹਰ ਤਰ੍ਹਾਂ ਦੇ ਭਟਕਣ ਤੋਂ ਬਚਾਉਣ ਅਤੇ ਹਮੇਸ਼ਾ ਲਈ ਸੁਰੱਖਿਅਤ ਕਰਨ ਲਈ ਦੇਹ (ਕਾਇਆ) ਵੀ ਦਰਮਿਆਨ ਵਿੱਚੋਂ ਹਟਾ ਦਿੱਤੀ। ਗੁਰੂ ਜੋਤ ਗ੍ਰੰਥ ਵਿੱਚ ਟਿਕਾ ਕੇ ਸਿੱਖ ਨੂੰ ਹਮੇਸ਼ਾ ਲਈ ਜੁਗੋ ਜੁਗ ਅਟਲ ਸ਼ਬਦ ਗੁਰੂ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਲੜ ਲਾ ਦਿੱਤਾ ਅਤੇ ਹੁਕਮ ਕੀਤਾ -

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।"

(ਗੁ.ਗ੍ਰੰ.ਸਾ.ਪੰਨਾ : 982)

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।।"

(ਗੁ.ਗ੍ਰੰ.ਸਾ.ਪੰਨਾ : 646)

ਸਿੱਖ ਦਾ ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਇਸੇ ਦੀ ਮਰਜ਼ੀ, ਮਰਯਾਦਾ, ਹੁਕਮ ਸਿੱਖ 'ਤੇ ਲਾਗੂ ਹੁੰਦਾ ਹੈ। ਹੋਰ ਕੋਈ ਵਿਅਕਤੀ, ਡੇਰਾ, ਗ੍ਰੰਥ, ਸੰਪਰਦਾ ਸਿੱਖ 'ਤੇ ਆਪਣੀ ਮਰਯਾਦਾ ਨਹੀਂ ਲਾਗੂ ਕਰ ਸਕਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਜ਼ੀ ਦੇ



ਪ੍ਰਤੀਕੂਲ ਕਿਸੇ ਦੀ ਰਹਿਤ ਮਰਯਾਦਾ ਮੰਨਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਨਹੀਂ ਹੋ ਸਕਦਾ।

"ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪ ਕਮਾਵਹਿ,
ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ।।
ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੈ,
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ।।"

(ਗੁ.ਗ੍ਰੰ.ਸਾ.ਪੰਨਾ : 317)

ਆਓ! ਹੁਣ ਅੱਜ ਦਾ ਦੁਖਾਂਤ ਵਿਚਾਰੀਏ -

ਗੁਰੂ ਨਾਨਕ ਜੀ ਦੇ ਰੂਪ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਕ ਸਿੱਖਾਂ ਦਾ ਗੁਰੂ ਇੱਕ ਹੈ, ਜੋਤ ਇਕ ਹੈ, ਜੁਗਤ ਇੱਕ ਹੈ। ਤਾਂ ਫਿਰ ਸਿੱਖਾਂ ਵਿੱਚ ਵੱਖ-ਵੱਖ ਰਹਿਤ ਮਰਯਾਦਾ ਕਿਉਂ ? ਇਹ ਵੱਖ-ਵੱਖ ਰਹਿਤ ਮਰਯਾਦਾ ਦਾ ਪਾਸਾਰਾ ਅੱਜ ਸਿੱਖੀ ਲਈ ਇਤਨਾ ਭਿਆਨਕ ਜਾਲ ਬਣ ਚੁਕਾ ਹੈ ਕਿ ਸਿੱਖੀ ਸਿਧਾਂਤ ਬੁਰੀ ਤਰ੍ਹਾਂ ਇਸ ਜਾਲ ਵਿੱਚ ਫਸਿਆ ਫੜਫੜਾਉਂਦਾ ਦਮ ਤੋੜਦਾ ਦਿੱਸਦਾ ਹੈ। ਇਹ ਟਕਸਾਲ ਦੀ ਮਰਯਾਦਾ, ਇਹ ਨਿਹੰਗ ਸਿੰਘ ਸੰਪਰਦਾਵਾਂ ਦੀ ਮਰਯਾਦਾ, ਇਹ ਅਖੰਡ ਕੀਰਤਨੀ ਜੱਥੇ ਦੀ ਮਰਯਾਦਾ। ਅੱਗੇ ਚਲ ਕੇ ਇਹ ਸ੍ਰੀ ਹਜ਼ੂਰ ਸਾਹਿਬ ਦੀ, ਇਹ ਪਟਨਾ ਸਾਹਿਬ ਦੀ, ਇਹ ਸ੍ਰੀ ਦਰਬਾਰ ਸਾਹਿਬ ਦੀ, ਸਭ ਦੀ ਵੱਖ-ਵੱਖ ਮਰਯਾਦਾ। ਇਥੋਂ ਤਕ ਕਿ ਸੰਸਾਰ ਦੇ ਹਰ ਹਿੱਸੇ ਵਿੱਚ ਬਣ ਰਹੇ ਗੁਰਦੁਆਰੇ ਦੀ ਉਥੋਂ ਦੇ ਪ੍ਰਬੰਧਕਾਂ ਦੀ ਸੋਚ ਦੇ ਆਧਾਰ 'ਤੇ ਆਪਣੀ-ਆਪਣੀ ਵੱਖ-ਵੱਖ ਮਰਯਾਦਾ ਹੈ। ਗੁਰੂ ਦੀ ਮਰਜ਼ੀ 'ਗੁਰਮਤਿ ਰਹਿਤ ਮਰਯਾਦਾ' ਦੀ ਅਸਲ ਪਛਾਣ ਹੀ ਕੋਈ ਨਹੀਂ ਰਹੀ। ਅਜੀਬ ਘਟਨਾ ਹੈ ਕਿ ਇਸ ਸਭ ਦੇ ਬਾਵਜੂਦ ਪ੍ਰਕਾਸ਼ ਹਰ ਥਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਹੈ, ਹਰ ਥਾਵੇਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਆਖ ਕੇ ਮੱਥਾ ਟੇਕ ਰਿਹਾ ਹੈ। ਬਹੁਤਾਤ ਸੰਪਰਦਾਵਾਂ, ਡੇਰੇਦਾਰ ਤਾਂ ਦੋਗਲੀ ਖੇਡ ਖੇਡ ਰਹੇ ਹਨ, ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਆਪਣਾ ਆਸਨ ਵੀ ਲਾਇਆ ਹੋਇਆ ਹੈ। ਸਿੱਖ ਆਉਂਦਾ ਹੈ, ਇਕ ਮੱਥਾ ਗੁਰੂ ਨੂੰ ਟੇਕਦਾ ਹੈ ਅਤੇ ਇਕ ਮੱਥਾ ਡੇਰੇਦਾਰ ਨੂੰ ਟੇਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿੰਦਾ ਹੈ ਅਤੇ ਡੇਰੇਦਾਰ ਦੀ ਮਰਜ਼ੀ ਦੀ ਮਰਯਾਦਾ 'ਤੇ ਚਲਦਾ ਹੈ। ਇਉਂ ਦੋ ਬੇੜੀਆਂ 'ਤੇ ਲੱਤ ਧਰ ਕੇ ਪਾਰ ਹੋਣਾ ਚਾਹੁੰਦਾ ਹੈ।

ਅਸਲ ਵਿੱਚ ਇਸ ਪਰੇਸ਼ਾਨੀ ਦੀ ਸ਼ੁਰੂਆਤ ਉਸ ਦਿਨ ਤੋਂ ਹੋਈ, ਜਿਸ ਦਿਨ ਤੋਂ ਪੁਰਾਤਨ ਸਿੱਖਾਂ ਦੇ ਨਾਮ ਹੇਠ ਕੁਝ ਵਿਅਕਤੀਗਤ ਲਿੱਖਤਾਂ, ਰਚਨਾਵਾਂ ਨੇ ਸਾਖੀਆਂ ਦੀ ਚੋਰ ਮੋਰੀ ਰਾਹੀਂ ਪ੍ਰਮਾਨਿਕਤਾ ਹਾਸਲ ਕਰਕੇ ਸਿੱਖ ਪੰਥ ਦੇ ਗ੍ਰਹਿ ਪ੍ਰਵੇਸ਼ ਸ਼ੁਰੂ ਕਰ ਦਿੱਤਾ। ਐਸੀਆਂ ਅਨੇਕਾਂ ਪੋਥੀਆਂ, ਲਿੱਖਤਾਂ, ਰਹਿਤਨਾਮੇ ਧੁੰਦਲੀ ਪਿਛੋਕੜ ਪਛਾਣ ਦੀਆਂ ਗਲੀਆਂ ਵਿਚੋਂ ਲੰਘ ਕੇ ਵੀ ਪੰਥ ਦੇ ਵਿਹੜੇ ਆ ਵੜੇ ਅਤੇ ਹੌਲੀ-ਹੌਲੀ ਸਮਾਂ ਬੀਤਣ ਨਾਲ ਉਹ ਗੁਰੂ ਦੀ ਮਰਜ਼ੀ

ਦੀ ਬਰਾਬਰਤਾ ਦਾ ਹੱਕ ਰੱਖਣ ਲੱਗ ਪਏ। ਜਦੋਂ ਕਦੀ ਗੁਰੂ ਦੀ ਮਰਜ਼ੀ ਗੁਰਮਤਿ ਮਰਯਾਦਾ ਜਾਨਣ ਦਾ ਮਸਲਾ ਆਉਂਦਾ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲੋਂ ਪੁੱਛਣ ਦੀ ਥਾਵੇਂ ਉਨ੍ਹਾਂ ਨੂੰ ਵੀ ਕੋਲ ਬਿਠਾ ਕੇ ਪੁੱਛਿਆ ਜਾਂਦਾ। ਹਾਲਾਂਕਿ ਸਿੱਖ ਜਾਣਦਾ ਹੈ ਕਿ ਬਹੁਤੀ ਥਾਵੇਂ ਉਨ੍ਹਾਂ ਸੰਪਰਦਾਵਾਂ, ਡੇਰੇਦਾਰਾਂ, ਪੋਥੀਆਂ, ਰਹਿਤਨਾਮਿਆਂ ਦੀ ਆਪਸ ਵਿੱਚ ਵੀ ਮਰਯਾਦਾ ਨਹੀਂ ਮਿਲਦੀ। ਬਲਕਿ ਇਹਨਾਂ ਵਿਚੋਂ ਕਈ ਰਹਿਤ ਮਰਯਾਦਾ ਤਾਂ ਗੁਰਮਤਿ ਵਿਰੋਧੀ ਨਿਰਾ ਬ੍ਰਾਹਮਨਇਜ਼ਮ ਦਾ ਪੁਲੰਦਾ ਹੀ ਹਨ ਜਾਂ ਸੰਭਵਤਾ ਲਈ ਅਰਥਹੀਨ ਹਨ। ਸਿੱਖ ਦਾ ਗੁਰੂ ਤਾਂ ਇੱਕ ਹੈ ਅਤੇ ਇੱਕ ਹੀ ਸੀ। ਗੁਰੂ ਦੀ ਜੀਵਨ ਜੁਗਤ ਵੀ ਇੱਕ ਹੈ ਅਤੇ ਇੱਕ ਹੀ ਸੀ। ਤਾਂ ਫਿਰ ਇਹਨਾਂ ਡੇਰੇਦਾਰਾਂ ਅਤੇ ਪੋਥੀਆਂ ਦੇ ਰਚਨਹਾਰਿਆਂ ਦੀ ਮਰਯਾਦਾ ਵੱਖ-ਵੱਖ ਕਿਵੇਂ ਹੋ ਗਈ ? ਇਸਦਾ ਮਤਲਬ ਹੈ ਇਹ ਵੀ ਕਿਤੇ ਜ਼ਰੂਰ ਉੱਕ ਗਏ ਹਨ, ਇਨ੍ਹਾਂ ਦੀ ਆਪਣੀ-ਆਪਣੀ ਹਉਮੈ ਵਿੱਚ ਖੜੀ ਹੋਣ ਕਾਰਨ ਗੁਰੂ ਦੀ ਇਕੋ-ਇਕ ਜੁਗਤ ਸਾਇ (ਮਰਯਾਦਾ) ਨਾਲੋਂ ਇਹਨਾਂ ਦੀ ਸਾਂਝ ਕਿਤੇ ਟੁੱਟ ਗਈ ਤੇ ਇਹ ਵੱਖ-ਵੱਖ ਹੋ ਗਏ ਹਨ।

"ਜਬ ਇਨਿ ਅਪੁਨੀ ਅਪਨੀ ਧਾਰੀ॥
ਤਬ ਇਸ ਕਉ ਹੈ ਮੁਸਕਲੁ ਭਾਰੀ॥
ਜਬ ਇਨਿ ਕਰਣੈਹਾਰੁ ਪਛਾਤਾ॥
ਤਬ ਇਸ ਨੋ ਨਾਹੀ ਕਿਛੁ ਤਾਤਾ॥"

(ਗੁ.ਗ੍ਰੰ.ਸਾ.ਪੰਨਾ : 235)

ਅੱਜ ਬਦਕਿਸਮਤੀ ਹੈ ਕਿ ਸਾਡੇ ਕਿਸੇ ਰਾਜਨੀਤਕ ਜਾਂ ਧਾਰਮਿਕ ਆਗੂ ਲਈ ਕੋਈ ਯੋਗਤਾ (qualification) ਜਾਂ ਕਿਸੇ ਵਿਦਿਅਕ ਤਜ਼ਰਬੇ ਦੀ ਲੋੜ ਨਿਸ਼ਚਿਤ ਨਹੀਂ। ਯੋਗਤਾ ਜਾਂ ਅਯੋਗਤਾ ਦਾ ਕੋਈ ਮਸਲਾ ਹੀ ਨਹੀਂ ਬਲਕਿ ਧਨ ਅਤੇ ਧੜਿਆਂ ਦੀ ਸ਼ਕਤੀ ਨਾਲ ਹਰ ਕੋਈ ਰਾਜਨੀਤੀ ਜਾਂ ਧਰਮ ਦੀ ਹਰ ਪਦਵੀ 'ਤੇ ਪਹੁੰਚ ਸਕਦਾ ਹੈ। ਉਸਦਾ ਨਤੀਜਾ ਅਸੀਂ ਅੱਜ ਭੋਗ ਰਹੇ ਹਾਂ। ਆਪਣੇ ਹੀ ਪੰਥਕ ਸਿਧਾਂਤ ਦੀ ਸਮੀਖਿਆ ਤੋਂ ਬਿਲਕੁਲ ਕੋਰੇ, ਦਿਨ ਬਾ-ਦਿਨ ਆਪਣੇ ਬੁਣੇ ਹੋਏ ਜਾਲ ਵਿੱਚ ਹੀ ਫੱਸਦੇ ਚਲੇ ਜਾ ਰਹੇ ਹਾਂ। ਪਿਛਲੇ ਕੁਝ ਸਮੇਂ ਤੋਂ ਵੇਖਿਆ ਜਾ ਰਿਹਾ ਹੈ ਕਿ ਉੱਚ ਪਦਵੀਆਂ 'ਤੇ ਬੈਠੇ ਰਾਜਨੀਤਕ ਜਾਂ ਰਾਜਨੀਤਕ ਸ਼ਕਤੀਆਂ ਤੋਂ ਪ੍ਰਭਾਵਿਤ ਲੋਕ ਕੌਮੀ ਜਾਂ ਧਾਰਮਿਕ ਮਰਯਾਦਾ ਦੇ ਫੈਸਲੇ ਗੁਰਬਾਣੀ ਗੁਰੂ ਤੋਂ ਪੁੱਛੇ ਬਗੈਰ ਸਿਆਸੀ ਪ੍ਰਭਾਵ ਹੇਠ, ਕੁਝ ਮਨਮਰਜ਼ੀ ਦੇ ਲੋਕਾਂ ਦੀ ਕਮੇਟੀਆਂ ਬਣਾ ਕੇ ਐਨੀ ਕਾਹਲੀ ਨਾਲ ਕਰ ਰਹੇ ਹਨ ਜਿਸ ਨਾਲ ਕੌਮ ਜੁੜਨ ਦੀ ਥਾਵੇਂ ਹੋਰ ਲੀਰੋ-ਲੀਰ ਹੋ ਰਹੀ ਹੈ। ਪੂਰੇ ਸਿੱਖ ਪੰਥ ਨਾਲ ਸਬੰਧਤ ਕੋਈ ਮਰਯਾਦਾ ਦਾ ਫੈਸਲਾ ਜਿਹੜਾ ਸਮੁੱਚੀ ਸਿੱਖ ਕੌਮ 'ਤੇ ਲਾਗੂ ਹੋਣਾ ਹੋਵੇ ਉਹ ਕੋਈ ਇਕ-ਦੋ-ਪੰਜ-ਸਤ ਨਿਸ਼ਚਿਤ ਸਿੰਘਾਂ ਦੀ ਕਮੇਟੀ ਨਹੀਂ ਕਰ ਸਕਦੀ। ਉਸਦਾ ਫੈਸਲਾ ਸਮੂਚੇ ਪੰਥਕ ਵਿਚਾਰ ਲੈ ਕੇ ਬਾਣੀ ਗੁਰੂ ਜੀ ਦੇ ਹੁਕਮਾਂ ਦੀ ਰੌਸ਼ਨੀ ਵਿੱਚ ਹੀ ਹੋਣਾ ਚਾਹੀਦਾ ਹੈ।

ਬੀਤੇ ਸਮੇਂ ਵਿੱਚ 1935 ਦੇ ਆਸ-ਪਾਸ ਜਦੋਂ 'ਸਿੱਖ ਰਹਿਤ ਮਰਯਾਦਾ' ਦਾ ਖਰੜਾ ਤਿਆਰ ਕੀਤਾ ਗਿਆ ਤਾਂ ਬੇਸ਼ਕ ਉਸ ਸਮੇਂ ਦੇ ਫੈਸਲੇ ਵੀ ਧੜਿਆਂ ਦੇ ਪ੍ਰਭਾਵ ਤੋਂ ਨਾ ਬਚ ਸਕੇ



ਅਤੇ ਕਈ ਥਾਵੇਂ ਅਧੂਰੇ ਹੀ ਰਹਿ ਗਏ। ਪਰ ਫਿਰ ਵੀ ਕਿਸੇ ਹੱਦ ਤਕ ਇਸ ਉਪਰੋਕਤ ਸਿਸਟਮ ਨੂੰ ਹੀ ਅਪਨਾਇਆ ਗਿਆ। ਕੀ ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਸੀ, ਤਖ਼ਤਾਂ ਦੇ ਜਥੇਦਾਰ ਨਹੀਂ ਸਨ ? ਕੀ ਸ਼੍ਰੋਮਣੀ ਕਮੇਟੀ ਜਾਂ ਤਖ਼ਤਾਂ ਦੇ ਜੱਥੇਦਾਰਾਂ ਨੇ ਖ਼ੁਦ ਫੈਸਲਾ ਕਰਕੇ ਮਰਯਾਦਾ ਦਾ ਖਰੜਾ ਤਿਆਰ ਕਰ ਲਿਆ ? ਐਸਾ ਬਿਲਕੁਲ ਨਹੀਂ ਹੋਇਆ, ਬਲਕਿ ਜਿੱਥੇ-ਜਿੱਥੇ ਵੀ ਸਿੱਖੀ ਵਸੋਂ ਸੀ, ਸਿੰਘ ਸਭਾਵਾਂ, ਧਾਰਮਿਕ ਸੰਸਥਾਵਾਂ, ਦੇਸ਼ਾਂ-ਵਿਦੇਸ਼ਾਂ ਅਮਰੀਕਾ ਅਤੇ ਬਰਮਾ ਆਦਿ ਤੋਂ ਵੀ ਸਿੱਖ ਸੰਗਤਾਂ ਦੇ ਨੁਮਾਇੰਦਿਆਂ ਦੀ ਰਾਏ ਲਈ ਗਈ। ਹਾਲਾਂਕਿ ਉਸ ਵਕਤ ਅੱਜ ਵਾਲੇ ਸਾਧਨ ਨਹੀਂ ਸਨ, ਇਸ ਲਈ ਰਾਏ ਇਕੱਤਰ ਕਰਨ ਵਿੱਚ ਲੰਮਾ ਸਮਾਂ ਲਗ ਗਿਆ। ਅੱਜ ਤਾਂ ਇੰਟਰਨੈਟ ਅਤੇ ਫੈਕਸਾਂ ਰਾਹੀਂ ਇਕ ਦਿਨ ਵਿੱਚ ਸਾਰੇ ਸੰਸਾਰ ਤੋਂ ਸਿੱਖ ਨੁਮਾਇੰਦਿਆਂ ਦੀ ਰਾਇ ਇਕੱਤਰ ਕੀਤੀ ਜਾ ਸਕਦੀ ਹੈ। ਤਾਂ ਫਿਰ ਸਮੂਚੀ ਸਿੱਖੀ 'ਤੇ ਲਾਗੂ ਹੋਣ ਵਾਲੇ ਮਰਯਾਦਾ ਦੇ ਫੈਸਲੇ ਕੁਝ ਸਤਿਕਾਰ ਯੋਗ ਹਸਤੀਆਂ ਵਲੋਂ ਆਪਣੇ ਤੌਰ 'ਤੇ ਹੀ ਕਿਉਂ ਕੀਤੇ ਜਾ ਰਹੇ ਹਨ ? ਭਾਵੇਂ ਲੰਗਰ ਵਿੱਚ ਤਪੜਾਂ ਦਾ ਫੈਸਲਾ ਅਤੇ ਭਾਵੇਂ ਬੈਂਕਟ ਹਾਲਾਂ ਵਿੱਚ ਪ੍ਰਕਾਸ਼ ਕਰਨ ਦਾ ਫੈਸਲਾ ਹੋਇਆ, ਧਾਰਮਿਕ ਪਹਿਲੂ ਅਤੇ ਸਿੱਖ ਸੰਗਤਾਂ ਦੇ ਹਾਲਾਤ ਨੂੰ ਸੰਗਤਾਂ ਨਾਲ ਵਿਚਾਰਨ ਤੋਂ ਬਿਨਾ ਕਾਹਲੀ ਨਾਲ ਕੀਤੇ ਗਏ ਇਹਨਾਂ ਫੈਸਲਿਆਂ ਦੇ ਨਤੀਜੇ ਕੋਈ ਚੰਗੇ ਨਹੀਂ ਨਿਕਲੇ। ਇਹ ਫੈਸਲੇ ਸਮੂਚੀ ਸਿੱਖ ਸੰਗਤ 'ਤੇ ਲਾਗੂ ਵੀ ਨਾ ਹੋ ਸਕੇ, ਕੌਮ ਵਿੱਚ ਖ਼ਤਰਨਾਕ ਤਰੇੜਾਂ ਪੈ ਗਈਆਂ ਅਤੇ ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਹਾਨਤਾ ਨੂੰ ਵੀ ਢਾਹ ਲੱਗੀ।

ਇਕ ਵਾਰ ਅਜਿਹਾ ਹੀ ਨਾਨਕਸ਼ਾਹੀ ਕੈਲੰਡਰ ਦੇ ਮਸਲੇ 'ਤੇ ਹੋਇਆ ਹੈ। ਮੈਂ ਸਮਝਦਾ ਹਾਂ ਜੇਕਰ ਨਾਨਕਸ਼ਾਹੀ ਕੈਲੰਡਰ ਦੇ ਸਬੰਧ ਵਿੱਚ ਜੱਥੇਦਾਰ ਸਾਹਿਬ ਪੰਥਕ ਰਾਏ ਇਕੱਠੀ ਕਰਨਾ ਚਾਹੁੰਦੇ ਸਨ ਤਾਂ ਪੰਥ ਨੂੰ ਆਪ ਸੱਦਾ ਦਿੰਦੇ ਕਿ ਸਾਧ-ਸੰਗਤ ਆਪਣੇ-ਆਪਣੇ ਦੇਸ਼ਾਂ, ਸ਼ਹਿਰਾਂ, ਅਸਥਾਨਾਂ 'ਤੇ ਇਸ ਵਿਸ਼ੇ ਤੇ ਵਿਚਾਰ ਗੋਸ਼ਟੀਆਂ ਕਰਕੇ ਸੰਗਤਾਂ ਦੀ ਰਾਏ ਸਾਨੂੰ ਇਕ ਹਫਤੇ ਵਿੱਚ ਭੇਜੋ। ਪਰ ਇਸ ਦੇ ਉਲਟ ਇਸ ਵਿਸ਼ੇ 'ਤੇ ਵਿਚਾਰ ਗੋਸ਼ਟੀਆਂ ਕਰਨ 'ਤੇ ਰੋਕ ਲਾ ਦਿੱਤੀ ਗਈ ਅਤੇ ਆਪਣੀ ਮਰਜ਼ੀ ਦੇ ਪੰਜ-ਸਤ ਸਿੰਘ ਜਾਂ ਕੁਝ ਸਾਧੂ ਲਿਬਾਸ ਵਿੱਚ ਸਿਆਸੀ ਹੱਥਾਂ ਵਿੱਚ ਖੇਡ ਰਹੇ ਲੋਕਾਂ ਦੀ ਕਮੇਟੀ ਦੀ ਰਿਪੋਰਟ 'ਤੇ ਫੈਸਲਾ ਕਰਨ ਦੀ ਗੱਲ ਆਖ ਕੇ ਇਸ ਜ਼ਰੂਰੀ ਮਸਲੇ ਨੂੰ ਖੁਡੇ ਲਾਈਨ ਲਾ ਦਿੱਤਾ ਗਿਆ। ਹਾਲਾਂਕਿ ਦੇਸ਼-ਵਿਦੇਸ਼ਾਂ ਦਾ ਹਰ ਸੂਝਵਾਨ ਸਿੱਖ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੇ ਹੱਕ ਵਿੱਚ ਸੀ। ਅੱਜ ਸਿੱਖ ਨੂੰ ਤਾਂ ਐਨਾ ਵੀ ਪਤਾ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੀ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਕੀ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦਾ ਕਾਰਜ ਖੇਤਰ ਕੀ ਹੈ ?

ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ 'ਤੇ ਸ਼ੁਸ਼ੋਭਤ ਕਰਨ ਦੇ ਦਿਹਾੜੇ ਤੋਂ ਬਾਅਦ ਕਿਸੇ ਵੀ ਵਿਅਕਤੀ ਨੂੰ (ਭਾਵੇਂ ਉਹ ਕਿਸੇ ਵੀ ਪਦਵੀ 'ਤੇ ਕਿਉਂ ਨਾ ਹੋਵੇ) ਜਾਂ ਵਿਅਕਤੀਆਂ ਦੇ ਕਿਸੇ ਇਕੱਠ ਨੂੰ ਗੁਰੂ ਦੀ ਬਰਾਬਰਤਾ ਜਾਂ ਅਥਾਰਿਟੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਅਸਲ ਗੁਰਮਤਿ ਰਹਿਤ ਮਰਯਾਦਾ ਜਾਨਣ ਅਤੇ ਮਾਨਣ

ਲਈ ਪੰਥ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਹੀ ਬੈਠਣਾ ਪਵੇਗਾ। ਜਦੋਂ ਕਦੀ ਮਰਯਾਦਾ ਦਾ ਮਸਲਾ ਆਵੇ, ਗੁਰਮਤਿ ਜੀਵਨ ਵਾਲੇ ਸੂਝਵਾਨ ਪੰਥਕ ਨੁਮਾਇੰਦੇ ਇਕੱਤਰ ਹੋਣ ਜਾਂ ਜਿਥੇ ਕਿਧਰੇ ਵੀ ਬੈਠੇ ਹੋਣ, ਸਮੁੱਚੇ ਪੰਥਕ ਨੁਮਾਇੰਦਿਆਂ ਦੀ ਰਾਏ ਇਕੱਤਰ ਕੀਤੀ ਜਾਵੇ ਤੇ ਇਉਂ ਮਤਾ ਬਣੇਗਾ। ਫਿਰ ਉਹ ਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੇਸ਼ ਕਰਕੇ ਗੁਰਬਾਣੀ ਗੁਰੂ ਦੀ ਮਰਜ਼ੀ ਦੀ ਕਸਵਟੀ 'ਤੇ ਪਰਖਿਆ ਜਾਵੇ। ਜੇ ਬਾਣੀ ਗੁਰੂ ਪ੍ਰਵਾਨ ਕਰੇ ਇਸ 'ਤੇ ਮੋਹਰ ਲਾਵੇ ਤਾਂ ਫਿਰ ਉਹ ਗੁਰਮਤਾ ਬਣੇਗਾ ਅਤੇ ਤਾਂ ਹੀ ਸਿੱਖ ਰਹਿਤ ਮਰਯਾਦਾ ਵਿੱਚ ਸ਼ਾਮਿਲ ਹੋ ਕੇ ਸਿੱਖ ਦੇ ਜੀਵਨ 'ਤੇ ਲਾਗੂ ਹੋ ਸਕਦਾ ਹੈ।

ਬਦਕਿਸਮਤੀ ਨਾਲ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਸਾਡੇ ਧਰਮ ਅਸਥਾਨਾਂ ਤੇ ਧਾਰਮਿਕ ਪਦਵੀਆਂ 'ਤੇ ਸਿਆਸੀ ਗਲਬਾ ਅਤੇ ਗੁਰਬਾਣੀ ਗੁਰਮਤ ਦੇ ਸੁੱਚੇ ਪ੍ਰਚਾਰ ਦੀ ਅਣਹੋਂਦ ਨੇ ਸਿੱਖੀ ਦੇ ਗਾਡੀ ਰਾਹ ਵਿੱਚ ਅਗਿਆਨਤਾ ਦਾ ਹਨ੍ਹੇਰਾ, ਭਰਮਾਂ ਦੇ ਕੰਡੇ ਖਿਲਾਰ ਦਿੱਤੇ ਹਨ। ਹੁਣ ਤਾਂ ਮਰਯਾਦਾ ਦੇ ਪੱਖੋਂ ਬਹੁਤ ਸਾਰੇ ਪਹਿਲੂਆਂ 'ਤੇ ਭਰਮ ਪੈਦਾ ਹੋ ਗਏ ਹਨ ਜੋ ਅੱਜ **"ਗੁਰਸਿਖਾਂ ਇਕੋ ਪਿਆਰ ਗੁਰ ਮਿਤਾ ਪੁਤਾ ਭਾਈਆਂ"** ਵਿੱਚ ਟਕਰਾਓ ਪੈਦਾ ਕਰਕੇ ਇਸ ਸਿੱਖੀ ਪਰਿਵਾਰ ਨੂੰ ਲੀਰੋ-ਲੀਰ ਕਰ ਰਹੇ ਹਨ। ਇਸ ਭਰਮਾਂ ਦੇ ਹਨ੍ਹੇਰੇ ਨੂੰ ਦੂਰ ਕਰਨ ਲਈ ਵੱਡਾ ਦਿਲ ਕਰਕੇ ਮਰਯਾਦਾ ਸਬੰਧੀ ਉਲਝੇ ਸਾਰੇ ਮਸਲੇ ਉਪਰੋਕਤ ਵਿਧੀ ਅਨੁਸਾਰ ਪੰਥਕ ਵਿਚਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੀ ਮੋਹਰ ਲੁਆ ਕੇ ਸੁਲਝਾਣੇ ਪੈਣਗੇ ਤਾਂ ਕਿ ਰਾਹਾਂ ਦਾ ਹਨ੍ਹੇਰਾ ਦੂਰ ਹੋ ਜਾਵੇ। ਹੁਣ ਤਾਂ ਦੋਖੀ ਖੂੰਖਾਰ ਜਾਨਵਰਾਂ ਦੀਆਂ ਆਵਾਜ਼ਾਂ ਵੀ ਆਮ ਸੁਣਾਈ ਦੇਣ ਲੱਗ ਪਈਆਂ ਹਨ। ਪਤਾ ਨਹੀਂ ਪੰਥਕ ਆਗੂ ਅਖਵਾਉਣ ਵਾਲੇ ਜਾਂ ਜੱਥੇਦਾਰ ਕਦੋਂ ਆਪਣੀਆਂ ਖ਼ੁਦਗਰਜ਼ੀਆਂ ਜਾਂ ਪਦਵੀਆਂ ਦੇ ਨਸ਼ੇ ਦੀ ਨੀਂਦ ਤੋਂ ਜਾਗ ਕੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਗੁਰਮਤਿ ਦਾ **'ਉਜਾਰੋ ਦੀਪਾ'** ਆਪਣੇ ਹੱਥ ਲੈ ਕੇ ਸਿੱਖੀ ਦੇ ਰਾਹਾਂ 'ਤੇ ਖੜ੍ਹੇ ਹੋਣਗੇ ਤਾਂ ਕਿ ਸਿੱਖੀ ਦਾ ਭਵਿੱਖ ਉਜਲਾ ਹੋ ਜਾਵੇ। ਇਹੋ ਅਰਦਾਸ ਹੈ ਕਿ ਸਮਾਂ ਬਦਲੇ ਗੁਰੂ ਬਲ ਬਖਸ਼ੇ।

ਦਾਸ ਵਲੋਂ

ਸ੍ਰੀ ਅਕਾਲ ਤਖ਼ਤ ਸਾਹਿਬ

ਦੇ ਸੇਵਾਕਾਲ ਵਿੱਚ ਮਰਯਾਦਾ ਦੇ ਸਬੰਧ 'ਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁਚੇਤ ਕਰਨਾ

ਅਤੇ ਸ਼੍ਰੋਮਣੀ ਕਮੇਟੀ ਵਲੋਂ ਇਕਸਾਰ ਮਰਯਾਦਾ ਲਾਗੂ ਸਬੰਧੀ

ਇਕ ਵਾਰ ਫੈਸਲਾ ਕਰਨ (ਪਰ ਮੁੜ ਕਮਜ਼ੋਰੀ ਦਿਖਾਈ)

ਦੀਆਂ ਲਿਖਤਾਂ ਇਨ-ਬਿਨ

ਸੰਗਤਾਂ ਦੀ ਜਾਣਕਾਰੀ

ਲਈ ਪੇਸ਼ ਹਨ।

੨੯੭/੧੧-੮੮
੧੦੦੦

੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਦਫ਼ਤਰ

ਸ੍ਰੀ ਅਕਾਲ ਤਖ਼ਤ ਸਾਹਿਬ

Office : SRI AKAL TAKHAT SAHIB, AMRITSAR.

7.01.1988

ਗੁਰੂ ਸਵਾਰੇ ਪ੍ਰਧਾਨ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫਤਹਿ।।

ਸਿੱਖੀ ਸਿਧਾਂਤਾਂ ਦੀ ਰੌਸ਼ਨੀ ਵਿੱਚ ਬਹੁਤ ਵਿਚਾਰ ਕਰਨ ਤੋਂ ਬਾਅਦ ਤੁਹਾਡੇ ਤਕ ਇਕ ਗੱਲ ਪਹੁੰਚਾਉਣ ਲਈ ਮਜਬੂਰ ਹੋਇਆ ਹਾਂ ਕਿ ਸਾਡੇ ਸਿਧਾਂਤ ਅਨੁਸਾਰ ਧਰਮ ਤੇ ਰਾਜਨੀਤੀ ਦਾ ਅਟੁੱਟ ਰਿਸ਼ਤਾ ਹੈ, ਅਲਾਇਦਾ ਨਹੀਂ ਕੀਤਾ ਜਾ ਸਕਦਾ। ਪਰ ਇਸ ਦਾ ਰੂਪ ਇਹ ਹੈ ਕਿ ਹਰ ਸਿੱਖ ਰਾਜਨੀਤਕ, ਰਾਜਨੀਤੀ ਵਿੱਚ ਕਦਮ ਟਿਕਾਉਣ ਤੋਂ ਪਹਿਲਾਂ ਸਿੱਖ ਧਰਮ ਦੇ ਮਾਨਵੀ ਅਸੂਲਾਂ ਨੂੰ ਸਮਝੇ ਤੇ ਰਾਜਨੀਤੀ ਵਿੱਚ ਵੀ ਉਸੇ ਅਨੁਸਾਰ ਚੱਲੇ, ਧਰਮ ਅਸਥਾਨਾਂ ਵਿੱਚ ਰਾਜਨੀਤੀ ਲਈ ਧਾਰਮਿਕ ਸੇਧ ਲੈਣ ਵਾਸਤੇ ਆਵੇ ਤਾਂ ਕਿ ਉਸ ਦੀ ਰਾਜਨੀਤੀ ਵਿੱਚ ਸੱਚਾਈ, ਦ੍ਰਿੜਤਾ, ਇਨਸਾਫ ਜੋ ਧਰਮ ਦੇ ਹੀ ਚਿੰਨ੍ਹ ਹਨ ਨਜ਼ਰੀਂ ਪੈਣ।

ਪਰ ਧਰਮ ਅਸਥਾਨਾਂ ਨੂੰ ਰਾਜਨੀਤਿਕ ਪਿੜ ਬਨਾਉਣ ਨਾਲ ਧਰਮ ਅਸਥਾਨਾਂ ਦੀ ਬੇ-ਅਦਬੀ ਦਾ ਕਾਰਨ ਬਣਦਾ ਹੈ। ਇਸ ਲਈ ਧਰਮ ਅਸਥਾਨ ਦੀਆਂ ਧਾਰਮਿਕ ਸਟੇਜਾਂ ਤੋਂ ਧਰਮ ਪ੍ਰਚਾਰ ਹੀ ਹੋਵੇ ਜਿਸਨੂੰ ਸੁਣਨ ਲਈ ਰਾਜਨੀਤਿਕ ਲੋਕ ਵੀ ਆਉਣ ਅਤੇ ਰਾਜਨੀਤੀ ਲਈ ਸੇਧ ਲੈਣ। ਦੂਸਰਾ ਇਹ ਕਿ ਧਰਮ ਅਸਥਾਨਾਂ ਦੇ ਅੰਦਰ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਦਫਤਰ ਨਹੀਂ ਬਨਣੇ ਚਾਹੀਦੇ। ਗੁਰਦੁਆਰੇ ਅਸਥਾਨ ਦੇ ਸਵੱਛ ਪ੍ਰਬੰਧ ਲਈ ਸਮੁੱਚੀ ਕੌਮ ਵੱਲੋਂ ਤੁਹਾਨੂੰ ਸੌਂਪੀ ਗਈ ਜ਼ਿੰਮੇਵਾਰੀ ਕਾਰਨ ਇਹ ਸੁਝਾਅ ਆਪ ਜੀ ਨੂੰ ਲਿੱਖ ਰਿਹਾ ਹਾਂ ਤੇ ਆਸ ਕਰਦਾ ਹਾਂ ਕਿ ਐਸੇ ਸਾਧਨ ਅਪਨਾਓਗੇ ਜਿਸ ਨਾਲ ਭਵਿੱਖ ਵਿੱਚ ਧਰਮ ਤੇ ਧਰਮ ਅਸਥਾਨਾਂ ਦੀ ਪਵਿੱਤਰਤਾ ਸਿੱਖੀ ਸਿਧਾਂਤ ਸਹੀ ਮਾਇਨਿਆਂ ਵਿੱਚ ਦੁਨੀਆ ਵਿੱਚ ਰੌਸ਼ਨ ਮੁਨਾਰਾ ਬਣ ਸਕੇ।

ਜਿਸ ਤਰ੍ਹਾਂ ਕਿ ਆਪ ਜਾਣਦੇ ਹੀ ਹੋ ਜਿਥੇ ਸਿੱਖ ਰਹਿਤ ਮਰਯਾਦਾ ਜੋ ਸੰਪੂਰਨ ਪੰਥਕ ਧਾਰਮਿਕ ਜੱਥੇਬੰਦੀਆਂ, ਬੁੱਧੀਜੀਵੀਆਂ ਤੇ ਉਸ ਸਮੇਂ ਦੇ ਵਿਦਵਾਨਾਂ ਨੇ ਮਿਲ ਕੇ ਬਣਾਈ ਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਲਾਗੂ ਕਰਨ ਲਈ ਸੌਂਪ ਦਿੱਤੀ। ਮਰਯਾਦਾ ਉਸੇ ਹੀ ਪਹਿਲੇ ਢੰਗ ਨਾਲ ਸੰਪੂਰਨ ਪੰਥ ਦੀ ਮਰਜ਼ੀ ਨਾਲ ਮਰਯਾਦਾ ਵਿੱਚ ਕੋਈ ਤਬਦੀਲੀ ਆਵੇ ਕੋਈ ਹਰਜ਼ ਨਹੀਂ ਪਰ ਜਿਤਨੀ ਦੇਰ ਐਸਾ ਨਾ ਕਰ ਸਕੋ ਪੰਥਕ ਫੈਸਲਿਆਂ ਮੁਤਾਬਿਕ ਬਣਾਈ ਰਹਿਤ ਮਰਯਾਦਾ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨਾ ਤੁਹਾਡਾ ਫਰਜ਼ ਬਣਦਾ ਹੈ।



ਇਕ ਧਾਰਮਿਕ ਆਗੂ ਹੋਣ ਦੇ ਨਾਤੇ ਸਮੂਚੀ ਕੌਮ ਨੂੰ ਆਪਣੇ ਸ਼ੰਕੇ ਸ਼ਿਕਵੇ ਮੇਰੇ ਕੋਲ ਪਹੁੰਚਾਉਣ ਦਾ ਹੱਕ ਹੈ, ਇਸ ਲਈ ਅਕਸਰ ਸੰਗਤਾਂ ਸਿੱਖ ਰਹਿਤ ਮਰਯਾਦਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਧਰਮ ਅਸਥਾਨਾਂ ਤੇ ਸਿੱਖ ਸਭਾਵਾਂ ਵਿੱਚ ਜਦੋਂ ਵੱਖ-ਵੱਖ ਪ੍ਰਚਾਰੀਆਂ ਜਾਂਦੀਆਂ ਹਨ ਤਾਂ ਉਥੋਂ ਭਰਮ ਪੈਦਾ ਹੁੰਦੇ ਹਨ। ਇਸ ਲਈ ਸਿੱਖ ਰਹਿਤ ਮਰਯਾਦਾ ਦਾ ਵੀ ਲਾਗੂ ਕਰਨ ਦਾ ਫੈਸਲਾ ਕਰੋ। ਤਾਂ ਕਿ ਸਮੁੱਚੀ ਸਿੱਖ ਕੌਮ ਨੂੰ ਇਕ ਲੜੀ ਵਿੱਚ ਪ੍ਰੋਇਆ ਜਾ ਸਕੇ।

ਗੁਰੂ ਪੰਥ ਦਾ ਦਾਸ,

- ਸਹੀ/-

(ਪ੍ਰੋ. ਦਰਸ਼ਨ ਸਿੰਘ ਖ਼ਾਲਸਾ)

ਜੱਥੇਦਾਰ,

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

- ਪ੍ਰਧਾਨ ਸਾਹਿਬ,

ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

"ਸ਼੍ਰੋਮਣੀ" ੧ ਓ ਵਾਹਿਗੁਰੂ ਜੀ ਕੀ ਫ਼ਤਹ ॥ ੪੩੪੩੧

ਦਫ਼ਤਰ–ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਦੇ ਅਮਲਕਾਰ/ਪੱਤ੍ਰਕਾ ਨੰ:..29.13./80.....ਮਿਤੀ.....10-12-88.......ਦਾ ਉਤਾਰਾ :–

ਫ਼ਾਈਲ ਨੰ: ______
ਨੱਥੀ ਵਰਕੇ ______
ਹਵਾਲਾ ਚਿੱਠੀ ਨੰ: ______
ਤਾਰੀਖ ______

ਸਮੂਹ ਮੈਨੇਜਰ ਸਾਹਿਬਾਨ,
ਗੁ: ਸਾਹਿਬਾਨ ਸੈਕਸ਼ਨ (85)
ਸ਼੍ਰੋਮਣੀ ਗੁ: ਪ੍ਰ: ਕਮੇਟੀ।।

ਪ੍ਰਯੋਜਨ:- ਪਹਿਲੀ ਚਲੀ ਆ ਰਹੀ ਮਰਿਯਾਦਾ ਬਹਾਲ ਕਰਨ ਬਾਰੇ।

ਪ੍ਰਬੰਧਕ ਕਮੇਟੀ ਦੀ ਇਕਤਰਤਾ ਮਿਤੀ 11-6-88 ਦੇ ਮਤਾ ਨੰਬਰ 11 ਰਾਹੀਂ ਫੈਸਲਾ ਹੋਇਆ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪਹਿਲੀ ਪੁਰਾਣੀ ਲੰਮੇ ਸਮੇ ਤੋਂ ਚਲੀ ਆ ਰਹੀ ਮਰਿਯਾਦਾ ਬਹਾਲ ਕੀਤੀ ਹੈ।

ਬਾਕੀ ਗੁ: ਸਾਹਿਬਾਨ ਵਿਖੇ ਇਸ ਅਨੁਸਾਰ ਹੀ ਮਰਿਯਾਦਾ ਚਲਾਈ ਜਾਵੇ। ਇਸ ਪੁਰ ਸਖਤੀ ਨਾਲ ਅਮਲ ਹੋਵੇ।

ਸਹੀ/- ਕੁਲਵੰਤ ਸਿੰਘ ਐਡੀ: ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ।।

ਦਫ਼ਤਰ :– ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

ਨੰਬਰ 5...3.5.W ਸੇਵਾ ਵਿਖੇ ਮਿਤੀ 15-12-88 ੧੯੮

ਉਪਰੋਕਤ ਉਤਾਰਾ ✓ ਜਥੇਦਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਜੀ। ਦੀ ਸੇਵਾ ਵਿਖੇ ਲੋੜੀਦੀ ਕਾਰਵਾਈ ਕਰਨ ਹਿੱਤ।

ਜੀ ਸੇਵਾ ਵਿਖੇ ਗਿਆਤ/ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।



D

੧੨੬/੭-੮੮/੧੦੦੦

ਤਾਰ ਦਾ ਪਤਾ :
"ਸ਼੍ਰੋਮਣੀ"

੧ ੴ ਵਾਹਿਗੁਰੂ ਜੀ ਕੀ ਫ਼ਤਹ ॥

ਟੈਲੀਫੋਨ ਨੰ:
੪੩੪੩੧

ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਦੇ ਆਰਡਰ/ਪੱਤ੍ਰਕਾ ਨੰ:....3284/8ਹ....ਮਿਤੀ.....2-1-89........ਦਾ ਉਤਾਰਾ :–

ਟੀਲ ਨੰ: ______
ੀ ਵਰਕੇ ______
ਾਲਾ ਚਿੱਠੀ ਨੰ: ______
ੀਖ ______

ਸਮੂਹ ਮੈਨੇਜਰ ਸਾਹਿਬਾਨ,
ਗੁ: ਸਾਹਿਬਾਨ ਸੈਕਸ਼ਨ 85
ਸ਼੍ਰੋਮਣੀ ਗੁ: ਪ੍ਰ: ਕਮੇਟੀ।।

ਪ੍ਰਯੋਜਨ:– ਪਹਿਲੀ ਚਲੀ ਆ ਰਹੀ ਮਰਿਯਾਦਾ ਬਾਰੇ।

ਪ੍ਰਬੰਧਕ ਕਮੇਟੀ ਦੇ ਮਤਾ ਨੰਬਰ 11 ਮਿਤੀ 11-6-88 ਅਤੇ ਇਸ ਦਫਤਰ ਦੀ ਪਤ੍ਰਿਕਾ ਨੰਬਰ 2913 ਮਿਤੀ 10-12-88 ਦੇ ਸਬੰਧ ਵਿਚ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਮਤੇ ਰਾਹੀਂ ਜੋ ਫੈਸਲਾ ਹੋਇਆ ਸੀ ਇਹ ਅਹਿਮ ਪਾਲਸੀ ਮੈਟਰ ਸੀ।

ਇਸ ਲਈ ਦਫਤਰ ਦੀ ਉਕਤ ਪਤ੍ਰਿਕਾ ਪੁਰ ਅਮਲ ਅਗਲੇ ਹੁਕਮਾਂ ਤੀਕ ਰੋਕ ਦਿਤਾ ਜਾਵੇ।

ਸਹੀ/– ਕੁਲਵੰਤ ਸਿੰਘ ਐਡੀ: ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ।।

ਦਫ਼ਤਰ :– ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

ਨੰਬਰ.੬੮੭੭।

ਮਿਤੀ 18-1-89....੧੯੮

ਉਪਰੋਕਤ ਉਤਾਰਾ – ~~ਸਿੰਘ ਸਾਹਿਬ ਗਿ: ਜਗਤਾਰ ਸਿੰਘ ਜੀ~~ [illegible]

ਅੱਜ ਦੀ ਸਿੱਖੀ

ਵਰਲਡ ਸਿੱਖ ਸੰਮੇਲਨ ਅਤੇ ਕੌਂਸਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆਂ ਦੀ ਅਗਵਾਈ ਵਿੱਚ ਸਤੰਬਰ 1995 ਵਿੱਚ ਇਕ ਵਰਲਡ (ਵਿਸ਼ਵ) ਸਿੱਖ ਸੰਮੇਲਨ ਕੀਤਾ ਗਿਆ ਸੀ। ਬੇਸ਼ਕ ਸਿਆਸੀ ਸੂਝਵਾਨ ਲੋਕਾਂ ਨੇ ਪਹਿਲਾਂ ਹੀ ਇਹ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਇਹ ਸੰਮੇਲਨ ਕਿਸੇ ਕੌਮੀ ਲਾਭ ਦੀ ਥਾਵੇਂ ਕੁਝ ਸਿਆਸੀ ਸ਼ਖ਼ਸੀਅਤਾਂ ਦੀ ਨਿੱਜੀ ਨੁਮਾਇਸ਼ ਦਾ ਸਾਧਨ ਹੀ ਬਣਾਇਆ ਜਾ ਰਿਹਾ ਹੈ। ਜੈਸਾ ਵੀ ਹੋਇਆ ਇਹ ਸੰਮੇਲਨ ਬੜੇ ਜੋਰ-ਸ਼ੋਰ ਨਾਲ ਹੋਇਆ। ਭੋਲੀ ਸਿੱਖੀ ਵਿੱਚ ਜੋਸ਼ ਦੀ ਤਾਂ ਕੋਈ ਕਮੀ ਹੀ ਨਹੀਂ ਅਤੇ ਇਹ ਜੋਸ਼ ਉਭਾਰ ਕੇ ਲਾਹਾ ਲੈਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ।

ਸ੍ਰੀ ਅੰਮ੍ਰਿਤਸਰ ਵਿੱਚ ਲੱਖਾਂ ਦਾ ਇਕੱਠ ਹੋਇਆ, ਖ਼ੂਬਸੂਰਤ ਸਟੇਜਾਂ ਸੱਜੀਆਂ, ਇਕ ਗੁਰੂ ਦੀ ਇਕ ਸਰੂਪ ਸਿੱਖੀ ਦੀ ਥਾਵੇਂ ਕਈ ਵੱਖ-ਵੱਖ ਰੂਪ ਅਤੇ ਹਿੱਸਿਆਂ ਨੂੰ ਮਾਨਤਾ ਸੱਦੇ ਦੇ ਕੇ ਵੱਖ-ਵੱਖ ਕਾਨਫਰੰਸਾਂ ਕਰਾਈਆਂ ਗਈਆਂ। ਨਾਮਧਾਰੀ ਕਾਨਫਰੰਸ ਹੋਈ ਤਾਂ ਚਰਚਾ ਦਾ ਵਿਸ਼ਾ ਬਣੀ। ਨਾਮਧਾਰੀ ਵੀਰ ਆਪਣੀ ਥਾਵੇਂ ਸੰਸਾਰ ਸਮਾਜ ਵਿੱਚ ਇਕ ਚੰਗੇ ਜੀਵਨ, ਚੰਗੇ ਗੁਣਾਂ ਅਤੇ ਮਾਣ-ਸਨਮਾਨ ਵਾਲੇ ਲੋਕ ਹਨ ਪਰ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾ ਮੰਨ ਕੇ ਦੇਹ ਧਾਰੀ ਨੂੰ ਗੁਰੂ ਮੰਨਣ ਵਾਲਾ, ਅੱਗ ਦੇ ਦੁਆਲੇ ਲਾਵਾਂ ਲੈ ਕੇ ਵਿਆਹ ਕਰਾਉਣ ਵਾਲਾ ਸਿੱਖ ਮੰਨ ਲਿਆ ਗਿਆ ਹੈ। ਉਦੋਂ ਕਿਸੇ ਨਾ ਸੁਣੀ। ਅੱਜ ਉਹੋ ਲੀਡਰ ਨਾਮਧਾਰੀ ਸਮਾਜ ਵਲੋਂ 16 ਸਾਲ ਪਹਿਲਾਂ ਛਾਪੀ ਗਈ ਅਤੇ ਮਾਰਕਿਟਿੰਗ ਰਾਹੀਂ ਆਮ ਘਰਾਂ ਵਿੱਚ ਪਹੁੰਚ ਚੁਕੀ ਪੁਸਤਕ 'ਪੁਰਖ ਗੁਰੂ' (ਮਨੁੱਖ ਹੀ ਗੁਰੂ) ਵਿਰੁੱਧ ਦਿਖਾਵੇ ਮਾਤਰ ਕਾਵਾਂਰੌਲੀ ਪਾ ਰਹੇ ਹਨ।

ਫਿਰ ਸਹਿਜਧਾਰੀ ਸਿੱਖਾਂ ਦੇ ਨਾਮ ਹੇਠ ਵੱਖਰੀ ਕਾਨਫਰੰਸ ਰੱਖੀ ਗਈ ਤਾਂ ਉਹ ਖੁਲ੍ਹ ਕੇ ਚਰਚਾ ਦਾ ਵਿਸ਼ਾ ਬਣੀ। ਅਸੀਂ ਸਟੇਜਾਂ ਅਤੇ ਪ੍ਰੈਸਾਂ ਰਾਹੀਂ ਬੇਨਤੀ ਕੀਤੀ ਕਿ ਸਹਿਜ ਧਾਰੀ ਸਿੱਖ ਇਕ ਲਫਜ਼ ਹੀ ਨਹੀਂ, ਇਸਨੂੰ ਇਕ ਲਫਜ਼ ਦੀ ਮਾਨਤਾ ਨਾ ਦਿਓ। ਜਦੋਂ ਤਕ ਕੋਈ ਸਹਿਜ ਧਾਰੀ ਹੈ ਉਦੋਂ ਤਕ ਅਜੇ ਸਿੱਖ ਨਹੀਂ। ਅਤੇ ਜਿਸ ਦਿਨ ਸਿੱਖ ਬਣ ਗਿਆ, ਉਸ ਦਿਨ ਸਹਿਜ ਧਾਰੀ ਨਹੀਂ ਰਹੇਗਾ। ਇਨ੍ਹਾਂ ਸਿਆਸੀ ਲੋਕਾਂ ਅਤੇ ਜੱਥੇਦਾਰਾਂ ਕੋਲ ਇਸ ਗੱਲ ਦਾ ਜੁਆਬ ਕੋਈ ਨਹੀਂ ਸੀ ਪਰ ਆਪਣੀਆਂ ਸਿਆਸੀ ਲੋੜਾਂ ਪਿੱਛੇ ਇਸ ਸਹਿਜ ਧਾਰੀ ਕਾਨਫਰੰਸ ਦਾ ਨਾਮ ਬਦਲ ਕੇ ਸ਼ਰਧਾਲੂ ਸਿੱਖਾਂ ਦੀ ਕਾਨਫਰੰਸ ਨਾਮ ਦੇ ਦਿੱਤਾ। ਇਹ ਉਦੋਂ ਵੀ ਅਨਿਆਏਂ ਸੀ, ਸ਼ਰਧਾ ਸਿੱਖੀ ਦਾ ਧੁਰਾ ਹੈ। ਜੇਕਰ ਗੁਰੂ ਦਾ ਹੁਕਮ ਨਾ ਮੰਨ ਕੇ ਰੋਜ਼ ਹਜਾਮਤ ਕਰਨ ਵਾਲਾ ਸ਼ਰਧਾਲੂ

ਸਿੱਖ ਹੈ ਤਾਂ ਕੇਸਾ ਧਾਰੀ, ਦਸਤਾਰ ਧਾਰੀ, ਅੰਮ੍ਰਿਤ ਧਾਰੀ ਸਿੱਖ ਨੂੰ ਕੀ ਆਖੋਗੇ ? ਐਸਾ ਕੁਝ ਭੀ ਨਾ ਸੋਚਿਆ ਗਿਆ ਅਤੇ ਬਹੁਤ ਕੁਝ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸੰਮੇਲਨ 'ਤੇ 100 ਕਰੋੜ ਰੁਪਿਆ ਖ਼ਰਚ ਆਇਆ ਦੱਸਿਆ ਗਿਆ। ਦੇਸ਼ਾਂ-ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀਆਂ ਸੰਗਤਾਂ ਦੇ ਖ਼ਰਚ ਦਾ ਤਾਂ ਅੰਦਾਜ਼ਾ ਹੀ ਕੋਈ ਨਹੀਂ ਸੀ। ਸੰਮੇਲਨ ਦੀ ਸੰਪੰਨਤਾ ਤੋਂ ਬਾਅਦ ਜਦੋਂ ਇਸ ਦੀ ਪ੍ਰਾਪਤੀ ਦਾ ਸੁਆਲ ਉੱਠਿਆ ਤਾਂ ਸੰਗਤਾਂ ਨੂੰ ਇਹ ਕਿਹਾ ਗਿਆ ਕਿ ਇਸ ਸੰਮੇਲਨ ਦੀ ਮੁੱਖ ਪ੍ਰਾਪਤੀ ਹੈ - ਵਰਲਡ ਸਿੱਖ ਕੌਂਸਲ - ਜਿਸਦਾ ਸੁਚੱਜਾ ਫੈਲਾਓ ਸੰਸਾਰ ਦੇ ਕੋਨੇ-ਕੋਨੇ ਵਿੱਚ ਵੱਸਦੇ ਸਿੱਖਾਂ ਨੂੰ ਆਪਣੇ ਖੰਭਾਂ ਹੇਠ ਸੁਰੱਖਿਅਤ ਕਰੇਗਾ। ਇਹ ਵਰਲਡ ਸਿੱਖ ਕੌਂਸਲ ਇਕ ਵਰਲਡ ਸਿੱਖ ਯੂਨਿਵਰਸਿਟੀ ਕਾਇਮ ਕਰੇਗੀ ਅਤੇ ਸਾਰੇ ਸੰਸਾਰ ਦੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੇਸਰੀ ਨਿਸ਼ਾਨ ਸਾਹਿਬ ਹੇਠ ਜਥੇਬੰਦ ਕਰਕੇ ਸਿੱਖੀ ਨੂੰ ਧਾਰਮਕ, ਸਮਾਜਕ ਅਤੇ ਆਰਥਕ ਹਰ ਪੱਖੋਂ ਮਜ਼ਬੂਤ ਕਰਨ ਦੀ ਜ਼ਿੰਮੇਵਾਰ ਹੋਵੇਗੀ।

ਸਾਰੇ ਸੰਸਾਰ ਵਿੱਚ ਬੈਠੇ ਸਿੱਖਾਂ 'ਤੇ ਰਾਜ ਕਰਨ ਦੀ ਸਮਰੱਥਾ ਰੱਖਣ ਵਾਲੀ ਕੌਂਸਲ ਵਿੱਚ ਮੁਖੀ ਕੌਣ ਹੋਵੇ ਅਤੇ ਚਲ ਰਹੀ ਰਵਾਇਤ ਮੁਤਾਬਕ ਕਿਵੇਂ ਕਬਜ਼ਾ ਰੱਖਿਆ ਜਾ ਸਕੇ, ਬਸ ਕਈ ਵੀਰ ਤਾਂ ਦੂਹਰੇ-ਦੂਹਰੇ ਨਾਵਾਂ ਹੇਠ ਮੈਂਬਰ ਬਣ ਗਏ। ਦੇਸ਼-ਵਿਦੇਸ਼ਾਂ ਵਿੱਚ ਜੋਸ਼ ਅਤੇ ਪਿਆਰ ਵਾਲੀਆਂ ਸੰਗਤਾਂ ਨੂੰ ਤਨ ਮਨ ਧਨ ਰਾਹੀਂ ਰਜਵੀਂ ਸੇਵਾ ਕਰਕੇ ਇਸ ਵਰਲਡ ਸਿੱਖ ਕੌਂਸਲ ਨੂੰ ਮਜ਼ਬੂਤ ਕਰਨ ਵਾਸਤੇ ਆਖਣ ਲਈ ਦੇਸ਼ ਤੋਂ ਵਿਦੇਸ਼ਾਂ ਵਿੱਚ ਉੱਚੀਆਂ-ਉੱਚੀਆਂ ਧਾਰਮਕ ਅਤੇ ਸਿਆਸੀ ਹਸਤੀਆਂ ਨੇ ਕਈ-ਕਈ ਵਾਰ ਚਰਨ ਫੇਰੀਆਂ ਪਾਈਆਂ। ਪਤਾ ਨਹੀਂ ਇਸ ਭੋਲੀ ਅਤੇ ਦਾਨੀ ਕੌਮ ਨੇ ਕੀ ਕੁਝ ਦਿੱਤਾ ਅਤੇ ਉਹ ਕਿਥੇ ਗਿਆ, ਇਹ ਤਾਂ ਉਹੋ ਹੀ ਜਾਣਦੇ ਹਨ।

ਪਰ ਇਹ ਵਰਲਡ ਸਿੱਖ ਕੌਂਸਲ ਇਕ ਸਾਲ ਤੋਂ ਬਾਅਦ ਹੀ ਵਿਵਾਦ ਗ੍ਰਸਤ ਹੋਣੀ ਸ਼ੁਰੂ ਹੋ ਗਈ। ਆਖਰ ਇਹ ਵਿਵਾਦ ਸਪਸ਼ਟ ਰੂਪ ਵਿੱਚ ਕੌਮ ਦੇ ਸਾਹਮਣੇ ਉਸ ਦਿਨ ਆਇਆ ਜਿਸ ਦਿਨ ਐਕਟਿੰਗ ਜੱਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਜੀ ਦੀ ਥਾਵੇਂ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਰਣਜੀਤ ਸਿੰਘ ਜੀ ਆ ਬਿਰਾਜੇ। ਕੌਂਸਲ ਦੇ ਸੰਵਿਧਾਨ ਮੁਤਾਬਕ ਨਵੇਂ ਜੱਥੇਦਾਰ ਭਾਈ ਰਣਜੀਤ ਸਿੰਘ ਜੀ ਹੀ ਸਰਪ੍ਰਸਤ ਬਣ ਗਏ ਅਤੇ ਕੌਂਸਲ ਦੇ ਅੰਦਰੂਨੀ ਸਾਰੇ ਹਾਲਾਤ ਉਨ੍ਹਾਂ ਤਕ ਪੁੱਜ ਗਏ। ਚਰਚਾ ਵੱਧ ਗਈ ਕਿ ਜੱਥੇਦਾਰ ਪ੍ਰੋ. ਮਨਜੀਤ ਸਿੰਘ ਜੀ ਨੇ ਇਕ ਪ੍ਰਾਈਵੇਟ ਟਰੱਸਟ ਕਿਵੇਂ ਤੇ ਕਿਉਂ ਬਣਾਇਆ ਅਤੇ ਇਕ ਪ੍ਰਾਈਵੇਟ ਰਿਹਾਇਸ਼ੀ ਕਾਲੋਨੀ ਕੱਟ ਕੇ ਪਲਾਟ ਵੇਚੇ ਗਏ। ਆਖਰ ਇਹ ਵਿਵਾਦ ਉਸ ਦਿਨ ਜੰਗੀ ਰੂਪ ਧਾਰਨ ਕਰ ਗਿਆ ਜਿਸ ਦਿਨ ਜੱਥੇਦਾਰ ਭਾਈ ਰਣਜੀਤ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਕਾਇਦਾ ਮੀਟਿੰਗ ਬੁਲਾ ਕੇ ਕੌਂਸਲ ਦਾ ਚੇਅਰਮੈਨ ਬਦਲ ਕੇ ਜਸਟਿਸ ਕੁਲਦੀਪ ਸਿੰਘ ਜੀ ਨੂੰ ਚੇਅਰਮੈਨ ਬਣਾ ਦਿੱਤਾ। ਨਾਲ ਹੀ ਪ੍ਰੋਫੈਸਰ ਮਨਜੀਤ ਸਿੰਘ ਜੀ ਅਤੇ ਸਕੱਤਰ ਸ੍ਰ. ਜਸਵੰਤ ਸਿੰਘ ਮਾਨ ਨੂੰ ਕੌਂਸਲ ਦਾ ਪਿਛਲਾ ਸਾਰਾ ਹਿਸਾਬ-ਕਿਤਾਬ ਦੇਣ ਲਈ ਆਖਿਆ।

ਪਤਾ ਨਹੀਂ ਭਾਈ ਰਣਜੀਤ ਸਿੰਘ ਜੀ ਇਹ ਜਾਣਦੇ ਨਹੀਂ ਸਨ ਕਿ ਅੱਜ ਦੇ ਯੁੱਗ

ਵਿੱਚ ਇਸ ਕੌਮ ਦਾ ਇਹ ਰਿਵਾਜ਼ ਨਹੀਂ ਰਿਹਾ। ਆਏ ਦਿਨ ਅਕਾਲੀ ਦਲ, ਕੌਂਸਲਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣਦੀਆਂ ਹਨ ਅਤੇ ਜਦੋਂ ਕਦੀ ਬੜੀ ਮੁਸ਼ਕਲ ਨਾਲ ਬਦਲਦੀਆਂ ਹਨ ਤਾਂ ਭਾਗਾਂ ਨਾਲ ਹੀ ਕਿਸੇ ਨਵੀਂ ਕਮੇਟੀ ਨੂੰ ਪਹਿਲਾ ਹਿਸਾਬ-ਕਿਤਾਬ ਮਿਲਦਾ ਹੈ। ਉਹੋ ਕੁਝ ਹੋਇਆ, ਹਿਸਾਬ-ਕਿਤਾਬ ਮੰਗਣ ਦੀ ਦੇਰ ਸੀ ਕਿ ਜੁਆਬੀ ਦਰ ਜੁਆਬੀ ਹਮਲੇ ਸ਼ੁਰੂ ਹੋ ਗਏ ਤੇ ਇਨ੍ਹਾਂ ਹਮਲਿਆਂ ਵਿੱਚ ਵਰਤੇ ਗਏ ਇਲਜ਼ਾਮੀ ਬਾਰੂਦ ਦੀ ਕਾਲਖ ਨੇ ਪਵਿੱਤ੍ਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਉੱਚ ਧਾਰਮਿਕ ਪਦਵੀਆਂ 'ਤੇ ਵੀ ਸੁਆਲੀਆ ਚਿੰਨ੍ਹ ਲਾ ਦਿੱਤੇ। ਆਖਰ ਇਕ ਵਕਤ ਸਨਾਸ਼ ਧਿਰ ਨੇ ਪੁਰਾਨੀ ਸਿਆਸੀ ਨੀਤੀ ਵਰਤਦਿਆਂ ਝੁਕ ਕੇ ਵਕਤ ਦੇ ਹਾਕਮ ਦੀ ਸ਼ਰਨ ਲੈ ਲਈ ਅਤੇ ਸਿਆਸੀ ਧਿਰ ਦੀ ਸ਼ਕਤੀ ਨਾਲ ਭਾਈ ਰਣਜੀਤ ਸਿੰਘ ਜੀ ਨੂੰ ਪਲਾਂ ਵਿੱਚ ਧੱਕ ਕੇ ਮੈਦਾਨ ਵਿੱਚੋਂ ਬਾਹਰ ਕੱਢ ਦਿੱਤਾ। ਅਤੇ ਨਵੇਂ ਆਏ ਜੱਥੇਦਾਰ ਗਿਆਨੀ ਪੂਰਨ ਸਿੰਘ ਜੀ ਨੂੰ ਆਰਜ਼ੀ ਵਕਤੀ ਮਿੱਤਰਤਾ ਦੇ ਘੇਰੇ ਵਿੱਚ ਲੈ ਕੇ ਵਰਲਡ ਸਿੱਖ ਕੌਂਸਲ ਹੀ ਭੰਗ ਕਰਾ ਦਿੱਤੀ। ਤਾਂ ਕਿ 'ਨਾ ਹੋਵੇ ਬਾਂਸ ਨਾ ਬਜੇ ਬਾਂਸੁਰੀ', ਕੋਈ ਹਿਸਾਬ-ਕਿਤਾਬ ਮੰਗਣ ਵਾਲਾ ਹੀ ਨਾ ਰਹੇ।

ਵਰਲਡ ਸਿੱਖ ਸੰਮੇਲਨ ਅਤੇ ਕੌਂਸਲ

ਅੱਜ ਉਸੇ ਹੀ ਜਸਟਿਸ ਕੁਲਦੀਪ ਸਿੰਘ ਜੀ ਵੱਲੋਂ ਕਿਸੇ ਕੌਮੀ ਵਿਸ਼ੇ 'ਤੇ ਕਰਾਏ ਜਾ ਰਹੇ ਸੈਮੀਨਾਰ ਜਾਂ ਮੀਟਿੰਗ ਨੂੰ ਇਕ ਕਾਮਰੇਡਾਂ ਦਾ ਇਕੱਠ ਆਖ ਕੇ ਅਰਥਹੀਨ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਇਉਂ ਕੌਮ ਦੇ 100 ਕਰੋੜ ਤੋਂ ਊਪਰ ਖ਼ਰਚ ਹੋ ਕੇ ਕੌਮੀ ਸੱਧਰਾਂ ਵਿੱਚੋਂ ਜਨਮ ਲੈਣ ਵਾਲੀ '**ਵਰਲਡ ਸਿੱਖ ਕੌਂਸਲ**' ਦਾ ਆਖਰ ਇੱਕੋ ਹੀ ਝਟਕੇ ਨਾਲ ਅੰਤ ਹੋ ਗਿਆ।

❖

ਖੁਲ੍ਹੀ ਚਿੱਠੀ

ਨਾਨਕਸ਼ਾਹੀ ਕੈਲੰਡਰ ਬਾਰੇ

13 ਫਰਵਰੀ 2000

ਮੈਂ ਕੁਝ ਸਮੇਂ ਤੋਂ ਲਗਾਤਾਰ ਰਾਜਨੀਤਿਕ ਅਤੇ ਧਾਰਮਿਕ ਆਗੂਆਂ ਵਿੱਚ ਚਲ ਰਹੇ ਸੰਘਰਸ਼ ਤੋਂ ਡੂੰਘੀ ਨਿਰਾਸਤਾ ਕਾਰਨ ਖਾਮੋਸ਼ ਰਿਹਾ ਹਾਂ। ਜੇਕਰ ਇਸ ਨਾਲ ਸਿਰਫ ਸਿੱਖ ਆਗੂਆਂ ਦੀ ਸਿਆਸੀ ਸੱਤਾ ਦਾ ਨੁਕਸਾਨ ਹੀ ਹੁੰਦਾ ਤਾਂ ਸਿੱਖ ਆਗੂਆਂ ਵਲੋਂ 'ਪਾਇਂ ਕੁਹਾੜਾ ਮਾਰਿਆ ਗਾਫਲ ਅਪਨੇ ਹਾਥ' ਸਮਝ ਕੇ ਅਜੇ ਵੀ ਖਾਮੋਸ਼ ਹੀ ਰਹਿੰਦਾ। ਪਰ ਜਦੋਂ ਅੱਜ ਸਿੱਖ ਦੇ ਕੌਮੀ ਸਿਧਾਂਤ ਅਤੇ ਧਾਰਮਿਕ ਸ਼ਕਤੀ ਨੂੰ ਬਰਬਾਦ ਕਰਨ ਵਾਲਾ ਇਹ ਸਾਜਸ਼ੀ ਹੜ੍ਹ ਸਾਡੇ ਮੁਖ ਧਾਰਮਿਕ ਅਸਥਾਨਾਂ, ਧਾਰਮਿਕ ਪਦਵੀਆਂ ਅਤੇ ਮੁੱਖ ਸੰਸਥਾਵਾਂ ਨੂੰ ਭੀ ਆਪਣੀਆਂ ਮਾਰੂ ਲਹਿਰਾਂ ਵਿੱਚ ਸਮੇਟ ਲੈਣ ਤਕ ਪੁੱਜ ਗਿਆ ਹੈ ਤਾਂ ਕੌਮ ਦੀ ਜਾਗ੍ਰਿਤੀ ਲਈ ਕੁਝ ਬੋਲਣਾ ਲਿਖਣਾ ਜ਼ਰੂਰੀ ਸਮਝਦਾ ਹਾਂ।

ਸਭ ਤੋਂ ਪਹਿਲਾਂ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੀਰ ਜੀਓ, ਮੈਂ ਕਿਸੇ ਵਿਅਕਤੀ ਵਿਸ਼ੇਸ਼ ਦੇ ਸਬੰਧ ਵਿੱਚ ਨਹੀਂ ਲਿੱਖ ਰਿਹਾ, ਕੇਵਲ ਅੱਜ ਜਿਹੜਾ ਮੁੱਦਾ ਤੁਹਾਡੇ ਅਤੇ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਰਮਿਆਨ ਉਲਝਣ ਬਣਿਆ ਹੋਇਆ ਹੈ, ਇਹ ਨਹੀਂ ਸੀ ਬਣਨਾ ਚਾਹੀਦਾ। ਸਿੱਖ ਵਿਰੋਧੀ ਸੋਚ ਜਿਹੜੀ ਸਦੀਆਂ ਤੋਂ ਸਿੱਖ ਦੀ ਵੱਖਰੀ ਪਛਾਣ ਅਤੇ ਹੋਂਦ ਨੂੰ ਨਾ ਕਬੂਲ ਕਰਕੇ ਖ਼ਤਮ ਕਰਨ ਦੇ ਮਨਸੂਬੇ ਬਣਾ ਰਹੀ ਹੈ, ਉਸੇ ਦੀ ਇਕ ਕੜੀ ਹੈ। ਦੇਖਿਓ

ਕਿਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਮ ਅਤੇ ਪਦਵੀ ਨੂੰ ਇਸ ਸਾਜਸ਼ ਵਿੱਚ ਨਾ ਵਰਤ ਲਿਆ ਜਾਵੇ।

ਸਿੰਘ ਸਾਹਿਬ, ਪਿਛਲੇ ਦਿਨੀਂ ਤੁਹਾਡੀ ਜ਼ਬਾਨੋ ਨਿਕਲਿਆ ਇਹ ਸ਼ਬਦ ਚਰਚਾ ਦਾ ਵਿਸ਼ਾ ਬਣਿਆ ਰਿਹਾ ਕਿ ਸਿੱਖ ਹਿੰਦੂਆਂ ਵਿਚੋਂ ਹੀ ਪੈਦਾ ਹੋਏ ਹਨ, ਹਿੰਦੂ ਹੀ ਹਨ, ਕਿਤੇ ਅਸਮਾਨ ਤੋਂ ਨਹੀਂ ਆਏ, ਅਸੀਂ ਰਾਮ ਦੇ ਪੁੱਤਰ ਲਵ ਕੁਸ਼ ਦੀ ਸੰਤਾਨ ਹਾਂ। ਤੁਹਾਡੇ ਇਸ ਕਥਨ ਨਾਲ ਸਾਧਾਰਨ ਸਿੱਖ ਦੇ ਮਨ ਨੂੰ ਬਹੁਤ ਠੇਸ ਪਹੁੰਚੀ। ਅਤੇ ਹੁਣ ਤੁਸੀਂ ਨਾਨਕ ਸ਼ਾਹੀ ਕੈਲੰਡਰ ਦੇ ਜਾਰੀ ਕਰਨ ਵਿੱਚ ਵੱਡੀ ਰੁਕਾਵਟ ਬਣ ਖਲੋਤੇ ਹੋ। ਕੁਝ ਭੇਖਧਾਰੀ ਅਤੇ ਕੁਝ ਸਾਜਸ਼ੀ ਲੋਕ ਤੁਹਾਡਾ ਸਾਥ ਦੇ ਰਹੇ ਹਨ। ਕਰੀਬ 22 ਵਰ੍ਹੇ ਪਹਿਲਾਂ ਇਕ ਕੀਰਤਨੀਏ ਕੋਲੋਂ ਬਚਿੱਤਰ ਨਾਟਕ ਦੇ ਆਧਾਰ 'ਤੇ ਗੁਰੂ ਬੰਸਾਵਲੀ ਦਾ ਸ਼ਬਦ ਸੁਣ ਕੇ ਮੈਂ ਉਸ ਵੀਰ ਨੂੰ ਬੇਨਤੀ ਕੀਤੀ ਸੀ ਕਿ ਦਸਮ ਗ੍ਰੰਥ ਨਾਮ ਹੇਠ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਅਜੇ ਪੰਥਕ ਫੈਸਲੇ ਅਨੁਸਾਰ ਪ੍ਰਵਾਨ ਨਹੀਂ ਕੀਤਾ ਗਿਆ ਹੈ, ਇਸ ਲਈ ਐਸਾ ਪ੍ਰਚਾਰ ਨਾ ਕਰੋ, ਕਿਤੇ ਆਪੇ ਬਖੇਰੇ ਰਾਹਾਂ ਦੇ ਕੰਡੇ ਮੁੜ ਚੋਂਗਣੇ ਔਖੇ ਨਾ ਹੋ ਜਾਣ।

ਸਿੰਘ ਸਾਹਿਬ ! ਸਿੱਖ ਇੱਕ ਵੱਖਰੀ ਕੌਮ ਹੈ ਅਤੇ ਸੰਪੂਰਨ ਕੌਮੀ ਵਿਰਸੇ ਦੀ ਮਾਲਕ ਹੈ, ਇਸਦੀ ਆਪਣੀ ਅੱਡਰੀ ਹੋਂਦ ਨੂੰ ਪ੍ਰਵਾਨ ਕਰੋ ਜੀ। ਆਪ ਜੀ ਜਾਣਦੇ ਹੋ ਗੁਰਮਤਿ ਅੰਦਰ ਸੁਦੀਆਂ, ਵਦੀਆਂ, ਮੱਸਿਆ, ਪੂਰਨਮਾਸ਼ੀਆਂ, ਸੰਗਰਾਂਦਾਂ ਲਈ ਕੋਈ ਵਿਸ਼ੇਸ਼ ਥਾਂ ਨਹੀਂ। ਇਸ ਲਈ ਗੁਰੂ ਅਰਜਨ ਪਾਤਸ਼ਾਹ ਜੀ ਦੇ ਸ਼ਹੀਦੀ ਪੁਰਬ ਨੂੰ ਜੇਠ ਸੁਦੀ ਚੌਥ ਜਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਕਤਕ ਪੂਰਨਮਾਸ਼ੀ ਆਖ ਕੇ ਵਿਸ਼ੇਸ਼ਤਾ ਦੇਣੀ, ਜਾਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਪ੍ਰਗਟ ਹੋਣ ਦੇ ਦਿਹਾੜੇ ਨੂੰ ਪੋਹ ਸੁਦੀ ਸਪਤਮੀ ਆਖ ਕੇ ਸੰਬੋਧਨ ਕਰਨਾ ਜ਼ਰੂਰੀ ਨਹੀਂ ਹੈ। ਜਦੋਂ ਅੱਜ ਸਿੱਖ ਕੌਮ ਦਾ 99 ਪ੍ਰਤੀਸ਼ਤ ਹਿੱਸਾ ਸੁਦੀਆਂ, ਵਦੀਆਂ ਦੇ ਨਾਮ ਤਕ ਦੀ ਜਾਣ-ਪਛਾਣ ਨਹੀਂ ਰੱਖਦਾ। ਫਿਰ ਅੱਜ ਸਿੱਖ ਦੁਨੀਆ ਦੇ ਐਸੇ ਹਿੱਸਿਆਂ ਵਿੱਚ ਭੀ ਰਹਿੰਦੇ ਹਨ ਜਿਥੇ ਪੰਜਾਬੀ ਹਿੰਦੀ ਦੀਆਂ ਜੰਤਰੀਆਂ ਪਤਰੀਆਂ ਨਹੀਂ ਪੁੱਜਦੀਆਂ। ਉਨ੍ਹਾਂ ਸਿੰਘਾਂ ਨੂੰ ਗੁਰ ਪੁਰਬਾਂ ਦੀਆਂ ਤਾਰੀਖਾਂ ਜਾਨਣ ਵਿੱਚ ਔਖ ਹੁੰਦੀ ਹੈ ਕਿਉਂਕਿ ਪਹਿਲੇ ਗ੍ਰਹਿ ਨਿਛਤਰਾਂ ਦੇ ਆਧਾਰ 'ਤੇ ਪੰਡਤਾਂ ਦੀ ਪਤਰੀ ਛੱਪਦੀ ਹੈ, ਫਿਰ ਪੰਡਤਾਂ ਦੀ ਪਤਰੀ ਵਿੱਚ ਨਿਸ਼ਚਿਤ ਹੋਈਆਂ ਵਦੀਆਂ ਸੁਦੀਆਂ ਦੇ ਆਧਾਰ 'ਤੇ ਸਾਡੇ ਗੁਰ ਪੁਰਬਾਂ ਦੀਆਂ ਤਾਰੀਖਾਂ ਨਿਸ਼ਚਿਤ ਹੁੰਦੀਆਂ ਹਨ। ਇਉਂ ਅਸੀਂ ਕਿਸੇ ਦੇ ਫੈਸਲਿਆਂ ਨੂੰ ਉਡੀਕਦੇ ਰਹਿੰਦੇ ਹਾਂ। ਪੰਡਤ ਵੱਲੋਂ ਕਈ ਵਾਰ ਦੋ-ਦੋ ਤਿੱਥਾਂ ਬਣਾ ਦੇਣ ਨਾਲ ਸਾਡੇ ਪੁਰਬਾਂ ਦੇ ਦਿਹਾੜੇ ਹੋਰ ਅਨਿਸ਼ਚਿਤ ਹੋ ਜਾਂਦੇ ਹਨ। ਆਖਰ ਇਹ ਸਭ ਕੁਝ ਕਿਉਂ ?

ਗੁਰੂ ਕਰਕੇ ਕਤਕ ਪੂਰਨਮਾਸ਼ੀ ਨੂੰ ਮਾਨ ਮਿਲਿਆ ਹੈ ਨਾ ਕਿ ਪੂਰਨਮਾਸ਼ੀ ਕਰਕੇ ਗੁਰੂ ਦੀ ਮਹਾਨਤਾ ਹੈ। ਪੂਰਨਮਾਸ਼ੀਆਂ ਤਾਂ ਸਾਲ ਵਿੱਚ ਗਿਆਰਾਂ ਹੋਰ ਵੀ ਆਉਂਦੀਆਂ ਹਨ, ਇਹ ਗੱਲ ਵੱਖਰੀ ਹੈ ਕਿ ਜਿਸ ਦਿਨ ਗੁਰੂ ਨਾਨਕ ਆਏ, ਉਸ ਦਿਨ ਪੂਰਨਮਾਸ਼ੀ ਹੋਵੇਗੀ ਹਾਲਾਂਕਿ ਇਤਿਹਾਸਕ ਪੱਖੋਂ ਇਹ ਵੀ ਅਜੇ ਉਲਝਨ ਹੈ। ਮੰਨ ਲਓ, ਪੂਰਨਮਾਸ਼ੀ ਹੀ ਹੋਵੇ ਪਰ

ਉਸ ਦਿਨ ਕੋਈ ਤਾਰੀਖ ਵੀ ਤਾਂ ਹੋਵੇਗੀ। ਫਿਰ ਤੁਸੀਂ ਉਸ ਤਾਰੀਖ ਨੂੰ ਛੱਡ ਕੇ ਪੂਰਨਮਾਸ਼ੀ ਨੂੰ ਕਿਉਂ ਮਹਾਨਤਾ ਦਿੰਦੇ ਹੋ। ਉਸ ਤਾਰੀਖ ਨੂੰ ਮਹਾਨ ਮੰਨ ਲਓ ਜੋ ਹਮੇਸ਼ਾ ਇਕ ਰਹੇਗੀ ਕਦੇ ਬਦਲੇਗੀ ਨਹੀਂ ਅਤੇ ਸਾਧਾਰਨ ਸਿੱਖਾਂ ਅਤੇ ਬੱਚਿਆਂ ਨੂੰ ਹਰ ਥਾਵੇਂ ਯਾਦ ਰਹੇਗੀ। ਇਸੇ ਆਧਾਰ 'ਤੇ ਹਰ ਗੁਰ ਪੁਰਬ ਦਾ ਫੈਸਲਾ ਕਰਕੇ ਸਿੱਖ ਕੌਮ ਦਾ ਆਪਣਾ ਨਾਨਕ ਸ਼ਾਹੀ ਕੈਲੰਡਰ ਛਾਪਣ ਦਾ ਫੈਸਲਾ ਕੀਤਾ ਗਿਆ। ਜੇ ਕਿਸੇ ਪੁਰਬ ਸਬੰਧੀ ਕਿਸੇ ਤਾਰੀਖ ਦਾ ਮਤਭੇਦ ਸੀ ਤਾਂ ਉਹ ਵੀ ਪੁਰਾਣੇ ਸਮੇਂ ਦੇ ਕੈਲੰਡਰਾਂ ਦੀ ਖੋਜ ਦੇ ਆਧਾਰ 'ਤੇ ਵਿਦਵਾਨਾਂ ਕੋਲੋਂ ਬਾ-ਦਲੀਲ ਫੈਸਲਾ ਲਿਆ ਜਾ ਸਕਦਾ ਹੈ। ਪਰ ਨਾਨਕ ਸ਼ਾਹੀ ਕੈਲੰਡਰ ਲਾਗੂ ਕਰਨਾ ਸਿੱਖ ਕੌਮ ਦੇ ਭਵਿੱਖ ਲਈ ਇਕ ਨਿਗਰ ਅਤੇ ਉਸਾਰੂ ਕਦਮ ਮੰਨਿਆਂ ਜਾਵੇਗਾ, ਇਸ ਵਿੱਚ ਰੁਕਾਵਟ ਕਿਉਂ ?

ਸਿੰਘ ਸਾਹਿਬ, ਮੈਂ ਸਮਝਦਾ ਹਾਂ ਤੁਹਾਡੇ ਅਤੇ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਦਰਮਿਆਨ ਇਹ ਬੇਲੋੜਾ ਵਾਦ ਵਿਵਾਦ ਪੈਦਾ ਹੋਣ ਪਿੱਛੇ ਕਿਸੇ ਮੁੱਖ ਸਿਆਸੀ ਆਗੂ ਦਾ ਆਪਣਾ ਸਿਆਸੀ ਮੁਫਾਜ਼ ਕੰਮ ਕਰ ਰਿਹਾ ਹੈ।

ਸਿੰਘ ਸਾਹਿਬ, ਮੈਂ ਆਸ ਕਰਦਾ ਹਾਂ ਕਿ ਆਪ ਜੀ ਸਾਜਸ਼ੀ ਲੋਕਾਂ ਦੀ ਸਾਜਸ਼ ਨੂੰ ਪਛਾਣਦੇ ਹੋਏ ਅਤੇ ਇਸ ਮਸਲੇ ਨੂੰ ਆਪਣਾ ਵਕਾਰ ਨਾ ਬਣਾ ਕੇ ਨਾਨਕ ਸ਼ਾਹੀ ਕੈਲੰਡਰ ਲਾਗੂ ਕਰਨ ਵਿੱਚ ਸਹਾਇਕ ਹੋਵੋਗੇ। ਜਦੋਂ ਕਦੀ ਮਿਲ ਬੈਠੇ ਤਾਂ ਇਸ ਮਸਲੇ 'ਤੇ ਗੁਰਬਾਣੀ ਦੀ ਪਵਿੱਤਰ ਪ੍ਰੇਰਨਾ ਵੀ ਆਪ ਜੀ ਨਾਲ ਸਾਂਝੀ ਕਰਾਂਗਾ।

ਗੁਰੂ ਪੰਥ ਦਾ ਦਾਸ,

-ਸਹੀ/-
ਦਰਸ਼ਨ ਸਿੰਘ 'ਖ਼ਾਲਸਾ'
ਸਾਬਕਾ ਜੱਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ

ਸਿੱਖ ਜਾਂ ਸਰਕਾਰ

ਇਸ ਲੇਖ ਰਾਹੀਂ 1997 ਵਿੱਚ ਬੀ.ਜੇ.ਪੀ. ਨਾਲ ਮਿਲਕੇ ਅਕਾਲੀ ਸਰਕਾਰ ਬਣਦਿਆਂ ਹੀ ਸਿੱਖੀ ਵਲੋਂ ਮੂੰਹ ਮੋੜ ਕੇ ਕੌਮੀ ਹਰ ਕਾਜ ਵੱਲੋਂ ਬੇਰੁਖੀ ਦੇਖੀ ਗਈ ਤਾਂ 11.6.97 ਨੂੰ ਹੀ ਚਿਤਾਵਨੀ ਦਿੱਤੀ।

ਆਪਣੇ ਆਪ ਨੂੰ ਪੰਥ ਅਖਵਾਉਣ ਵਾਲੇ ਇਹਨਾਂ ਲੀਡਰਾਂ ਦਾ ਅਸਲ ਪੰਥਕ ਚਿਹਰਾ ਸਿਆਸੀ ਕੁਰਸੀ 'ਤੇ ਬੈਠਣ ਤੋਂ ਬਾਅਦ ਹੀ ਸਾਹਮਣੇ ਆਉਂਦਾ ਹੈ। ਜਦੋਂ ਇਹ ਸਿਆਸੀ ਸਤ੍ਹਾ 'ਤੇ ਨਹੀਂ ਹੁੰਦੇ ਤਾਂ ਹਰ ਗੈਰ-ਸਿੱਖ ਪ੍ਰਧਾਨ ਮੰਤਰੀ ਨੂੰ ਸਾਕਾ ਨੀਲਾ ਤਾਰਾ ਦੇ ਨਾਮ ਥੱਲੇ ਹੋਏ ਜ਼ੁਲਮ ਅਤੇ ਧਰਮ ਸਥਾਨਾਂ ਦੀ ਬੇ-ਅਦਬੀ ਲਈ ਮੁਆਫੀ ਮੰਗਣ ਅਤੇ ਹਜ਼ਾਰਾਂ ਨਿਰਦੋਸ਼ ਸ਼ਹੀਦ ਸਿੱਖਾਂ ਲਈ ਪਾਰਲੀਮੈਂਟ ਵਿੱਚ ਸ਼ੋਕ ਮਤਾ ਕਰਨ ਲਈ ਕੋਸਦੇ ਹਨ। ਪਰ ਜਦੋਂ ਖ਼ੁਦ ਸਰਕਾਰ ਬਣਾ ਕੇ ਸਿਆਸੀ ਕੁਰਸੀ 'ਤੇ ਬੈਠ ਜਾਂਦੇ ਹਨ ਤਾਂ ਉਹ ਅਭੁੱਲ ਕੌਮੀ ਦਿਹਾੜਾ ਇਹਨਾਂ ਨੂੰ ਆਪ ਭੁੱਲ ਜਾਂਦਾ ਹੈ। ਹੁਣ ਉਹਨਾਂ ਹੀ ਹਜ਼ਾਰਾਂ ਸ਼ਹੀਦਾਂ ਨੂੰ ਪ੍ਰਣਾਮ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇ-ਅਦਬੀ ਦੇ ਅਰਦਾਸ ਦਿਵਸ ਵਿੱਚ ਉਹ ਆਪ ਸ਼ਾਮਲ ਨਹੀਂ ਹੁੰਦੇ ਕਿਉਂਕਿ ਹੁਣ ਉਹ ਸਿੱਖ ਨਹੀਂ, ਹੁਣ ਤਾਂ ਉਹ ਸਰਕਾਰ ਹਨ। ਹਾਲਾਂਕਿ ਇਹ ਮੈਂ ਭੀ ਨਹੀਂ ਚਾਹੁੰਦਾ ਕਿ ਅਜਿਹੇ ਸਮਿਆਂ

'ਤੇ ਕੋਈ ਭੜਕਾਊ ਭਾਸ਼ਣ ਕਰਕੇ ਆਪਣੀ ਸਿਆਸੀ ਕਿੜ ਕੱਢੇ ਅਤੇ ਮਾਹੌਲ ਖਰਾਬ ਕਰੇ। ਇਸ ਪੱਖੋਂ ਸਿੰਘ ਸਾਹਿਬ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਬੜੀ ਯੋਗਤਾ ਅਤੇ ਦੂਰ-ਅੰਦੇਸ਼ੀ ਨਾਲ ਸਾਰਾ ਪ੍ਰੋਗਰਾਮ ਕੰਟ੍ਰੋਲ ਕੀਤਾ। ਪਰ ਜਿਹੜਾ ਪ੍ਰੋਗਰਾਮ ਕੇਵਲ ਧਾਰਮਿਕ ਮਾਹੌਲ ਵਿੱਚ ਇਕ ਅਰਦਾਸ ਦਿਵਸ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਸੀ, ਪੰਥਕ ਸਰਕਾਰ ਅਖਵਾਉਣ ਵਾਲਿਆਂ ਨੂੰ ਚੀਫ ਮਨਿਸਟਰ ਸਮੇਤ ਆਪ ਇਹ ਦਿਨ ਮਨਾਉਣ ਅਤੇ ਕਿਸੇ ਸ਼ਹੀਦ ਦਾ ਨਾਮ ਲਏ ਬਿਨਾਂ, ਜਿਨ੍ਹਾਂ ਨੇ ਧਰਮ ਅਸਥਾਨਾਂ ਦੀ ਰਾਖੀ ਲਈ ਆਪਾ ਵਾਰਿਆ ਉਨ੍ਹਾਂ ਸਰਬੱਤ ਸ਼ਹੀਦਾਂ ਨੂੰ ਪ੍ਰਣਾਮ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣਾ ਚਾਹੀਦਾ ਸੀ। ਦੋ ਦਿਨ ਬਾਅਦ ਦਲ ਦੀ ਪ੍ਰਧਾਨਗੀ ਚੋਣ ਲਈ ਆਪਣਾ ਸਾਰਾ ਲਾਮ ਲਸ਼ਕਰ ਲੈ ਕੇ ਦਰਬਾਰ ਸਾਹਿਬ ਆਇਆ ਜਾ ਸਕਦਾ ਹੈ ਤਾਂ ਕੌਮੀ ਅਰਦਾਸ ਦਿਵਸ 'ਤੇ ਕਿਉਂ ਨਹੀਂ। ਪਰ ਹੁਣ ਤਾਂ ਉਹਨਾਂ ਸ਼ਹੀਦਾਂ ਨੂੰ ਕਾਂਗਰਸ ਦੇ ਪੈਦਾ ਕੀਤੇ ਹੋਏ ਆਖ ਕੇ ਸਤਿਕਾਰ ਦੇਣ ਤੋਂ ਵੀ ਬਚਦੇ ਹਨ। ਇਹ ਠੀਕ ਹੈ ਕਿ ਸਰਕਾਰ ਨੇ ਕੁਝ ਲੋਕ ਸਿੱਖ ਨੌਜਵਾਨਾਂ ਵਿੱਚ ਪਲਾਂਟ ਕਰਕੇ ਕੁਝ ਭੋਲੇ ਸੰਘਰਸ਼ ਸ਼ੀਲ ਨੌਜਵਾਨਾਂ, ਜਿਨ੍ਹਾਂ ਨੂੰ ਇਹਨਾਂ ਸਿਆਸੀ ਲੋਕਾਂ ਦੇ ਹੱਥਕੰਡਿਆਂ ਦਾ ਪਤਾ ਨਹੀਂ ਸੀ, ਉਹਨਾਂ ਨੂੰ ਸਿੱਖੀ ਸਿਧਾਂਤ ਤੋਂ ਥਿੜਕਾਇਆ ਜਿਸ ਨਾਲ ਹਰ ਪੰਜਾਬ ਵਾਸੀ ਨੂੰ ਦੁਖ ਦੇਖਣੇ ਪਏ। ਪਰ ਇਸ ਨਾਲ ਧਰਮ ਸਥਾਨਾਂ ਦੀ ਰਾਖੀ ਅਤੇ ਸਿੱਖੀ ਬਾਣੀ ਬਾਣੇ ਦੇ ਭਵਿੱਖ ਲਈ ਆਪਾਂ ਵਾਰਨ ਵਾਲਿਆਂ ਨੂੰ ਵੀ ਕਾਂਗਰਸੀ ਆਖ ਕੇ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਅੱਜ ਅਜੀਬ ਸਮਾਂ ਦੇਖਣ ਨੂੰ ਮਿਲਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਖ਼ੁਸ਼ ਕਰਨ ਲਈ ਤੁਸੀਂ ਸ਼ਹੀਦਾਂ ਦੇ ਅਰਦਾਸ ਦਿਵਸ ਵਿੱਚ ਸ਼ਾਮਲ ਨਹੀਂ ਹੁੰਦੇ, ਉਹਨਾਂ ਦੇ ਸਾਥੀ ਸ਼ਿਵ ਸੈਨਾ ਵਾਲੇ ਦੂਜੇ ਪਾਸੇ ਦਰਬਾਰ ਸਾਹਿਬ 'ਤੇ ਹਮਲਾਵਰ ਹੋਈਆਂ ਫੋਰਸਾਂ ਨੂੰ ਸ਼ਹੀਦ ਕਹਿ ਕੇ ਸਨਮਾਨ ਕਰਨ ਲਈ ਹਿੰਦ ਸਰਕਾਰ ਨੂੰ ਸੱਦਾ ਦੇ ਰਹੇ ਹਨ। ਪਰ ਸਿਆਸੀ ਸੱਤਾ ਦੀ ਕੁਰਸੀ ਦੇ ਭਾਰ ਥੱਲੇ ਦਬ ਕੇ ਮਰ ਚੁਕੀ ਆਤਮਾ ਵਾਲੇ ਲੋਕ ਉਹਨਾਂ ਕੋਲੋਂ ਨਹੀਂ ਪੁੱਛਦੇ ਕਿ ਇਹ ਕਿਉਂ ?

ਮੈਂ ਮਹਿਸੂਸ ਕਰਦਾ ਹਾਂ ਕਿ ਪੰਥਕ ਆਗੂ ਅਖਵਾਉਣ ਵਾਲੇ ਕੁਝ ਲੋਕ ਅਗਿਆਨਤਾ, ਖ਼ੁਦਗਰਜ਼ੀ ਅਤੇ ਸਿਆਸੀ ਸੱਤਾ ਦੀ ਭੁੱਖ ਕਾਰਨ ਜਿਸ ਦਿਸ਼ਾ ਵੱਲ ਮੋੜ ਕੱਟ ਰਹੇ ਹਨ ਅਤੇ ਕੌਮ ਨੂੰ ਲੈਕੇ ਜਿੱਥੇ ਪਹੁੰਚਣ ਵਾਲੇ ਹਨ, ਉੱਥੇ ਕੌਮੀ ਭਵਿੱਖ ਕੀ ਹੋਵੇਗਾ ? ਇਸ ਲਈ ਰੱਬੀ ਦਰਗਾਹ ਵਿੱਚ ਤਾਂ ਉਹ ਜੁਆਬ ਦੇਹ ਹੋਣਗੇ ਹੀ, ਪਰ ਇਤਿਹਾਸ ਦੀਆਂ ਲਾਈਨਾਂ ਦੀਆਂ ਜੰਜ਼ੀਰਾਂ ਵਿੱਚ ਜਕੜੇ ਇਹ ਘਿਣਾਉਣੇ ਦੋਸ਼ੀ ਆਗੂ ਕੌਮ ਦੇ ਕਟਿਹਰੇ ਵਿੱਚ ਵੀ ਪੇਸ਼ ਕੀਤੇ ਜਾਣਗੇ। ਪਰ ਅਫਸੋਸ ਕਿ ਉਦੋਂ ਤਕ ਕੌਮ ਦਾ ਧਾਰਮਿਕ, ਸਮਾਜਿਕ ਅਤੇ ਸਿਆਸੀ ਐਨਾ ਨੁਕਸਾਨ ਹੋ ਚੁਕਾ ਹੋਵੇਗਾ ਜੋ ਸਦੀਆਂ ਤਕ ਪੂਰਾ ਕਰਨਾ ਮੁਸ਼ਕਿਲ ਹੋਵੇਗਾ। ਇਸੇ ਲਈ ਸਤਿਗੁਰੂ ਜੀ ਗੁਰਬਾਣੀ ਵਿੱਚ ਕਹਿੰਦੇ ਹਨ -

"ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ"

ਪੰਜਾਬ ਅਸੈਂਬਲੀ ਵਿੱਚ ਮੱਕਾ ਅਤੇ ਜਬਲਪੁਰ ਵਿੱਚ ਹੋਏ ਦੁਖਾਂਤ ਵਿੱਚ ਮਰਨ ਵਾਲਿਆਂ ਲਈ ਸ਼ੋਕਮਤਾ ਤਾਂ ਹੋ ਸਕਦਾ ਹੈ ਪਰ 1984 ਵਿੱਚ ਦਰਬਾਰ ਸਾਹਿਬ ਵਿਖੇ ਸੰਗਤ

ਰੂਪ ਵਿੱਚ ਇਕੱਤਰ ਹੋਏ ਹਜ਼ਾਰਾਂ ਲੋਕਾਂ ਦੀਆਂ ਸ਼ਹੀਦੀਆਂ ਅਤੇ '84 'ਚ ਦੇਸ਼ ਭਰ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਲਈ ਇਸ ਅਖੌਤੀ ਪੰਥਕ ਸਰਕਾਰ ਨੇ ਸ਼ੋਕ ਮਤੇ ਦੇ ਦੋ ਲਫਜ਼ ਵੀ ਪੇਸ਼ ਨਾ ਕੀਤੇ। ਕਿਉਂਕਿ ਹੁਣ ਉਹ ਸਿੱਖ ਨਹੀਂ, ਸਰਕਾਰ ਹਨ।

❖

ਇਹ ਹੁਕਮਨਾਮੇ

ਕਿਸੇ ਜੱਥੇਦਾਰ ਦੇ ਨਹੀਂ ਬਲਕਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ,

ਇਸ ਲਈ ਇਨ੍ਹਾਂ ਨੂੰ ਬਿਨਾ ਸ਼ੰਕਾ

ਹਰ ਗੁਰਸਿੱਖ ਨੂੰ

ਮੰਨਣਾ ਚਾਹੀਦਾ ਹੈ।

ੴ ਸਤਿਗੁਰ ਪ੍ਰਸਾਦਿ।।

ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਲੋਂ ਸਮੂਚੇ ਪੰਥ ਦੇ ਨਾਮ ਜਾਰੀ ਕੀਤਾ ਗਿਆ ਪਵਿੱਤਰ

ਹੁਕਮਨਾਮਾ

ਮਹਲਾ ੧ ਪੰਨਾ ੫੫੬

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।।
ਨਾਰਦਿ ਕਹਿਆ ਸਿ ਪੂਜ ਕਰਾਂਹੀ।।
ਅੰਧੇ ਗੁੰਗੇ ਅੰਧ ਅੰਧਾਰੁ।।
ਪਾਥਰ ਲੇ ਪੂਜਹਿ ਮੁਗਧ ਗਵਾਰ।।
ਓਹਿ ਜਾ ਆਪ ਡੁਬੇ ਤੁਮ ਕਹਾ ਤਰਣਹਾਰੁ।।

ਭਾਵਅਰਥ -

ਹਿੰਦੂ ਮੂਲੋਂ ਹੀ (ਮੁਢੋਂ ਹੀ) ਭੁੱਲ ਗਿਆ (ਕੁਰਾਹੇ ਪੈ ਗਿਆ) ਹੈ। ਹਿੰਦੂ ਨੇ ਨਾਰਦ ਨੂੰ ਭਾਵ ਬ੍ਰਾਹਮਣ ਨੂੰ ਅਪਣਾ ਧਾਰਮਿਕ ਆਗੂ (ਗੁਰੂ) ਮੰਨ ਲਿਆ ਹੈ **"ਸਿਖਾਂ ਕੰਨ ਚੜ੍ਹਾਈਆਂ ਗੁਰ ਬਾਹਮਣ ਥੀਆ"**। ਬ੍ਰਾਹਮਣ ਨੇ ਧਾਰਮਿਕ ਵਿਦਿਆ ਪੜ੍ਹਨ ਪੜ੍ਹਾਉਨ ਦਾ ਹੱਕ ਸਭ ਅਪਣੇ ਲਈ ਰਾਖਵਾਂ ਕਰਕੇ ਹਿੰਦੂ ਨੂੰ ਗਿਆਨ ਦੀ ਰੌਸ਼ਨੀ ਤੋਂ ਅੰਨ੍ਹਾ ਰੱਖਿਆ, ਇਸ ਲਈ ਹਿੰਦੂ ਧਾਰਮਿਕ ਤੌਰ 'ਤੇ ਕੇਵਲ ਬ੍ਰਾਹਮਣ ਦੀ ਅਗਵਾਈ ਦੇ ਮੁਥਾਜ ਹੋ ਗਿਆ। ਦਾਨ ਦੇ ਨਾਮ ਹੇਠ ਬ੍ਰਾਹਮਣ ਵਲੋਂ ਕੀਤੀ ਜਾਂਦੀ ਲੁੱਟ-ਖਸੁੱਟ ਅਤੇ ਦੇਵ ਦਾਸੀਆਂ ਦੇ ਨਾਮ ਹੇਠ ਹਿੰਦੂ ਬੱਚੀਆਂ ਦੀ ਬ੍ਰਾਹਮਣ ਵਲੋਂ ਕੀਤੀ ਜਾਂਦੀ ਬੇਪਤੀ ਦੇ ਸਾਹਮਣੇ ਹਿੰਦੂ ਸਦੀਆਂ ਤੋਂ ਖਾਮੋਸ਼ ਹੈ ਭਾਵ ਗੂੰਗਾ ਹੋ ਚੁੱਕਾ ਹੈ "ਅੰਧੇ ਗੁੰਗੇ ਅੰਧ ਅੰਧਾਰੁ"। ਵਿੱਦਿਆ ਦਾ ਹੱਕ ਬ੍ਰਾਹਮਣ ਨੇ ਰੱਖਿਆ ਅਤੇ ਪੱਥਰ ਪੂਜਾ ਵੱਲ ਲਾ ਕੇ ਹਿੰਦੂ ਜਨਤਾ ਨੂੰ ਅਗਿਆਨੀ ਅਤੇ ਗਵਾਰ ਬਣਾਕੇ ਰਖਿਆ ਤਾਂ ਕਿ ਅਗਿਆਨਤਾ ਵੱਸ ਜਨਤਾ ਉਹਦੀ ਆਚਰਣ ਹੀਨਤਾ ਨੂੰ ਪਛਾਣ ਨਾ ਸਕੇ। ਇਸ ਤਰ੍ਹਾਂ ਹਿੰਦੂ ਧਾਰਮਿਕ ਪਖੋਂ ਬ੍ਰਾਹਮਣ ਦੇ ਸਾਹਮਣੇ ਬੇਬਸ ਹੋ ਕੇ ਰਹਿ ਗਿਆ **"ਪਾਥਰ ਲੇ ਪੂਜਹਿ ਮੁਗਧ ਗਵਾਰ।। ਓਹਿ ਜਾ ਆਪਿ ਡੁਬੇ ਤੁਮ ਕਹਾਂ ਤਰਣਹਾਰੁ।।"**

ਪਰ ਸਿੰਘ ਨੂੰ ਗੁਰੂ ਨੇ ਸਿੱਧਾ ਰੱਬ ਨਾਲ ਜੋੜਦਿਆਂ **"ਵਾਹਿਗੁਰੂ ਜੀ ਕਾ ਖ਼ਾਲਸਾ"** ਬਣਾਇਆ ਅਤੇ ਹੁਕਮ ਕਰ ਦਿੱਤਾ

"ਜਬ ਇਹ ਗਹਿ ਬਿਪਰਨ ਕੀ ਰੀਤ। ਮੈ ਨਾ ਕਰੋਂ ਇਨ ਕੀ ਪਰਤੀਤ।",

"ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।।"

ਇਉਂ ਬ੍ਰਾਹਮਣ ਦੀ ਅਗਵਾਈ ਅਤੇ ਪੱਥਰ ਪੂਜਾ ਨੂੰ ਨਾ ਮੰਨਣ ਵਾਲਾ ਅਤੇ ਕੇਵਲ ਗੁਰੂ ਸ਼ਬਦ ਦੀ ਅਗਵਾਈ ਵਿੱਚ ਚਲਣ ਵਾਲਾ ਗੁਰਸਿੱਖ ਮੀਤ ਨਾ ਕਦੇ ਹਿੰਦੂ ਸੀ, ਨਾ ਹੈ, ਤੇ ਨਾ ਕਦੇ ਹਿੰਦੂ ਹੋਵੇਗਾ।

ੴ ਸਤਿਗੁਰ ਪ੍ਰਸਾਦਿ।।

ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਵਲੋਂ ਸਮੂਚੇ ਪੰਥ ਦੇ ਨਾਮ ਜਾਰੀ ਕੀਤਾ ਗਿਆ ਪਵਿੱਤਰ

ਹੁਕਮਨਾਮਾ

ਗਉੜੀ ਕੀ ਵਾਰ ਮਹਲਾ ੪ ਪੰਨਾ ੩੧੭

ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੇ ਸਤਿਗੁਰ ਭਾਵੈ।।
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ।।
ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ
ਗੁਰਸਿਖਾਂ ਕੀ ਘਾਲ ਥਾਇ ਪਾਵੈ।।
ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮ ਕਰਾਇਆ ਲੋੜੈ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ।।
ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ
ਕਮਾਵੈ।।
ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ।।
ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ।।
ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ।।

ਭਾਵਅਰਥ -

ਸਤਿਗੁਰ ਦੇ ਅੰਦਰ ਦੀ ਵਿਚਾਰਧਾਰਾ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ? ਗੁਰਸਿੱਖਾਂ ਅੰਦਰ ਗੁਰੂ, ਸਿਧਾਂਤ ਰੂਪ ਹੋ ਕੇ ਵਰਤ ਰਿਹਾ ਹੈ। ਇਸ ਲਈ ਸਿੱਖਾਂ ਨੂੰ ਪਿਆਰ ਕਰਨ ਵਾਲਾ, ਗੁਰੂ ਖ਼ੁਸ਼ੀ ਪ੍ਰਾਪਤ ਕਰਦਾ ਹੈ। ਕਿਉਂਕਿ ਗੁਰੂ ਦੇ ਹੁਕਮ ਅੰਦਰ ਜੀਵਨ ਬਿਤਾਉਣ ਕਰਕੇ ਗੁਰਸਿੱਖ ਦੀ ਜੀਵਨ ਘਾਲ ਥਾਇ ਪੈਂਦੀ ਹੈ। ਗੁਰੂ ਦੇ ਹੁਕਮਾਂ ਦੇ ਉਲਟ ਪ੍ਰੇਰਣਾ ਦੇ ਕੇ ਸਿੱਖਾਂ ਕੋਲੋਂ ਕੰਮ ਕਰਾਉਣ ਵਾਲੇ ਦੇ ਗੁਰਸਿੱਖ ਨੇੜੇ ਨਹੀਂ ਬਹਿੰਦਾ। ਗੁਰਸਿੱਖ ਹਮੇਸ਼ਾਂ ਗੁਰੂ ਅਨੁਸਾਰ ਜੀਵਨ, ਗੁਰਸਿੱਖਾਂ ਦੀ ਸੇਵਾ ਅਤੇ ਸੰਗਤ ਕਰਦਾ ਹੈ। ਭੇਖਧਾਰੀ, ਠੱਗੀ ਨਾਲ ਗੁਰੂ ਸਿਧਾਂਤ ਵਿੱਚ ਭਰਮ-ਭੁਲੇਖੇ ਪੈਦਾ ਕਰਨ ਵਾਲੇ ਲੋਕਾਂ ਦੇ, ਸਿੱਖ ਨੇੜੇ ਵੀ ਨਹੀਂ ਜਾਂਦੇ। ਇਹ ਰੱਬੀ ਵਿਚਾਰ ਗੁਰੂ ਨਾਨਕ ਆਖ ਰਿਹਾ ਹੈ, ਕਿ ਸਿੱਖਾਂ ਨੂੰ ਮਨਮਤ ਰਾਹੀਂ ਗੁਰੂ ਸਿਧਾਂਤ ਰੂਪ ਤੋਂ ਉਲਟ ਕੰਮ ਕਰਨ ਵਾਲਾ ਮਨੁੱਖ ਵੱਡੇ ਦੁੱਖ ਪਾਉਂਦਾ ਹੈ।

ਸੰਦੇਸ਼

ਸਿੱਖੀ ਦੇ ਸਿਰ ਮੰਡਰਾ ਰਹੇ ਇੱਕ ਭਿਆਨਕ ਖ਼ਤਰੇ R.S.S. (ਰਾਸ਼ਟਰੀ ਸਿੱਖ ਸੰਗਤ) ਜੋ ਅਮਰਵੇਲ ਵਾਂਗੂ ਸਿੱਖ ਜਗਤ 'ਤੇ ਛਾ ਰਹੀ ਹੈ, ਸਿੱਖ ਦੀ ਆਪਣੀ ਅੱਡਰੀ ਪਛਾਣ, ਅੱਡਰੀ ਹੋਂਦ, ਅੱਡਰਾ ਸਿੱਖ ਸਿਧਾਂਤ ਨਿਗਲ ਜਾਣਾ ਚਾਹੁੰਦੀ ਹੈ। ਦੇਸ਼-ਵਿਦੇਸ਼ਾਂ ਵਿੱਚ ਅਤੇ ਪੰਜਾਬ ਦੇ ਪਿੰਡ-ਪਿੰਡ ਵਿੱਚ ਇਸ ਦੀਆਂ ਸ਼ਾਖਾਵਾਂ ਕਾਇਮ ਹੋ ਗਈਆਂ ਹਨ, ਭੋਲੇ-ਭਾਲੇ ਸਿੱਖ ਇਹਨਾਂ ਦੇ ਮੈਂਬਰ ਬਣ ਰਹੇ ਹਨ ਤੇ ਪਿੱਛੇ ਬੈਠੀਆਂ ਸਿਆਸੀ ਸ਼ਕਤੀਆਂ ਇਹਨਾਂ ਰਾਹੀਂ ਅਣਗਿਣਤ ਸਰਮਾਇਆ ਖ਼ਰਚ ਕਰ ਰਹੀਆਂ ਹਨ। ਲਾਲਚੀ ਬਿਰਤੀ ਵਾਲੇ ਕੁਝ ਸਿੱਖ ਚਿਹਰੇ ਵੀ ਇਸ ਕਾਜ ਲਈ ਵਰਤੇ ਜਾ ਰਹੇ ਹਨ। ਬੜੀ ਦੇਰ ਤੋਂ ਉਡੀਕ ਰਿਹਾ ਸਾਂ ਕਿ ਜ਼ਿੰਮੇਵਾਰ ਸਿੱਖ ਲੀਡਰ ਜਾਂ ਧਾਰਮਿਕ ਪਦਵੀਆਂ 'ਤੇ ਬੈਠੇ ਲੋਕ ਇਸ ਖ਼ਤਰਨਾਕ ਸਾਜਿਸ਼ ਤੋਂ ਬਚਣ ਲਈ ਕੌਮ ਨੂੰ ਹਲੂਣਾ ਦੇਣਗੇ। ਭਲਾ ਸਿਆਸੀ ਲੋਕਾਂ ਨੂੰ ਸਿਆਸੀ ਭਾਈਵਾਲੀ ਦੀ ਮੁਥਾਜੀ ਤਾਂ ਮਜ਼ਬੂਰੀ ਹੋ ਸਕਦੀ ਹੈ ਪਰ ਪਿਛਲੇ ਸਮੇਂ ਵਿੱਚ ਤਖ਼ਤਾਂ ਦੇ ਜੱਥੇਦਾਰਾਂ ਵੱਲੋਂ ਬੜੀ ਤੇਜ਼ੀ ਨਾਲ ਅਨੇਕਾਂ ਐਸੇ ਹੁਕਮਨਾਮੇ ਤਾਂ ਜਾਂਰੀ ਕੀਤੇ ਗਏ ਜਿਨ੍ਹਾਂ ਕਾਰਨ ਕਈ ਥਾਵੇਂ ਕੌਮੀ ਨੁਕਸਾਨ ਅਤੇ ਬੇਲੋੜਾ ਵਿਵਾਦ ਪੈਦਾ ਹੋਇਆ ਪਰ ਪੰਥ ਦੀਆਂ ਜ਼ਿੰਮੇਵਾਰ ਪਦਵੀਆਂ 'ਤੇ ਬੈਠੇ ਲੋਕ ਪਤਾ ਨਹੀਂ ਕਿਉਂ ਇਸ ਵਿਸ਼ੇ 'ਤੇ ਖਾਮੋਸ਼ ਹਨ। ਜੇ ਹੋਰ ਉਡੀਕਦਾ ਰਿਹਾ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ, ਇਹ ਸੋਚ ਕੇ ਆਖਰ ਪੰਥ ਦੇ ਦਰਵਾਜ਼ੇ ਦਾ ਚੌਕੀਦਾਰ ਹੋਣ ਦੇ ਨਾਤੇ ਗੁਰੂ ਨਾਨਕ ਤੋਂ ਗੁਰੂ ਦਸਮ ਪਾਤਸ਼ਾਹ ਜੀ ਤਕ

ਸਿਰਜੀ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਝੋਲੀ ਪਾਈ ਸਮੁੱਚੀ ਸਿੱਖੀ ਨੂੰ ਦਿਲ ਦੀਆਂ ਡੂੰਘਾਈਆਂ ਵਿਚੋਂ ਉੱਚੀ ਆਵਾਜ਼ ਰਾਹੀਂ ਸੰਦੇਸ਼ ਦੇ ਰਿਹਾ ਹਾਂ -

'ਅਗਰ ਕਿਸ਼ਤੀ ਹੋ ਤੂਫਾਂ ਮੇਂ ਤੋ ਕਾਮ ਆਤੀ ਹੈ ਤਦਬੀਰੇਂ,
ਅਗਰ ਕਿਸ਼ਤੀ ਮੇਂ ਤੂਫਾਂ ਹੋ ਤੋ ਮਿਟ ਜਾਤੀ ਹੈਂ ਤਕਦੀਰੇਂ।'

ਸਿੱਖੀ ਦੇ ਵਾਰਸੋ, ਸੁਚੇਤ ਹੋ ਜਾਵੋ ! ਤੁਹਾਡੀ ਅੱਡਰੀ ਨਿਆਰੀ ਹੋਂਦ ਨੂੰ ਖਤਮ ਕਰਨ ਲਈ ਅਨੇਕ ਤਰ੍ਹਾਂ ਦੀਆਂ ਮਨਘੜਤ ਦਲੀਲਾਂ ਰਾਹੀਂ ਸਿੱਖ ਨੂੰ ਹਿੰਦੂ ਆਖ ਕੇ ਗੁਮਰਾਹ ਕਰਨ ਵਾਲੀ ਸਾਜਸ਼ੀ ਆਵਾਜ਼ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇ ਰਹੀ ਹੈ। ਦੇਖਿਓ ! ਜਿਸ ਉੱਤਮ ਮਤ ਵਿੱਚ ਗੁਰੂ ਸ਼ਬਦ ਬੈਠਾ ਹੋਵੇ, ਉਸ ਮਤ ਦਾ ਦਰਵਾਜ਼ਾ ਇਸ ਆਵਾਜ਼ ਲਈ ਨਾ ਖੋਲਿਓ -

"ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥
ਮੂੰਦ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥"

ਇਹਨਾਂ ਨੂੰ ਜੁਆਬ ਵਿੱਚ ਸਮਝਾ ਦਿਓ ਕਿ ਸਰਬੱਤ ਦਾ ਭਲਾ ਮੰਗਣ ਵਾਲਾ ਗੁਰਸਿੱਖ - ਹਿੰਦੂ, ਮੁਸਲਮਾਨ, ਈਸਾਈ ਸਭ ਨਾਲ ਪਿਆਰ ਕਰਦਾ ਹੈ। ਸਭ ਦੇ ਦੁੱਖ ਵੇਲੇ ਕੁਰਬਾਨੀ ਦੇ ਸਕਦਾ ਹੈ ਪਰ ਸਿੱਖ ਕੇਵਲ ਸਿੱਖ ਹੈ, ਸਿੱਖ ਹਿੰਦੂ ਜਾਂ ਕੁਝ ਹੋਰ ਨਹੀਂ ਹੈ।

ਦਾਸ ਚੈਲੇਂਜ ਨਾਲ ਕਿਸੇ ਇੱਕ ਵੱਡੀ ਕੌਮੀ ਸਟੇਜ 'ਤੇ ਕਿਸੇ ਨਾਲ ਵੀ ਇਸ ਵਿਸ਼ੇ 'ਤੇ ਖੁੱਲ੍ਹੇ ਵਿਚਾਰ-ਵਟਾਂਦਰੇ ਲਈ ਤਿਆਰ ਹੈ ਕਿ ਸਿੱਖ ਹਿੰਦੂ ਨਹੀਂ ਹੈ।

ਵੀਰੋ ! ਜੇ ਸਿੱਖ ਵਿੱਚ ਇਹ ਦ੍ਰਿੜਤਾ ਨਾ ਰਹੀ ਤਾਂ ਇਹਨਾਂ ਗੁਰੂ ਬਚਨਾਂ ਦਾ ਕੀ ਅਰਥ ਹੋਵੇਗਾ .....

"ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ॥ ਮੈ ਨਾ ਕਰੋਂ ਇਨ ਕੀ ਪਰਤੀਤ॥",
"ਨਾ ਹਮ ਹਿੰਦੂ ਨ ਮੁਸਲਮਾਨ॥"

❖



ਜਨਮ	: 26 ਨਵੰਬਰ 1940, ਪਿੰਡ ਸੂਰਾ ਸਿੰਘ ਵਾਲਾ, ਜ਼ਿਲਾ ਮਿੰਟ ਗੁਮਰੀ, ਪਾਕਿਸਤਾਨ।
ਮਾਪ	: ਮਾਤਾ ਹਰਬੰਸ ਕੌਰ ਜੀ ਤੇ ਪਿਤਾ ਗਿਆਨੀ ਗੁਰਬਖਸ਼ ਸਿੰਘ ਜੀ।
ਪਰਿਵਾਰ	: ਸਰਦਾਰਨੀ ਮਨਜੀਤ ਕੌਰ (ਸੁਪਤਨੀ), 2 ਪੁੱਤਰ ਤੇ 2 ਧੀਆਂ।
ਮੁਢਲੀ ਵਿੱਦਿਆ	: ਭਾਈ ਅਰਜਨ ਸਿੰਘ ਜੀ (ਨਾਨਾ ਜੀ) ਕੋਲੋਂ ਧਾਰਮਿਕ ਵਿੱਦਿਆ ਲਈ ਅਤੇ ਗੁਰਬਾਣੀ ਕੀਰਤਨ ਨੌਂ ਸਾਲ ਦੀ ਉਮਰ ਵਿੱਚ ਸ਼ੁਰੂ ਕੀਤਾ।
ਗੁਰਮਤਿ ਗਿਆਨ	: ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ।
ਧਾਰਮਿਕ ਪ੍ਰੇਰਨਾ	: ਪਰਿਵਾਰਿਕ ਵਿਰਸਾ ਅਤੇ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੀ ਸੰਗਤ ਵਿੱਚੋਂ।
ਰਾਗ ਵਿੱਦਿਆ	: - ਰਘੁਨਾਥ ਤਲੇਗਾਂਵਕਰ, ਆਗਰਾ ਅਤੇ ਪੰਡਤ ਭੀਮਸੈਨ ਸ਼ਰਮਾ, ਫਰੀਦਕੋਟ। - ਨੈਸ਼ਨਲ ਮਿਊਜ਼ਿਕ ਕਾਲਜ ਲੁਧਿਆਣਾ ਰਾਹੀਂ ਬੀ.ਏ. ਪ੍ਰਭਾਕਰ, ਪ੍ਰਯਾਗ ਯੂਨਿਵਰਸਿਟੀ ਅਲਾਹਾਬਾਦ ਤੋਂ।
ਅਵਾਰਡ	: - ਸ਼੍ਰੋਮਣੀ ਰਾਗੀ 1986 ਪੰਜਾਬ ਸਰਕਾਰ ਭਾਸ਼ਾ ਵਿਭਾਗ। - ਭਾਈ ਗੁਰਦਾਸ ਪੁਰਸਕਾਰ ਲਾਸ ਐਂਜਲਸ ਯੂ.ਐਸ.ਏ.। - ਮਾਨਵਤਾ ਅਵਾਰਡ 2000 'ਮਾਨਵਤਾ ਦੇ ਸੇਵਕ' ਸੰਸਥਾ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਆਈ. ਕੇ. ਗੁਜਰਾਲ ਪਾਸੋਂ। - ਪੰਥ ਰਤਨ ਪੁਰਸਕਾਰ ਭਾਈ ਮਰਦਾਨਾ ਕੀਰਤਨ ਦਰਬਾਰ ਸੋਸਾਇਟੀ ਫਿਰੋਜ਼ਪੁਰ।
ਆਨਰੇਰੀ ਸਨਮਾਨ	: 'ਚੀਫ ਸਿੱਖ ਮਿਸ਼ਨਰੀ' ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਗਵਰਨਰ ਕੈਲੀਫੋਰਨੀਆ, ਮੇਅਰ ਓਕਲੈਂਡ ਯੂ.ਐਸ.ਏ. ਅਤੇ ਦੇਸ਼-ਵਿਦੇਸ਼ ਦੀਆਂ ਹੋਰ ਕਈ ਸੰਸਥਾਵਾਂ ਵੱਲੋਂ।
ਕੌਮੀ ਖਜ਼ਾਨਾ	: 1000 ਤੋਂ ਉੱਤੇ ਵੱਖ-ਵੱਖ ਸ਼ਬਦਾਂ ਦੀਆਂ ਆਡੀਓ, ਵੀਡੀਓ ਕੈਸਟਾਂ, ਐਲ.ਪੀ. ਤੇ ਸੀ.ਡੀ.।
ਲਿਖਤ ਰਾਹੀਂ ਸੇਵਾ	: ਮੈਗਜ਼ੀਨ 'ਸਿੱਖ ਥਾਟ' ਅਤੇ ਹਥਲੀ ਪੁਸਤਕ 'ਉਜਾਰੋ ਦੀਪਾ'।
ਕੀਰਤਨ ਰਾਹੀਂ ਸੇਵਾ	: ਦੇਸ਼ ਦੇ ਹਰੇਕ ਹਿੱਸੇ ਤੋਂ ਇਲਾਵਾ ਇੰਗਲੈਂਡ, ਅਮਰੀਕਾ, ਕੈਨੇਡਾ, ਮੈਕਸੀਕੋ, ਜਰਮਨੀ, ਨੌਰਵੇ, ਹੌਲੈਂਡ, ਬੈਲਜੀਅਮ, ਸਵਿਟਜ਼ਰਲੈਂਡ, ਸਿੰਗਾਪੁਰ, ਆਸਟ੍ਰੀਆ, ਥਾਈਲੈਂਡ, ਦੁਬਈ, ਮਲੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ, ਮਸਕਟ, ਬਹਿਰੀਨ, ਆਬੂ-ਧਬੀ ਆਦਿ।

ਗੁਰੂ ਗ੍ਰੰਥ ਸਾਹਿਬ ਅਤੇ ਪੰਥ ਵੱਲੋਂ ਮਹਾਨ ਬਖ਼ਸ਼ਿਸ਼ :

ਜੁਗੋ ਜੁਗ ਅਟੱਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ

(ਨਵੰਬਰ 1986 ਤੋਂ ਮਾਰਚ 1988 ਅਤੇ
ਅਕਤੂਬਰ 1988 ਤੋਂ ਜੂਨ 1990 ਤਕ - ਤਕਰੀਬਨ ਤਿੰਨ ਸਾਲ)

ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਵੱਲੋਂ ਇਸ ਪਹਿਲੀ ਪੁਸਤਕ ਵਿੱਚ ਗੁਰਮਤਿ ਗੁਰਬਾਣੀ ਦਾ 'ਉਜਾਰੋ ਦੀਪਾ' ਲੈ ਕੇ ਅੱਜ ਦੇ ਮਨੁੱਖ ਨੂੰ ਜਿੱਥੇ ਗੁਰਮਤਿ ਸਿਧਾਂਤ ਦੇ ਫੁੱਲਾਂ ਦੀ ਖ਼ੂਬਸੂਰਤੀ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਉੱਥੇ ਉਸਦੇ ਆਪਣੇ ਹੱਥੀਂ ਵਿਹੜੇ ਵਿੱਚ ਖਿਲਾਰੇ ਕੰਡਿਆਂ ਦੀ ਪਛਾਣ ਕਰਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।

SIKH FOUNDATION
A-35 Lajpat Nagar-I, New Delhi-24, India.

ISBN 81-7873-001-4